ਬੁੱਧਵਾਰ, 19 ਅਪ੍ਰੈਲ, 2023
6 ਵਿਸਾਖ { ਨਾਨਕਸ਼ਾਹੀ 555, ਬਿਕਰਮੀ 2080 }
ਜਿਲਦ/VOL. : 71
ਅੰਕ/NO. : 318

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 19 APRIL, 2023

ਜਲੰਧਰ

nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

## ਭਾਅ 'ਚ ਕੱਟ ਖਿਲਾਫ ਦਿਖਾਇਆ ਟ੍ਰੇਲਰ

### ਕਿਸਾਨਾਂ ਵੱਲੋਂ ਚਾਰ ਘੰਟੇ ਰੇਲ ਚੱਕਾ ਜਾਮ



ਫਿਲੌਰ

**ਚੰਡੀਗੜ੍ਹ** : ਭਾਰੀ ਮੀਂਹ, ਤੂਫਾਨ ਤੇ ਗੜੇਮਾਰੀ ਨਾਲ ਫਸਲਾਂ ਤੇ ਹੋਰ ਜਾਇਦਾਦ ਦੀ ਹੋਈ ਤਬਾਹੀ ਸੰਬੰਧੀ ਮੰਗਾਂ ਨੂੰ ਲੈ ਕੇ ਪੰਜਾਬ 'ਚ ਮੰਗਲਵਾਰ ਚਾਰ ਘੰਟਿਆਂ ਲਈ ਕਿਸਾਨ ਜਥੇਬੰਦੀਆਂ ਨੇ ਰੇਲਾਂ ਦਾ ਮੁਕੰਮਲ ਚੱਕਾ ਜਾਮ ਕੀਤਾ। ਇਸ ਦਾ ਸੱਦਾ ਸੰਯੁਕਤ ਕਿਸਾਨ ਮੋਰਚੇ ਨੇ ਕਣਕ ਦੇ ਦਾਗੀ ਤੇ ਪਿਚਕੇ ਦਾਣਿਆਂ ਦੇ ਬਹਾਨੇ ਐੱਮ ਐੱਸ ਪੀ 'ਚ ਕਟੌਤੀ ਕਰਨ ਦੇ ਕੇਂਦਰ ਸਰਕਾਰ ਦੇ ਕਿਸਾਨ ਮਾਰੂ ਫੈਸਲੇ ਨੂੰ ਤੁਰੰਤ ਵਾਪਸ ਕਰਾਉਣ ਲਈ ਦਿੱਤਾ ਸੀ।

ਫਿਲੌਰ ਰੇਲਵੇ ਸਟੇਸ਼ਨ 'ਤੇ ਕਿਸਾਨਾਂ ਨੇ ਕੁਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਵੱਲੋਂ ਸੁਰਜੀਤ ਸਿੰਘ ਸਮਰਾ, ਕੁਲਜੀਤ ਸਿੰਘ, ਬਲਵਿੰਦਰ ਸਿੰਘ ਸਾਬੀ, ਰਣਜੀਤ ਸਿੰਘ, ਤਰਸੇਮ ਸਿੰਘ ਢਿੱਲੋਂ, ਸਵਰਨ ਸਿੰਘ ਅਕਲਪੁਰੀ ਦੀ ਪ੍ਰਧਾਨਗੀ ਹੇਠ ਧਰਨਾ ਲਗਾ ਕੇ ਚੱਕਾ ਜਾਮ ਕੀਤਾ।

ਸੰਤੋਖ ਸਿੰਘ ਸੰਧੂ, ਇਕਬਾਲ ਸਿੰਘ ਢਾਡੀ, ਸੁਰਿੰਦਰ ਸਿੰਘ ਬੈਂਸ, ਜਸਵੰਤ ਸਿੰਘ ਕਾਹਲੋਂ, ਸੰਤੋਖ ਸਿੰਘ ਬਿਲਗਾ, ਕੁਲਦੀਪ ਫਿਲੌਰ, ਸਰਬਜੀਤ ਸੰਗੋਵਾਲ, ਗੁਰਨਾਮ ਸਿੰਘ ਤੱਗੜ, ਕੇਵਲ ਸਿੰਘ ਤਲਵਣ, ਪਵਿੱਤਰ ਸਿੰਘ ਜੌਹਲ ਤੇ ਗੁਰਕੰਵਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇ ਸਰਕਾਰ ਨੇ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਮੋਰਚੇ ਵੱਲੋਂ ਅਗਲਾ ਵੱਡਾ ਐਕਸ਼ਨ ਐਲਾਨਿਆ ਜਾਵੇਗਾ।

(ਐਕਸ਼ਨ ਦੀਆਂ ਹੋਰ ਖ਼ਬਰਾਂ ਅੰਦਰ ਪੜ੍ਹੋ)

### ਵਿਧਾਇਕ ਕੋਟਫੱਤਾ ਤੇ ਪੀ ਏ ਖਿਲਾਫ ਚਲਾਨ ਪੇਸ਼

**ਚੰਡੀਗੜ੍ਹ** : ਪੰਜਾਬ ਵਿਜੀਲੈਂਸ ਬਿਊਰੋ ਨੇ ਬਠਿੰਡਾ ਦਿਹਾਤੀ ਦੇ 'ਆਪ' ਵਿਧਾਇਕ ਅਮਿਤ ਰਤਨ ਕੋਟਫੱਤਾ ਅਤੇ ਉਸ ਦੇ ਪੀ ਏ ਰਸ਼ਿਮ ਗਰਗ ਦੇ ਖਿਲਾਫ ਭ੍ਰਿਸ਼ਟਾਚਾਰ ਰੋਕੂ ਤਹਿਤ ਬਠਿੰਡਾ ਅਦਾਲਤ 'ਚ ਚਲਾਣ ਪੇਸ਼ ਕਰ ਦਿੱਤਾ ਹੈ। ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ 16 ਫਰਵਰੀ ਨੂੰ ਵਿਧਾਇਕ ਦੇ ਪੀ ਏ ਨੂੰ ਚਾਰ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਸੀ। ਵਿਧਾਇਕ ਨੂੰ ਵੀ ਫਰਵਰੀ ਨੂੰ ਇਸ ਮਾਮਲੇ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ ਕਿਉਂਕਿ ਪੀ ਏ ਨੇ ਵਿਧਾਇਕ ਦੇ ਨਾਂ ਉਤੇ ਹੀ ਇਹ ਰਿਸ਼ਵਤ ਵਸੂਲ ਕੀਤੀ ਸੀ।

### ਐਪਲ ਦਾ ਪਹਿਲਾ ਰਿਟੇਲ ਸਟੋਰ

**ਮੁੰਬਈ** : ਵਿਸ਼ਵ ਦੀ ਪ੍ਰਮੁੱਖ ਤਕਨਾਲੋਜੀ ਕੰਪਨੀ ਐਪਲ ਦਾ ਦੇਸ਼ ਵਿਚ ਪਹਿਲਾ ਰਿਟੇਲ ਸਟੋਰ ਮੰਗਲਵਾਰ ਇਥੇ ਖੁੱਲ੍ਹ ਗਿਆ। ਕੰਪਨੀ ਦੇ ਸੀ ਈ ਓ ਟਿਮ ਕੁੱਕ ਨੇ ਸਵੇਰੇ 11 ਵਜੇ ਗਾਹਕਾਂ ਦਾ ਸਵਾਗਤ ਕਰਦੇ ਹੋਏ ਸਟੋਰ ਦਾ ਦਰਵਾਜ਼ਾ ਖੋਲ੍ਹਿਆ।

## ਜ਼ਿੰਦਗੀ ਦੀ ਜੰਗ ਜਿੱਤੀ ਪਰਬਤਰੋਹੀ ਬਲਜੀਤ ਕੌਰ

**ਜਲੰਧਰ** : ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੀ ਪਰਬਤਰੋਹੀ ਬਲਜੀਤ ਕੌਰ ਦੇ ਜਿਉਂਦਾ ਹੋਣ ਦੀ ਜਾਣਕਾਰੀ ਮਿਲੀ ਹੈ। ਪਾਇਨਾਰ ਐਡਵੈਂਚਰ ਪਸੰਗ ਸ਼ੇਰਪਾ ਦੇ ਪ੍ਰਧਾਨ ਨੇ ਕਿਹਾ ਕਿ ਇੱਕ ਹਵਾਈ ਖੋਜ ਦਲ ਨੇ ਬਲਜੀਤ ਕੌਰ ਦਾ ਪਤਾ ਲਗਾਇਆ ਹੈ। ਬਲਜੀਤ ਕੌਰ ਬਿਨਾਂ ਆਕਸੀਜਨ ਸਪਲੀਮੈਂਟ ਤੋਂ ਦੁਨੀਆ ਦੀ ਦਸਵੀਂ ਸਭ ਤੋਂ ਉਚੀ ਚੋਟੀ ਨੂੰ ਫਤਿਹ ਕਰਕੇ ਵਾਪਸ ਉਤਰਦੇ ਸਮੇਂ ਕੈਂਪ-4 ਵੱਲ ਆਉਂਦੇ ਹੋਏ ਗੁੰਮ ਹੋ ਗਈ ਸੀ। ਹਾਲਾਂਕਿ ਇੱਕ ਹੋਰ ਪਰਬਤਰੋਹੀ ਦੀ ਮੌਤ ਹੋ ਗਈ।

ਸੋਮਵਾਰ ਨੂੰ ਹਿਮਾਚਲ ਪ੍ਰਦੇਸ਼ 'ਚ ਉਸ ਦੇ ਦੇਹਾਂਤ ਦੀ ਖ਼ਬਰ ਤੋਂ ਬਾਅਦ ਮੰਗਲਵਾਰ ਨੇਪਾਲੀ ਮੀਡੀਆ ਵੱਲੋਂ ਉਸ ਦੇ ਜਿਉਂਦਾ ਹੋਣ ਦੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਦੱਸਿਆ ਕਿ ਬਲਜੀਤ ਕੌਰ ਨੂੰ ਰੈਸਕਿਊ ਕਰ ਲਿਆ ਗਿਆ ਹੈ ਅਤੇ ਉਸ ਨੂੰ ਕਾਠਮੰਡੂ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਅੰਨਾਪੂਰਨਾ ਦੁਨੀਆ ਦੀ 10ਵੀਂ ਸਭ ਤੋਂ ਉਚੀ ਚੋਟੀ ਹੈ ਅਤੇ ਬਲਜੀਤ ਕੌਰ ਨੇ ਇਸ ਨੂੰ ਬਿਨਾਂ ਆਕਸੀਜਨ ਦੇ ਫਤਿਹ ਕੀਤਾ। ਉਹ ਕੈਂਪ 'ਚ ਵਾਪਸ ਆ ਰਹੀ ਕਿ ਇਸ ਦੌਰਾਨ ਗੁੰਮ ਹੋ ਗਈ, ਪਰ ਜਦ ਫੌਜ ਦੇ ਹੈਲੀਕਾਪਟਰ ਦੁਆਰਾ ਰੈਸਕਿਊ ਅਭਿਆਨ ਚਲਾਇਆ ਗਿਆ ਤਾਂ ਉਹ ਜਿਉਂਦਾ ਪਾਈ ਗਈ। ਹਿਮਾਚਲ ਦੇ ਸਿਹਤ ਮੰਤਰੀ ਅਤੇ ਮੁੱਖ ਮੰਤਰੀ ਤੱਕ ਨੇ ਬਲਜੀਤ ਕੌਰ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰ ਦਿੱਤਾ ਸੀ, ਪਰ ਬਲਜੀਤ ਕੌਰ



ਜਿਉਂਦਾ ਹੈ। 19 ਸਾਲ ਦੀ ਉਮਰ 'ਚ ਬਲਜੀਤ ਕੌਰ ਨੇ ਮਨਾਲੀ ਦੇ ਦਿਓ ਟਿੱਬਾ ਨੂੰ ਫਤਿਹ ਕਰਕੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਬਲਜੀਤ ਕੌਰ ਮਾਊਂਟ ਪਮੋਰੀ ਨੂੰ ਫਤਿਹ ਕਰਨ ਵਾਲੀ ਭਾਰਤ ਦੀ ਪਹਿਲੀ ਮਹਿਲਾ ਬਣੀ। ਇਸ ਤੋਂ ਇਲਾਵਾ ਉਸ ਨੇ 30 ਦਿਨਾਂ ਅੰਦਰ ਲਗਾਤਾਰ ਅੱਠ ਹਜ਼ਾਰ ਮੀਟਰ ਦੀਆਂ ਉਚੀਆਂ ਪੰਜ ਚੋਟੀਆਂ ਨੂੰ ਫਤਿਹ ਕਰਕੇ ਦਿਖਾਇਆ ਸੀ। ਇਸ 'ਚ ਅੰਨਾਪੂਰਨਾ, ਕੰਚਨਚੰਗਾ, ਐਵਰੈਸਟ, ਲੋਤਸੇ ਅਤੇ ਮਕਾਲੂ ਚੋਟੀਆਂ ਸ਼ਾਮਲ ਹਨ। ਬਲਜੀਤ ਕੌਰ ਜ਼ਿਲ੍ਹਾ ਸੋਲਨ ਦੇ ਮਮਲੀਗ ਦੇ ਇੱਕ ਸਧਾਰਨ ਪਰਵਾਰ ਨਾਲ ਸੰਬੰਧ ਰੱਖਦੀ ਹੈ। ਸਾਲ 2003 'ਚ ਬਲਜੀਤ ਦੇ ਪਿਤਾ ਬਤੌਰ ਐੱਚ ਆਰ ਟੀ ਸੀ ਡਰਾਈਵਰ ਰਿਟਾਇਰ ਹੋਏ ਸਨ। ਇਸੇ ਦੌਰਾਨ ਸੇਵਨ ਸਮਿਟ ਟਰੈਕਰਸ ਦੇ ਪ੍ਰਧਾਨ ਸਿੰਗਮਾ ਸ਼ੇਰਪਾ ਨੇ ਦੱਸਿਆ ਕਿ ਸਰਦੀਆਂ ਦੇ ਮੌਸਮ 'ਚ 'ਕੇ-2' ਦੇ ਸਿਖਰ 'ਤੇ ਪਹੁੰਚਣ ਵਾਲੇ ਅਤੇ 10 ਵਾਰ ਐਵਰੈਸਟ ਫਤਿਹ ਕਰਨ ਵਾਲੇ ਆਇਰਲੈਂਡ ਦੇ ਪਹਿਲੇ ਵਿਅਕਤੀ ਨੋਏਲ ਹਨਾ ਨੇ ਕੱਲ੍ਹ ਰਾਤ ਅੰਨਾਪੂਰਨਾ ਕੈਂਪ ਚਾਰ 'ਚ ਆਖਰੀ ਸਾਹ ਲਿਆ। ਪ੍ਰਬੰਧਾਂ ਨੇ ਕਿਹਾ ਕਿ ਉਸ ਦਾ ਮ੍ਰਿਤਕ ਸਰੀਰ ਬੇਸ ਕੈਂਪ ਵਾਪਸ ਲਿਆਂਦਾ ਜਾ ਰਿਹਾ ਹੈ। ਮਾਊਂਟ ਅੰਨਾਪੂਰਨਾ ਦੁਨੀਆ ਦਾ ਦਸਵਾਂ ਸਭ ਤੋਂ ਉਚਾ ਪਰਬਤ ਹੈ, ਜੋ ਸਮੁੰਦਰ ਤਲ ਤੋਂ 8,091 ਮੀਟਰ ਦੀ ਉਚਾਈ 'ਤੇ ਸਥਿਤ ਹੈ। ਇਸ ਦੀ ਚੜ੍ਹਾਈ ਬਹੁਤ ਖ਼ਤਰਨਾਕ ਹੈ।



ਨੋਏਲ ਹਨਾ

ਇਸ ਦੌਰਾਨ ਬੇਸ ਕੈਂਪ ਦੇ ਪ੍ਰਬੰਧਕਾਂ ਨੇ ਕਿਹਾ ਕਿ ਭਾਰਤੀ ਪਰਬਤਰੋਹੀ ਅਨੁਰਾਗ ਮਾਲੂ ਦੇ ਲੱਭਣ ਦੀਆਂ ਸੰਭਾਵਨਾ ਵੀ ਹੁਣ ਘੱਟ ਹੋ ਗਈਆਂ ਹਨ, ਜੋ ਕੱਲ੍ਹ ਇਥੇ ਹੀ ਕੈਂਪ-4 ਤੋਂ ਉਤਰਦੇ ਸਮੇਂ 6000 ਡੂੰਘੀ ਦਰਾਰ 'ਚ ਡਿੱਗ ਗਿਆ ਸੀ।

### ਮੋਹਾਲੀ 'ਚ ਦੋ ਹਿਰਾਸਤ 'ਚ

**ਮੋਹਾਲੀ** : ਸੋਮਵਾਰ ਰਾਤ ਮੋਹਾਲੀ ਦੇ ਸੈਕਟਰ 89 ਵਿਚ ਦਿੱਲੀ ਤੇ ਪੰਜਾਬ ਪੁਲਸ ਨੇ ਸਾਂਝਾ ਅਪਰੇਸ਼ਨ ਚਲਾਉਂਦਿਆਂ ਇੱਕ ਕੋਠੀ ਵਿੱਚੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਅਤੇ ਇੱਕ ਔਰਤ ਨੂੰ ਹਿਰਾਸਤ ਵਿਚ ਲਿਆ।

### ਐੱਨ ਆਈ ਏ ਨੇ ਲੰਡਨ ਮਾਮਲਾ ਆਪਣੇ ਹੱਥ 'ਚ ਲਿਆ

**ਲੰਡਨ** : 19 ਮਾਰਚ ਨੂੰ ਲੰਡਨ 'ਚ ਭਾਰਤੀ ਹਾਈ ਕਮਿਸ਼ਨ 'ਤੇ ਖਾਲਿਸਤਾਨ ਪੱਖੀ ਪ੍ਰਦਰਸ਼ਨਕਾਰੀਆਂ ਵੱਲੋਂ ਕੀਤੇ ਹਮਲੇ ਦਾ ਮਾਮਲਾ ਐੱਨ ਆਈ ਏ ਨੇ ਆਪਣੇ ਹੱਥ 'ਚ ਲੈ ਲਿਆ ਹੈ। ਇਹ ਮਾਮਲਾ ਪਹਿਲਾਂ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਕੋਲ ਦਰਜ ਕੀਤਾ ਗਿਆ ਸੀ। ਹਮਲੇ ਦੌਰਾਨ ਤਿਰੰਗੇ ਨੂੰ ਇਮਾਰਤ ਤੋਂ ਹੇਠਾਂ ਉਤਾਰ ਦਿੱਤਾ ਗਿਆ ਸੀ।

### ਮੁਸਲਮ ਕੋਟੇ ਬਾਰੇ ਸੁਣਵਾਈ ਟਲੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਕਰਨਾਟਕ 'ਚ ਚਾਰ ਫੀਸਦੀ ਮੁਸਲਮ ਰਾਖਵੇਂਕਰਨ ਨੂੰ ਰੱਦ ਕਰਨ ਵਿਰੁੱਧ ਦਾਇਰ ਪਟੀਸ਼ਨਾਂ 'ਤੇ ਸੁਣਵਾਈ 25 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਕਿਉਂਕਿ ਰਾਜ ਸਰਕਾਰ ਨੇ ਜਵਾਬ ਦਾਖਲ ਕਰਨ ਲਈ ਸਮਾਂ ਮੰਗਿਆ ਸੀ।

### ਸੁਪਰੀਮ ਕੋਰਟ ਅਤੀਕ ਦਾ ਮਾਮਲਾ ਸੁਣੇਗੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਯੂ ਪੀ ਦੇ ਪ੍ਰਯਾਗਰਾਜ 'ਚ ਗੈਂਗਸਟਰ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੀ ਹੱਤਿਆ ਦੀ ਸੁਤੰਤਰ ਜਾਂਚ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਮੰਗਲਵਾਰ 24 ਅਪਰੈਲ ਨੂੰ ਸੁਣਵਾਈ ਕਰਨ ਲਈ ਸਹਿਮਤੀ ਪ੍ਰਗਟਾਈ।

### ਅਟਵਾਲ ਵੱਲੋਂ ਕਾਗਜ਼ ਦਾਖਲ



**ਜਲੰਧਰ (ਸ਼ੈਲੀ ਐਲਬਰਟ)** : ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਮੰਗਲਵਾਰ ਭਾਜਪਾ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਉਰਫ ਰਿੰਕੂ ਅਟਵਾਲ ਨੇ ਡਿਪਟੀ ਕਮਿਸ਼ਨਰ ਦਫਤਰ 'ਚ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਦੌਰਾਨ ਭਾਜਪਾ ਦੇ ਸੂਬਾਈ ਪ੍ਰਧਾਨ ਅਸ਼ਵਨੀ ਸ਼ਰਮਾ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸਾਬਕਾ ਮੰਤਰੀ ਮਨੋਰੰਜਨ ਕਾਲੀਆ ਤੇ ਹੋਰ ਆਗੂ ਹਾਜ਼ਰ ਸਨ।

### 'ਲਾਪਤਾ' ਮੁਕੁਲ ਦਿੱਲੀ 'ਚ

**ਨਵੀਂ ਦਿੱਲੀ** : ਤ੍ਰਿਣਮੂਲ ਕਾਂਗਰਸ ਦੇ ਸੀਨੀਅਰ ਆਗੂ ਮੁਕੁਲ ਰਾਏ ਨੇ ਕਿਹਾ ਹੈ ਕਿ ਉਹ ਜ਼ਰੂਰੀ ਕੰਮ ਲਈ ਦਿੱਲੀ ਪੁੱਜ ਗਏ ਹਨ। ਇਸ ਤੋਂ ਪਹਿਲਾਂ ਸਾਬਕਾ ਰੇਲ ਮੰਤਰੀ ਦੇ ਪੁੱਤਰ ਸੁਭਰਾਗਸੂ ਨੇ ਕਿਹਾ ਸੀ ਕਿ ਉਨ੍ਹਾ ਦੇ ਪਿਤਾ ਸੋਮਵਾਰ ਦੇਰ ਸ਼ਾਮ ਤੋਂ ਲਾਪਤਾ ਹਨ।

### 4 ਮਜ਼ਦੂਰਾਂ ਦੀ ਮੌਤ

**ਕਰਨਾਲ** : ਮੰਗਲਵਾਰ ਤੜਕੇ ਤਰਾਵੜੀ ਥਾਣੇ ਦੇ ਇਲਾਕੇ 'ਚ ਤਿੰਨ ਮੰਜ਼ਲਾ ਚੌਲ ਮਿੱਲ ਦਾ ਹਿੱਸਾ ਢਹਿਣ ਕਾਰਨ 4 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 20 ਜ਼ਖਮੀ ਹੋ ਗਏ। ਕੁਝ ਮਜ਼ਦੂਰਾਂ ਨੇ ਦੱਸਿਆ ਕਿ ਘਟਨਾ ਦੇ ਸਮੇਂ ਇਮਾਰਤ 'ਚ ਕਰੀਬ 150 ਮਜ਼ਦੂਰ ਸੁੱਤੇ ਸਨ।

## ਅਮਰੀਕਾ ਵਿਚਲੇ ਗੁਰਦੁਆਰਿਆਂ 'ਚ ਗੋਲੀਬਾਰੀ ਦੀਆਂ ਘਟਨਾਵਾਂ 'ਚ 17 ਫੜੇ, ਕਾਫੀ ਹਥਿਆਰ ਬਰਾਮਦ

**ਵਾਸ਼ਿੰਗਟਨ** : ਅਮਰੀਕਾ 'ਚ ਕੈਲੀਫੋਰਨੀਆ ਪੁਲਸ ਨੇ ਸਟਾਕਟਨ ਅਤੇ ਸੈਕਰਾਮੈਂਟੋ ਤੇ ਹੋਰ ਥਾਵਾਂ ਦੇ ਗੁਰਦੁਆਰਿਆਂ 'ਚ ਗੋਲੀਬਾਰੀ ਦੀਆਂ ਘਟਨਾਵਾਂ ਸੰਬੰਧੀ ਮਾਸਟਰਮਾਈਂਡ ਪਵਿੱਤਰ ਸਿੰਘ ਸਣੇ 17 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਫੜੇ ਜਾਣ ਵਾਲੇ ਹੋਰਨਾਂ 'ਚ ਕਰਨਦੀਪ ਸਿੰਘ, ਪਰਦੀਪ ਸਿੰਘ, ਧਰਮਵੀਰ ਸਿੰਘ ਉਰਫ ਮਿੰਟਾ, ਜੋਬਨਜੀਤ ਸਿੰਘ ਤੇ ਹੁਸਨਦੀਪ ਸਿੰਘ ਵੀ ਸ਼ਾਮਲ ਹਨ। ਇਨ੍ਹਾਂ ਤੋਂ 4 ਹੈਂਡਗਨ, 2 ਅਸਾਲਟ ਰਾਈਫਲਾਂ, ਪਿਸਤੌਲਾਂ ਅਤੇ ਮਸ਼ੀਨਗੰਨਾਂ ਵਰਗੇ ਹਥਿਆਰ ਬਰਾਮਦ ਕੀਤੇ ਗਏ ਹਨ। ਇਹ ਗ੍ਰਿਫਤਾਰੀਆਂ 20 ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਦੌਰਾਨ ਕੀਤੀਆਂ ਗਈਆਂ ਹਨ। ਫੜੇ ਜਾਣ ਵਾਲਿਆਂ ਵਿਚ ਬਹੁਤੇ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰ ਹਨ। ਗ੍ਰਿਫਤਾਰ ਕੀਤੇ ਦੋ ਵਿਅਕਤੀ ਮਾਫੀਆ ਦੇ ਮੈਂਬਰ ਹਨ ਅਤੇ ਭਾਰਤ 'ਚ ਕਈ ਕਤਲ ਕੇਸਾਂ 'ਚ ਲੋੜੀਂਦੇ ਹਨ।



ਗ੍ਰਿਫਤਾਰ ਕੀਤੇ ਵਿਅਕਤੀ ਇੱਕ ਵਿਰੋਧੀ ਅਪਰਾਧੀ ਗਰੋਹ ਦਾ ਹਿੱਸਾ ਹਨ ਅਤੇ ਕਥਿਤ ਤੌਰ 'ਤੇ ਕਈ ਹਿੰਸਕ ਘਟਨਾਵਾਂ ਤੇ ਗੋਲੀਬਾਰੀ 'ਚ ਸ਼ਾਮਲ ਹਨ, ਜਿਨ੍ਹਾਂ 'ਚ ਸਟੌਰ, ਸੈਕਰਾਮੈਂਟੋ, ਸੈਨ ਜੋਆਕਿਨ, ਸੋਲਾਨੋ, ਯੋਲੋ ਅਤੇ ਮਰਸਡ ਕਾਉਂਟੀਆਂ 'ਚ ਕਤਲ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਸਮੂਹਾਂ ਦੇ ਮੈਂਬਰ ਕਥਿਤ ਤੌਰ 'ਤੇ 27 ਅਗਸਤ 2022 ਨੂੰ ਸਟਾਕਟਨ ਦੇ ਗੁਰਦੁਆਰੇ 'ਚ ਗੋਲੀਬਾਰੀ ਅਤੇ 23 ਮਾਰਚ 2023 ਨੂੰ ਸੈਕਰਾਮੈਂਟੋ ਦੇ ਇੱਕ ਹੋਰ ਗੁਰਦੁਆਰੇ 'ਚ ਗੋਲੀਬਾਰੀ 'ਚ ਸ਼ਾਮਲ ਸਨ।

### ਪੁਤਿਨ ਯੂਕਰੇਨ 'ਚ



**ਮਾਸਕੋ** : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ 'ਚ ਲੜ ਰਹੀ ਰੂਸੀ ਫੌਜ ਦੇ ਹੈੱਡਕੁਆਰਟਰ ਦਾ ਦੌਰਾ ਕੀਤਾ ਹੈ। ਪੁਤਿਨ ਦੱਖਣੀ ਖੇਰਸਾਨ ਖੇਤਰ 'ਚ ਰੂਸੀ ਫੌਜਾਂ ਦੇ ਕਮਾਂਡ ਸੈਂਟਰ ਪੁੱਜੇ ਤੇ ਵੱਡੇ ਫੌਜੀ ਅਧਿਕਾਰੀਆਂ ਤੋਂ ਰਿਪੋਰਟ ਲਈ। ਇਸ ਤੋਂ ਬਾਅਦ ਉਹ ਹੈਲੀਕਾਪਟਰ ਰਾਹੀਂ ਉੱਥੇ ਸਥਿਤ 'ਰਸ਼ੀਅਨ ਨੈਸ਼ਨਲ ਗਾਰਡ' ਦੇ ਮੁੱਖ ਦਫਤਰ ਲਈ ਲੁਹਾਨਸਕ ਖੇਤਰ ਦੀ ਸਥਿਤੀ ਬਾਰੇ ਜਾਣਕਾਰੀ ਲੈਣ ਲਈ ਰਵਾਨਾ ਹੋਏ।

## ਫਰਜ਼ੀ ਅਰਜ਼ੀਆਂ ਵਧਣ ਕਾਰਨ ਆਸਟਰੇਲੀਆ ਦੀਆਂ ਪੰਜ 'ਵਰਸਿਟੀਆਂ ਨੇ ਲਾਈ ਪਾਬੰਦੀ

**ਮੈਲਬੋਰਨ** : ਫਰਜ਼ੀ ਅਰਜ਼ੀਆਂ ਦੇ ਵਧਣ ਕਾਰਨ ਆਸਟਰੇਲੀਆ ਦੀਆਂ ਘੱਟੋ-ਘੱਟ ਪੰਜ ਯੂਨੀਵਰਸਿਟੀਆਂ ਨੇ ਕੁਝ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਆਸਟਰੇਲੀਆ ਵਿਚ ਇਸ ਸਾਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2019 ਦੇ 75,000 ਦੇ ਅੰਕੜੇ ਨੂੰ ਪਾਰ ਕਰਨ ਦੀ ਸੰਭਾਵਨਾ ਹੈ। ਗਲੋਬਲ ਐਜੂਕੇਸ਼ਨ ਫਰਮ ਨੇਵਿਟਾਸ ਦੇ ਜੌਹਨ ਚਿਊ ਨੇ ਕਿਹਾ- ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਮੀਦ ਨਾਲੋਂ ਕਿਤੇ ਵੱਧ ਹੈ। ਸਾਨੂੰ ਪਤਾ ਸੀ ਕਿ ਗਿਣਤੀ ਕਾਫੀ ਵਧੇਗੀ, ਪਰ ਇਸ ਦੇ ਨਾਲ ਹੀ ਫਰਜ਼ੀ ਵਿਦਿਆਰਥੀਆਂ ਦੀ ਗਿਣਤੀ ਵੀ ਵਧੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਕਈ ਯੂਨੀਵਰਸਿਟੀਆਂ ਹੁਣ ਸਥਿਤੀ ਨਾਲ ਨਜਿੱਠਣ ਲਈ ਪਾਬੰਦੀਆਂ ਲਗਾ ਰਹੀਆਂ ਹਨ। ਵਿਕਟੋਰੀਆ ਯੂਨੀਵਰਸਿਟੀ, ਐਡਿਥ ਕੋਵਾਨ ਯੂਨੀਵਰਸਿਟੀ, ਵੋਲੋਂਗੋਂਗ ਯੂਨੀਵਰਸਿਟੀ, ਟੋਰੇਨਸ ਯੂਨੀਵਰਸਿਟੀ ਅਤੇ ਸਾਊਥ ਕਰਾਸ ਯੂਨੀਵਰਸਿਟੀ ਨੇ ਭਾਰਤੀ ਵਿਦਿਆਰਥੀਆਂ 'ਤੇ ਪਾਬੰਦੀ ਲਾ ਦਿੱਤੀ ਹੈ। ਫਰਵਰੀ 'ਚ ਪਰਥ ਸਥਿਤ ਐਡਿਥ ਕੋਵਾਨ ਯੂਨੀਵਰਸਿਟੀ ਨੇ ਪੰਜਾਬ ਅਤੇ ਹਰਿਆਣਾ ਰਾਜਾਂ ਦੇ ਬਿਨੈਕਾਰਾਂ 'ਤੇ ਪਾਬੰਦੀ ਲਗਾ ਦਿੱਤੀ ਸੀ।

ਇਸ ਤੋਂ ਬਾਅਦ ਮਾਰਚ 'ਚ ਵਿਕਟੋਰੀਆ ਯੂਨੀਵਰਸਿਟੀ ਨੇ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਸਮੇਤ ਅੱਠ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਤੇ ਪਾਬੰਦੀਆਂ ਵਧਾ ਦਿੱਤੀਆਂ।

### ਸੁੱਖੀ ਵੱਲੋਂ ਕਾਗਜ਼ ਦਾਖਲ



**ਜਲੰਧਰ** : ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਸੁਖਵਿੰਦਰ ਕੁਮਾਰ ਸੁੱਖੀ ਨੇ ਮੰਗਲਵਾਰ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲਈ ਨਾਮਜ਼ਦਗੀ ਕਾਗਜ਼ ਦਾਖਲ ਕੀਤੇ। ਉਨ੍ਹਾ ਨਾਲ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਅਤੇ ਬਸਪਾ ਦੇ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਮੌਜੂਦ ਰਹੇ। ਸੁਖਬੀਰ ਸਿੰਘ ਬਾਦਲ ਪਿਤਾ ਦੀ ਤਬੀਅਤ ਖਰਾਬ ਹੋਣ ਕਾਰਨ ਪਹੁੰਚ ਨਹੀਂ ਸਕੇ।

### ਕੋਰੋਨਾ ਨਾਲ ਮੌਤ

**ਨਵੀਂ ਦਿੱਲੀ** : 7,633 ਨਵੇਂ ਮਾਮਲਿਆਂ ਤੋਂ ਬਾਅਦ ਦੇਸ਼ ਵਿਚ ਕੋਵਿਡ ਮਰੀਜ਼ਾਂ ਦੀ ਗਿਣਤੀ 4,48,34,859 ਹੋ ਗਈ ਹੈ। ਦਿੱਲੀ 'ਚ ਚਾਰ ਅਤੇ ਹਰਿਆਣਾ, ਕਰਨਾਟਕ ਤੇ ਪੰਜਾਬ 'ਚ ਇਕ-ਇਕ ਮਰੀਜ਼ ਦੀ ਮੌਤ ਤੋਂ ਬਾਅਦ ਜਾਨ ਗੁਆਉਣ ਵਾਲੇ ਲੋਕਾਂ ਦੀ ਗਿਣਤੀ 5,31,152 ਹੋ ਗਈ ਹੈ।

## ਭਗਵੰਤ ਮਾਨ ਵੱਲੋਂ ਕਾਂਗਰਸ ਤੇ ਭਾਜਪਾ 'ਤੇ ਤਿੱਖੇ ਹਮਲੇ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਕਰਨਾਟਕ ਵਿਖੇ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਲਈ ਉੱਥੇ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੁਬਲੀ ਵਿਖੇ ਰੋਡ ਸ਼ੋਅ ਦੌਰਾਨ ਵਿਰੋਧੀਆਂ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਕਰਨਾਟਕ ਦੇ ਲੋਕ ਹੁਣ ਬਦਲਾਅ ਚਾਹੁੰਦੇ ਹਨ। ਉਨ੍ਹਾ ਲੋਕਾਂ ਨੂੰ ਆਪ ਨੂੰ ਇੱਕ ਮੌਕਾ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰਦੀ ਹੈ ਅਤੇ ਦਿੱਲੀ ਅਤੇ ਪੰਜਾਬ ਇਸ ਦੀ ਪ੍ਰਤੱਖ ਉਦਾਹਰਨ ਹਨ। ਗਰਮਾਏ ਸਿਆਸੀ ਪਿੜ ਦੌਰਾਨ ਆਮ ਆਦਮੀ ਪਾਰਟੀ ਦੀ ਪ੍ਰਚਾਰ ਲਹਿਰ ਨੂੰ ਅਗਲੇ ਪੜਾਅ ਵਿੱਚ ਦਾਖਲ ਕਰਦਿਆਂ ਮਾਨ ਨੇ ਮੰਗਲਵਾਰ ਕਰਨਾਟਕ ਦੇ ਹੁਬਲੀ ਵਿਖੇ ਪਾਰਟੀ ਉਮੀਦਵਾਰ ਦੇ ਹੱਕ ਵਿੱਚ ਰੋਡ ਸ਼ੋਅ ਦੀ ਅਗਵਾਈ ਕੀਤੀ। ਮਾਨ ਨੇ ਕਿਹਾ ਕਿ ਕਾਂਗਰਸ ਹੁਣ ਚੇਂਜ ਦਾ ਨਹੀਂ ਬਲਕਿ ਐਕਸਚੇਂਜ ਦਾ ਪ੍ਰਤੀਕ ਹੈ, ਜਿਸ ਦਾ ਕੋਈ ਆਗੂ ਜੇਕਰ ਕੋਈ ਚੋਣ ਜਿੱਤਦਾ ਹੈ ਤਾਂ ਨਾਲ ਹੀ ਆਪਣਾ ਵਿਕਣ ਦਾ ਰੇਟ ਵੀ ਤੈਅ ਕਰ ਲੈਂਦਾ ਹੈ। ਉਨ੍ਹਾ ਕਿਹਾ ਕਿ ਕਾਂਗਰਸ ਨੂੰ ਹੁਣ ਆਪਣੇ ਦਫਤਰ ਦੇ ਬਾਹਰ ਇਹ ਲਿਖ ਕੇ ਲਾ ਲੈਣਾ ਚਾਹੀਦਾ ਹੈ ਕਿ 'ਇੱਥੇ ਲੋਕਾਂ ਦੁਆਰਾ ਚੁਣੇ ਹੋਏ ਵਿਧਾਇਕ ਵੇਚੇ ਜਾਂਦੇ ਹਨ।' ਮਾਨ ਨੇ ਭਾਜਪਾ ਅਤੇ ਨਰੇਂਦਰ ਮੋਦੀ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਮੋਦੀ ਲੋਕਾਂ ਨਾਲ ਉਨ੍ਹਾਂ ਦੇ ਖੁਸ਼ਹਾਲ ਭਵਿੱਖ ਲਈ ਕੋਈ ਸੱਚਾ ਵਾਅਦਾ ਕਰਨ ਦੀ ਬਜਾਏ ਹਰ ਵੇਲੇ ਉਨ੍ਹਾਂ ਨੂੰ ਸਿਰਫ ਜੁਮਲੇ ਸੁਣਾਉਂਦੇ ਹਨ। ਮੋਦੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਦੇਸ਼ ਵਾਸੀਆਂ ਨੂੰ 15 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ, ਪਰ ਜਦ ਸਰਕਾਰ ਬਣੀ ਤਾਂ ਇਹ ਪੈਸਾ ਤਾਂ ਲੋਕਾਂ ਨੂੰ ਕੀ ਮਿਲਣਾ ਸੀ, ਉਲਟਾ ਭਾਜਪਾ ਸਰਕਾਰ ਨੇ ਨੋਟਬੰਦੀ ਕਰ ਲੋਕਾਂ ਦੇ ਖਾਤਿਆਂ ਵਿੱਚ ਪਏ ਬਚੇ-ਖੁਚੇ ਪੈਸੇ ਵੀ ਉਨ੍ਹਾਂ ਤੋਂ ਖੋਹ ਲਏ। ਉਨ੍ਹਾ ਪੰਜਾਬ ਵਿੱਚ 'ਆਪ' ਸਰਕਾਰ ਦੀ ਇੱਕ ਸਾਲ ਦੀ ਕਾਰਗੁਜ਼ਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਉਨ੍ਹਾਂ 28 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਹੈ। 80 ਪ੍ਰਤੀਸ਼ਤ ਤੋਂ ਵੱਧ ਲੋਕਾਂ ਦੇ ਬਿਜਲੀ ਬਿੱਲ ਜ਼ੀਰੋ ਹੋ ਗਏ ਹਨ। ਭ੍ਰਿਸ਼ਟਾਚਾਰ ਨੂੰ ਨੱਥ ਪਈ ਹੈ। ਪਿਛਲੀਆਂ ਸਰਕਾਰਾਂ ਦੇ ਸਮੇਂ ਲੋਕਾਂ ਨੂੰ ਲੁੱਟਣ ਵਾਲੇ ਹੁਣ ਜੇਲ੍ਹ ਵਿੱਚ ਹਨ ਅਤੇ ਸਰਕਾਰ ਉਨ੍ਹਾਂ ਵੱਲੋਂ ਲੁੱਟੇ ਪੈਸੇ ਨੂੰ ਵਸੂਲ ਕਰ ਉਸ ਨਾਲ ਪੰਜਾਬ ਦਾ ਖਜ਼ਾਨਾ ਭਰ ਰਹੀ ਹੈ ਅਤੇ ਲੋਕ ਭਲਾਈ ਦੇ ਕੰਮ ਹੋ ਰਹੇ ਹਨ। ਉਹਨਾ 'ਆਪ' ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਤਾਰੀਫ ਕਰਦਿਆਂ ਕਿਹਾ ਕਿ ਉਨ੍ਹਾ ਵਰਗਾ ਨੇਤਾ ਦੇਸ਼ ਵਿੱਚ ਇੱਕੋ ਹੈ, ਜੋ ਦੇਸ਼ ਦੀ ਤਰੱਕੀ ਚਾਹੁੰਦਾ ਹੈ।

## ਪਰਾਲੀ ਸਾੜਨ ਦੇ ਮਾਮਲਿਆਂ 'ਚ 30 ਫੀਸਦੀ ਦੀ ਕਮੀ ਆਈ : ਮੀਤ ਹੇਅਰ

**ਚੰਡੀਗੜ੍ਹ** : ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਹੋਰ ਸੰਬੰਧਤ ਵਿਭਾਗਾਂ ਦੇ ਲਗਾਤਾਰ ਯਤਨਾਂ ਸਦਕਾ ਪਰਾਲੀ ਸਾੜਨ ਦੇ ਮਾਮਲੇ ਪਿਛਲੇ ਸਾਲ ਦੇ ਮੁਕਾਬਲੇ 30 ਫੀਸਦੀ ਘਟੇ ਹਨ।

ਉਹ ਮੰਗਲਵਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਂਟਰ ਫਾਰ ਹਿਊਮਨ ਰਾਈਟਸ ਐਂਡ ਡਿਊਟੀਜ਼ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਹਰਿਆਣਾ ਦੇ ਸਹਿਯੋਗ ਨਾਲ ਪੰਜਾਬ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਹਾਲ 'ਚ ਸਥਾਈ ਖੇਤੀਬਾੜੀ ਪ੍ਰਬੰਧਨ ਲਈ ਫਸਲਾਂ ਦੀ ਰਹਿੰਦ-ਖੂੰਹਦ ਦੇ



ਪ੍ਰਬੰਧਨ 'ਤੇ ਕਰਵਾਈ ਵਰਕਸ਼ਾਪ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾ ਕਿਹਾ ਕਿ ਇਸ ਸਾਲ ਸਰਕਾਰ ਨੇ ਹੋਰ ਵੀ ਕੇਸ ਘਟਾਉਣ ਦਾ ਟੀਚਾ ਮਿੱਥਿਆ ਹੈ। ਉਨ੍ਹਾ ਵਰਕਸ਼ਾਪ ਦੀ ਪ੍ਰਿੰਸੀਪਲ ਇਨਵੈਸਟੀਗੇਟਰ ਅਤੇ ਕੋਆਰਡੀਨੇਟਰ ਡਾ. ਨਮਿਤਾ ਗੁਪਤਾ ਦੁਆਰਾ ਤਿਆਰ ਕੀਤੀ ਰਿਪੋਰਟ ਵੀ ਜਾਰੀ ਕੀਤੀ। ਇਸ ਮੌਕੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਤਿਆਰ ਕੀਤਾ ਗਿਆ ਕੈਲੰਡਰ ਵੀ ਜਾਰੀ ਕੀਤਾ ਗਿਆ।

## ਅੱਜ-ਨਾਮਾ

ਕੁਝ ਕੁਝ ਅਕਲ ਦਾ ਕਰੋ ਇਲਾਜ ਬੇਲੀ,
ਮਰਨ-ਮਿੱਟੀ ਕਿਉਂ ਪਈ ਹੈ ਚੜ੍ਹੀ ਬੇਲੀ।
ਕਾਰਨ ਹੋਵੇ ਤੇ ਭਾਵੇਂ ਕੋਈ ਹੋਏ ਵੀ ਨਹੀਂ,
ਹਰ ਇੱਕ ਬਾਤ ਦੀ ਕਰਦੇ ਓ ਅੜੀ ਬੇਲੀ।
ਗੱਲਬਾਤ ਕਰਦਿਆਂ ਰਤਾ ਵੀ ਸੰਗਦੇ ਨਾ,
ਹੁੰਦੀ ਗੱਲਾਂ ਵਿੱਚ ਗਾਲ੍ਹਾਂ ਦੀ ਝੜੀ ਬੇਲੀ।
ਜੱਗੇ, ਜੀਣੇ ਦੀ ਬਣੇ ਕਿਉਂ ਨਸਲ ਫਿਰਦੇ,
ਜਿਸ ਥਾਂ ਵੇਖੀਏ, ਜਾਂਦੇ ਕਿਉਂ ਲੜੀ ਬੇਲੀ।
ਮਾਰੇ ਗਏ ਤੁਸੀਂ ਤਾਂ ਰੋਵਣਗੇ ਮਗਰ ਮਾਪੇ,
ਮਰ ਗਿਆ ਕੋਈ, ਪਛਤਾਵਣਾ ਪਊ ਬੇਲੀ।
ਫਸਿਆਂ ਹੋਇਆਂ ਨੂੰ ਵੇਖ ਹੀ ਅਕਲ ਸਿੱਖੋ,
ਬੇਗਾਨਾ ਆਣ ਕਿਹੜਾ ਅਕਲ ਦਊ ਬੇਲੀ।

-ਤੀਸ ਮਾਰ ਖਾਂ

## ਬਕਾਏ ਲਈ ਪੀ ਆਰ ਟੀ ਸੀ ਵਰਕਰਾਂ ਵੱਲੋਂ ਜ਼ਬਰਦਸਤ ਧਰਨਾ

**ਪਟਿਆਲਾ** : ਮੰਗਲਵਾਰ ਪਟਿਆਲਾ ਵਿਖੇ ਪੀ ਆਰ ਟੀ ਸੀ ਦੇ ਮੁੱਖ ਦਫਤਰ ਦੇ ਸਾਹਮਣੇ 6 ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਦੀ ਅਗਵਾਈ ਵਿੱਚ 800 ਤੋਂ ਵੱਧ ਗਿਣਤੀ ਵਿੱਚ ਇਕੱਠੇ ਹੋ ਕੇ ਵਰਕਰਾਂ ਵੱਲੋਂ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਇਹ ਧਰਨਾ ਪੀ ਆਰ ਟੀ ਸੀ ਦੇ ਸੇਵਾ-ਮੁਕਤ ਅਤੇ ਮੌਜੂਦਾ ਕਰਮਚਾਰੀਆਂ ਦੇ ਪੇ-ਕਮਿਸ਼ਨ ਦੀ ਰਿਪੋਰਟ ਦਾ ਵਿੱਤੀ ਵਾਧਾ 6 ਮਹੀਨੇ ਬਾਅਦ ਲਾਗੂ ਕੀਤੇ ਜਾਣ ਕਾਰਨ, ਜੋ 6 ਮਹੀਨੇ ਦਾ ਬਕਾਇਆ ਰਹਿੰਦਾ ਸੀ, ਉਹ ਨਾ ਦਿੱਤੇ ਜਾਣ ਦੇ ਸੰਬੰਧ ਵਿੱਚ ਅਤੇ ਸੇਵਾ-ਮੁਕਤ ਕਰਮਚਾਰੀਆਂ ਦੇ ਪਿਛਲੇ ਇੱਕ ਸਾਲ ਤੋਂ ਕੋਈ ਅਦਾਇਗੀ ਨਾ ਕੀਤੇ ਜਾਣ ਦੇ ਸੰਬੰਧ ਵਿੱਚ ਰੋਸ ਵਜੋਂ ਦਿੱਤਾ ਗਿਆ। ਸਿਰਫ 13 ਕਰੋੜ ਦੀ ਕੁੱਲ ਅਦਾਇਗੀ ਕਰਨੀ ਬਾਕੀ ਰਹਿੰਦੀ ਹੈ, ਪਰ ਅਫਸੋਸ ਇਸ ਗੱਲ ਦਾ ਹੈ ਕਿ ਪੀ ਆਰ ਟੀ ਸੀ ਕੋਲ 30 ਕਰੋੜ ਰੁਪਏ ਤੋਂ ਵੱਧ ਦੀ ਰਕਮ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਕੇ ਬਾਕੀ ਪਈ ਹੈ, ਜਿਸ ਵਿਚੋਂ ਵਰਕਰਾਂ ਵੱਲੋਂ ਆਪਣੇ ਕਾਨੂੰਨੀ ਤੌਰ 'ਤੇ ਬਣਦੇ ਬਕਾਏ ਮੰਗੇ ਜਾ ਰਹੇ ਹਨ, ਉਹ ਵੀ ਇੱਕ ਸਾਲ ਲੇਟ, ਪਰ ਪੀ ਆਰ ਟੀ ਸੀ ਦੇ ਕੁਝ ਅਧਿਕਾਰੀ ਖਾਸ ਕਰਕੇ ਚੀਫ



ਅਕਾਊਂਟਸ ਅਫਸਰ ਸਨਅਤੀ ਮਹੌਲ ਖਰਾਬ ਕਰਨ ਦੀ ਨਿਯਤ ਨਾਲ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਕਰਕੇ 13 ਕਰੋੜ ਰੁਪਏ ਦੀ ਅਦਾਇਗੀ ਨਹੀਂ ਹੋਣ ਦੇ ਰਿਹਾ, ਜੋ ਕਿ ਵਰਕਰਾਂ ਦੇ ਅਧਿਕਾਰ ਨੂੰ ਨਮੋਸ਼ੀ ਭਰੀ ਸਿੱਧੀ ਚੁਣੌਤੀ ਹੈ। ਇਸ ਕਰਕੇ ਵਰਕਰਾਂ ਵਿੱਚ ਭਾਰੀ ਰੋਸ ਅਤੇ ਗੁੱਸਾ ਪਾਇਆ ਜਾ ਰਿਹਾ ਹੈ। ਇਹੀ ਮੁੱਖ ਕਾਰਨ ਸੀ ਕਿ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ, ਇੰਦਰਪਾਲ ਸਿੰਘ ਅਤੇ ਮੁਹੰਮਦ ਖਲੀਲ ਦੀ ਅਗਵਾਈ ਵਿੱਚ ਇਹ ਵਿਸ਼ਾਲ ਧਰਨਾ ਦਿੱਤਾ ਗਿਆ।

ਐਕਸ਼ਨ ਕਮੇਟੀ ਦੇ ਆਗੂਆਂ ਨੇ ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਪੀ ਆਰ ਟੀ ਸੀ ਦੀ ਮੈਨੇਜਮੈਂਟ 'ਤੇ ਦੋਸ਼ ਲਾਇਆ ਕਿ ਉਹ ਵਰਕਰਾਂ ਦੇ ਹੱਕਾਂ ਨੂੰ ਕੁਚਲਣ ਦੀ ਮਾਨਸਿਕਤਾ ਅਧੀਨ ਵਰਕਰਾਂ ਨੂੰ ਇੱਕ ਤਰ੍ਹਾਂ ਤਾਨਾਸ਼ਾਹ ਵਾਂਗ ਪੈਸੇ ਹੋਣ ਦੇ ਬਾਵਜੂਦ ਮੁਨਕਰ ਹੋ ਕੇ ਗੈਰ-ਜ਼ਿੰਮੇਵਾਰੀ ਵਾਲੀ ਰੋਲ ਨਿਭਾ ਰਹੀ ਹੈ।

ਆਗੂਆਂ ਵੱਲੋਂ ਚੇਅਰਮੈਨ ਪੀ ਆਰ ਟੀ ਸੀ ਤੋਂ ਦਖਲ ਦੇ ਕੇ ਮਾਮਲਾ ਹੱਲ ਕਰਨ ਦੀ ਤਵੱਕੋ ਕੀਤੀ ਗਈ, ਜੇਕਰ ਫਿਰ ਵੀ ਇਹ ਮਸਲਾ ਹੱਲ ਨਾ ਕੀਤਾ ਗਿਆ ਤਾਂ 3 ਮਈ ਨੂੰ ਜਲੰਧਰ ਵਿਖੇ ਸੈਂਕੜਿਆਂ ਦੀ ਗਿਣਤੀ ਵਿੱਚ ਵਰਕਰਾਂ ਵੱਲੋਂ ਲੌਂਗ ਮਾਰਚ ਦੇ ਰੂਪ ਵਿੱਚ ਪੁੱਜ ਕੇ ਉੱਥੇ ਲੋਕ ਸਭਾ ਦੀ ਚੋਣ ਦੇ ਪ੍ਰਚਾਰ ਲਈ ਪੁੱਜੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਵਜ਼ੀਰਾਂ ਨੂੰ ਮੰਗ ਪੱਤਰ ਸੌਂਪ ਕੇ ਮਸਲੇ ਦਾ ਹੱਲ ਕਰਨ ਲਈ ਧਿਆਨ ਖਿੱਚਿਆ ਜਾਵੇਗਾ।

### ਸਾਬਕਾ ਡਿਪਟੀ ਸਪੀਕਰ ਜਸਵੰਤ ਸਿੰਘ ਫਫੜੇ ਭਾਈਕੇ ਦਾ ਦੇਹਾਂਤ



**ਮਾਨਸਾ** : ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਵੇਲੇ 1985 ਵਿਚ ਡਿਪਟੀ ਸਪੀਕਰ ਰਹੇ ਜਸਵੰਤ ਸਿੰਘ ਫਫੜੇ ਭਾਈਕੇ (83) ਦਾ ਦੇਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਬਿਮਾਰ ਸਨ। ਉਨ੍ਹਾ ਨੇ 1985 ਵਿਚ ਮਾਨਸਾ ਵਿਧਾਨ ਸਭਾ ਹਲਕੇ ਤੋਂ ਚੋਣ ਲੜੀ ਸੀ ਅਤੇ ਉਹ ਪੌਣੇ ਦੋ ਦਹਾਕੇ ਬਠਿੰਡਾ (ਮਾਨਸਾ ਦੇ ਜ਼ਿਲ੍ਹਾ ਬਣਨ ਤੋਂ ਪਹਿਲਾਂ) ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਹੇ। ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਮੱਤਭੇਦਾਂ ਕਾਰਨ ਉਹ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਵਿਚ ਚਲੇ ਗਏ।

## ਕਿੰਡਰ ਗਾਰਟਨ ਤੇ ਪ੍ਰਾਇਮਰੀ ਵਿੰਗ ਨੇ ਮਨਾਇਆ ਵਿਸਾਖੀ ਦਾ ਤਿਉਹਾਰ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਵਿਚ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਰੂਪ ਵਾਟਿਕਾ ਦੇ ਕਿੰਡਰ ਗਾਰਟਨ ਦੇ ਵਿਦਿਆਰਥੀਆਂ ਨੇ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ। ਇਸ ਵਿੱਚ ਨਰਸਰੀ ਤੇ ਪ੍ਰੀ ਨਰਸਰੀ ਦੇ ਬੱਚਿਆਂ ਨੇ ਰੈਂਪ ਵਾਕ ਵਿੱਚ ਹਿੱਸਾ ਲਿਆ। ਐਲ ਕੇ ਜੀ. ਦੇ ਬੱਚਿਆਂ ਨੇ ਗਿੱਧੇ ਵਿੱਚ ਤੇ ਯੂਕੇਜੀ ਦੇ ਬੱਚਿਆਂ ਨੇ ਭੰਗੜੇ ਵਿੱਚ ਭਾਗ ਲਿਆ। ਇਹ ਨੰਨ੍ਹੇ-ਮੁੰਨੇ ਬੱਚੇ ਭੰਗੜੇ ਅਤੇ ਗਿੱਧੇ ਦੀਆਂ ਪੁਸ਼ਾਕਾਂ ਵਿੱਚ ਬਹੁਤ ਫੱਬ ਰਹੇ ਸਨ। ਇਨ੍ਹਾਂ ਦੀ ਪਰਫਾਰਮੈਂਸ ਤੋਂ ਬਾਅਦ ਮੁੰਡਿਆਂ ਵਿੱਚੋਂ ਮਿਸਟਰ ਵਿਸਾਖੀ ਹਰਗੁਨਵੀਰ ਸਿੰਘ ਤੇਮਿਸ ਵਿਸਾਖੀ ਇਸ਼ਿਕਾ ਕਪੂਰ ਚੁਣੀ ਗਈ। ਮਿਸਟਰ ਸਮਾਰਟ ਉਦੈ ਸਿੰਘ ਤੇ ਮਿਸ ਕਿਊਟ ਗੁਰਕੀਰਤ ਕੌਰ ਚੁਣੀ ਗਈ। ਇਸ ਤੋਂ ਬਾਅਦ ਪ੍ਰਾਇਮਰੀ ਵਿੰਗ ਦੇ ਬੱਚਿਆਂ ਨੇ ਸ਼ਬਦ ਗਾਇਨ, ਬੋਲੀਆਂ, ਵਿਸਾਖੀ ਦੀ ਕਵਿਤਾ ਵਿੱਚ ਭਾਗ ਲਿਆ। ਅਧਿਆਪਕਾਂ ਨੇ ਬੱਚਿਆਂ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਦੱਸਿਆ। ਸਕੂਲ ਦੇ ਪ੍ਰਿੰਸੀਪਲ ਵਿੰਮੀ ਠਾਕੁਰ ਨੇ ਸਾਰੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

## ਸਿਵਲ ਹਸਪਤਾਲ ਵਿਖੇ ਰੋਗੀ ਕਲਿਆਣ ਸਮਿਤੀ ਤਹਿਤ ਮੀਟਿੰਗ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਿਵਲ ਸਰਜਨ ਡਾ. ਰੰਜੂ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਨੀਲ ਬਾਂਸਲ ਦੀ ਯੋਗ ਅਗਵਾਈ ਹੇਠ ਸਿਵਲ ਹਸਪਤਾਲ ਵਿਖੇ ਰੋਗੀ ਕਲਿਆਣ ਸਮਿਤੀ ਤਹਿਤ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਮਰੀਜ਼ਾਂ ਨੂੰ ਹੋਰ ਵਧੀਆ ਸਿਹਤ ਸਹੂਲਤਾਂ ਦੇਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਦੱਸਿਆ ਗਿਆ ਕਿ ਸਿਵਲ ਹਸਪਤਾਲ ਵਿਖੇ ਮਰੀਜ਼ਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਆਟੋ ਐਨਾਲਾਇਜ਼ਰ, ਸੀ.ਆਰ. ਡਿਜ਼ੀਟਲ ਐਕਸ ਰੇਅ ਮਸ਼ੀਨ ਅਤੇ ਆਰ.ਓ. ਦੀ ਸਰਕਾਰ ਵਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ, ਜਿਸ ਨਾਲ ਇਲਾਕਾ ਨਿਵਾਸੀਆਂ ਨੂੰ ਜਲਦ ਹੀ ਇਹ ਸੁਵਿਧਾਵਾਂ ਮਿਲਣ ਜਾ ਰਹੀਆਂ ਹਨ। ਇਸ ਮੌਕੇ ਰਮੇਸ਼ ਕੁਮਾਰ ਅਰਨੀਵਾਲਾ ਵਲੋਂ ਸਿਵਲ ਹਸਪਤਾਲ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਵੀ ਕੀਤੀ ਗਈ। ਇਸ ਮੌਕੇ ਡਾ. ਕਾਮਨਾ ਜਿੰਦਲ, ਡਾ. ਕੁਸ਼ਲਦੀਪ ਸਿੰਘ, ਮਨੋਜ ਅਸੀਜਾ, ਪਤੰਬਰ ਨਾਗਪਾਲ ਤੇ ਸੀ.ਡੀ.ਪੀ.ਓ ਦਫਤਰ ਦੇ ਨੁਮਾਇੰਦੇ ਵੀ ਹਾਜ਼ਰ ਸਨ। ਜਿਨ੍ਹਾਂ ਨੇ ਸਿਵਲ ਹਸਪਤਾਲ ਮਲੋਟ ਨੂੰ ਹੋਰ ਬਿਹਤਰ ਬਣਾਉਣ ਲਈ ਸੁਝਾਅ ਦਿੱਤੇ ਗਏ।

## ਥਾਣਾ ਧਰਮਗੜ੍ਹ ਦੇ ਮੁਖੀ ਕਮਲਜੀਤ ਸਿੰਘ ਦਾ ਸਨਮਾਨ



**ਚੀਮਾ ਮੰਡੀ (ਰਵਿੰਦਰ ਚੀਮਾ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਖੇਪਲ ਵਿਖੇ ਰੁਸਤਮੇ ਹਿੰਦ ਪਹਿਲਵਾਨ ਪੂਰਨ ਸਿੰਘ ਸਪੋਰਟਸ ਕਲੱਬ ਜਖੇਪਲ ਵੱਲੋਂ ਕਰਾਏ ਸਮਾਗਮ ਦੌਰਾਨ ਥਾਣਾ ਧਰਮਗੜ੍ਹ ਦੇ ਮੁਖੀ ਕਮਲਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਘੇ ਲੇਖਕ ਇੰਜ. ਗੁਰਪ੍ਰੀਤ ਸਿੰਘ ਪੁਰੇਵਾਲ, ਪ੍ਰਿੰਸੀਪਲ ਬਲਜੀਤ ਸਿੰਘ, ਜੈ ਸਿੰਘ ਸਿੱਧੂ, ਲੇਖਕ ਜੰਗੀਰ ਸਿੰਘ ਰਤਨ, ਸਾਬਕਾ ਸਰਪੰਚ ਕ੍ਰਿਸ਼ਨ ਸਿੰਘ ਜਖੇਪਲ, ਸੇਵਾਮੁਕਤ ਐਸ ਪੀ ਕੁਲਵੰਤ ਸਿੰਘ, ਸੇਵਾਮੁਕਤ ਏ ਡੀ ਸੀ ਭਗਵਾਨ ਸਿੰਘ ਸਿੱਧੂ, ਅਜਾਇਬ ਸਿੰਘ ਸਿੱਧੂ, ਸੇਵਾਮੁਕਤ ਐਸ ਡੀ ਓ ਸਤਪਾਲ, ਗੁਰਸੇਵਕ ਸਿੰਘ ਜਖੇਪਲ, ਪ੍ਰਧਾਨ ਗੁਰਚਰਨ ਸਿੰਘ, ਹਰਬੰਸ ਸਿੰਘ ਖਡਿਆਲ, ਇੰਜ. ਕਰਮਜੀਤ ਸਿੰਘ, ਇੰਜ. ਬਲਵਿੰਦਰ ਸਿੰਘ, ਇੰਜ. ਸੁਖਰਾਜ ਸਿੰਘ ਮਾਨ, ਸੁਖਪਾਲ ਸਿੰਘ, ਕਲੱਬ ਪ੍ਰਧਾਨ ਕੁਲਦੀਪ ਸਿੰਘ ਤੇ ਇਲਾਕੇ ਦੇ ਹੋਰ ਪਤਵੰਤੇ ਸ਼ਾਮਲ ਸਨ।

## ਭਾਕਿਯੂ ਰਾਜੇਵਾਲ ਨੇ ਮੀਟਿੰਗ ਦੌਰਾਨ ਮੰਗਾਂ ਵਿਚਾਰੀਆਂ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਦੀ ਮੀਟਿੰਗ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਜੱਖਲਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਗਰਮ ਕਿਸਾਨਾਂ ਨੇ ਭਾਗ ਲਿਆ। ਮੀਟਿੰਗ ਦੌਰਾਨ ਵਿਚਾਰਿਆ ਗਿਆ ਕਿ ਧਰਤੀ ਹੇਠਲਾ ਪਾਣੀ ਖਤਮ ਹੁੰਦਾ ਜਾ ਰਿਹਾ ਹੈ ਤੇ ਸਰਕਾਰ ਨੂੰ ਖੇਤਾਂ ਦੀ ਸਿੰਚਾਈ ਵਾਸਤੇ ਨਹਿਰੀ ਪਾਣੀ ਦਾ ਤੁਰੰਤ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਕਿਸਾਨਾਂ ਤੇ ਪਬਲਿਕ ਨੂੰ ਵੀ ਪਾਣੀ ਦੀ ਸੁਚੱਜੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ। ਮੀਟਿੰਗ ਦੌਰਾਨ ਕਣਕ, ਸਰ੍ਹੋਂ, ਦਾਲਾਂ, ਸਬਜ਼ੀਆਂ ਦੀ ਗੜੇਮਾਰੀ ਕਾਰਨ ਹੋਏ ਨੁਕਸਾਨ ਦੇ ਤੁਰੰਤ ਮੁਆਵਜ਼ੇ ਦੀ ਮੰਗ ਕੀਤੀ ਤੇ ਬੋਨਸ ਦੀ ਮੰਗ ਕੀਤੀ ਗਈ। ਸਬਜ਼ੀਆਂ, ਬਾਸਮਤੀ ਤੇ ਦਾਲਾਂ 'ਤੇ ਵੀ ਐੱਮ.ਐੱਸ.ਪੀ. ਦੀ ਮੰਗ ਵੀ ਕੀਤੀ। ਇਸ ਮੌਕੇ ਕਿਰਪਾਲ ਸਿੰਘ ਬਟੂਹਾ, ਗੁਰਨਾਮ ਸਿੰਘ ਕਾਂਝਲਾ, ਗੁਰਬਚਨ ਸਿੰਘ ਮੀਤ ਪ੍ਰਧਾਨ, ਸੁਖਪਾਲ ਸਿੰਘ, ਦੀਦਾਰ ਸਿੰਘ, ਮਲਕੀਤ ਸਿੰਘ, ਹਰਭਜਨ ਸਿੰਘ, ਗੁਰਜੰਟ ਸਿੰਘ, ਹਰਜਿੰਦਰ ਸਿੰਘ, ਮਲਕੀਤ ਸਿੰਘ, ਗੁਰਮੁੱਖ ਸਿੰਘ, ਮਹਿੰਦਰ ਸਿੰਘ, ਅਜੀਤ ਸਿੰਘ, ਸਰਬਜੀਤ ਸਿੰਘ ਅਲਾਲ ਹਾਜ਼ਰ ਸਨ।

## ਚੇਅਰਮੈਨ ਜੱਸੀ ਸੋਹੀਆਂ ਵਾਲਾ ਸੁਸ਼ੀਲ ਰਿੰਕੂ ਦੇ ਹੱਕ 'ਚ ਪ੍ਰਚਾਰ 'ਚ ਡਟੇ



**ਨਾਭਾ (ਵਰਿੰਦਰ ਵਰਮਾ)**-ਲੋਕ ਸਭਾ ਹਲਕਾ ਜਲੰਧਰ ਦੀ 10 ਮਈ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਲਈ ਪਾਰਟੀ ਹਾਈ ਕਮਾਂਡ ਵੱਲੋਂ ਵਿਧਾਨ ਸਭਾ ਹਲਕਾ ਨਕੋਦਰ ਵਿੱਚ ਲਾਈ ਗਈ ਡਿਊਟੀ ਤਹਿਤ ਪੰਜਾਬ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਪਿਛਲੇ ਕਈ ਦਿਨਾਂ ਤੋਂ ਨੂਰਮਹਿਲ ਸ਼ਹਿਰ ਤੇ ਪਿੰਡਾਂ 'ਚ ਆਪ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਵਿੱਚ ਡਟੇ ਹੋਏ ਹਨ ਤੇ ਉਹ ਪਿੰਡ ਪਿੰਡ ਜਾ ਕੇ ਆਪ ਵਲੰਟੀਅਰਾਂ ਅਤੇ ਲੋਕਾਂ ਨਾਲ ਗੱਲਬਾਤ ਕਰਕੇ ਆਪਣਾ ਰਾਬਤਾ ਬਣਾ ਰਹੇ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਸਰਕਾਰ ਵੱਲੋਂ 1 ਸਾਲ ਦੇ ਕਾਰਜਕਾਲ ਵਿੱਚ ਕੀਤੀਆਂ ਗਈਆਂ ਪ੍ਰਾਪਤੀਆਂ ਲੋਕਾਂ ਨੂੰ ਦੱਸ ਰਹੇ ਹਨ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਜ਼ਿਮਨੀ ਚੋਣ ਨੂੰ ਲੈ ਕੇ ਆਪ ਵਲੰਟੀਅਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਤੇ ਜਲੰਧਰ ਲੋਕ ਸਭਾ ਹਲਕੇ ਦੇ ਲੋਕ ਆਪ ਦੀਆਂ ਲੋਕ ਪੱਖੀ ਨੀਤੀਆਂ ਦੇ ਹੱਕ ਵਿੱਚ ਭਾਰੀ ਵੋਟਾਂ ਪਾ ਕੇ ਸਰਕਾਰ ਦੇ ਕੀਤੇ ਰਿਕਾਰਡਤੋੜ ਕੰਮਾਂ 'ਤੇ ਮੋਹਰ ਲਗਾਉਣਗੇ ਅਤੇ ਆਪ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਭਾਰੀ ਬਹੁਮੱਤ ਨਾਲ ਰਿਕਾਰਡਤੋੜ ਜਿੱਤ ਪ੍ਰਾਪਤ ਕਰਗੇ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕਪੱਖੀ ਕੰਮਾਂ ਤੋਂ ਜਲੰਧਰ ਦੇ ਲੋਕ ਬੇਹੱਦ ਖੁਸ਼ ਹਨ।

## ਮੰਡੀ ਹਜ਼ਾਰਾ ਸਿੰਘ ਵਾਲਾ ਤੇ ਫੱਤੇਵਾਲਾ 'ਚ ਕਣਕ ਦੀ ਖ਼ਰੀਦ ਸ਼ੁਰੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਮਾਰਕੀਟ ਕਮੇਟੀ ਅਧੀਨ ਆਉਂਦੇ ਵੱਖ-ਵੱਖ ਫੋਕਲ ਪੁਆਇੰਟਾਂ 'ਤੇ ਅੱਜ ਕਣਕ ਦੀ ਸਰਕਾਰੀ ਖ਼ਰੀਦ ਚਾਲੂ ਹੋ ਗਈ ਹੈ।ਦਾਣਾ ਮੰਡੀ ਹਜ਼ਾਰਾ ਸਿੰਘ ਵਾਲਾ ਵਿੱਚ ਪੁੱਜੇ ਖ਼ਰੀਦ ਏਜੰਸੀ ਵੇਅਰਹਾਊਸ ਦੇ ਇੰਸਪੈਕਟਰ ਅਸ਼ੋਕ ਕੁਮਾਰ ਮੈਨੀ, ਇੰਸਪੈਕਟਰ ਸਾਰਜ ਸਿੰਘ ਵੱਲੋਂ ਸਰਕਾਰੀ ਬੋਲੀ ਲਾ ਕੇ ਕਣਕ ਦੀ ਪਹਿਲੀ ਢੇਰੀ ਦੀ ਰਸਮੀ ਖ਼ਰੀਦ ਸ਼ੁਰੂ ਕਰਵਾਈ ਗਈ। ਇਸੇ ਤਰ੍ਹਾਂ ਦਾਣਾ ਮੰਡੀ ਫੱਤੇਵਾਲਾ ਵਿਖੇ ਇੰਸਪੈਕਟਰ ਕੁਲਦੀਪ ਸਿੰਘ ਪਨਗ੍ਰੇਨ ਵੱਲੋਂ ਕਣਕ ਦੀ ਖ਼ਰੀਦ ਕੀਤੀ ਗਈ।ਇਸ ਮੌਕੇ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਮੰਡੀਆਂ ਵਿੱਚ ਕਣਕ ਖ਼ਰੀਦ ਸਬੰਧੀ ਕਿਸੇ ਵੀ ਕਿਸਾਨ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਖ਼ਰੀਦ ਕੀਤੀ ਗਈ ਕਣਕ ਦੀ ਲਿਫ਼ਟਿੰਗ ਤੋਂ ਲੈ ਕੇ ਕਿਸਾਨਾਂ ਦੇ ਖਾਤਿਆਂ ਵਿੱਚ ਪੇਮੈਂਟ ਪਾਉਣ ਤੱਕ ਪੂਰੇ ਪਾਰਦਰਸ਼ਤਾ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੱਕੀ ਕਣਕ ਮੰਡੀ ਵਿੱਚ ਲਿਆਂਦੀ ਜਾਵੇ।ਇਸ ਮੌਕੇ ਮਾਰਕੀਟ ਕਮੇਟੀ ਦੇ ਕਰਮਚਾਰੀ ਸੰਜੇ ਕੁਮਾਰ, ਆੜ੍ਹਤੀ ਅਸ਼ਵਨੀ ਬਿੰਦਰਾ, ਛਿੰਦਾ ਗਾਬਾ, ਸੰਦੀਪ ਸਿੰਘ ਕਲਰਕ ਤੇ ਅੰਗਰੇਜ਼ ਸਿੰਘ ਕਰਮਚਾਰੀ ਮਾਰਕੀਟ ਕਮੇਟੀ ਮਮਦੋਟ ਮੌਜੂਦ ਸਨ।

# ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵਿਖੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਜਲੰਧਰ (ਨਵਾਂ ਜ਼ਮਾਨਾ ਸਰਵਿਸ)**
ਬੁੱਧ ਵਿਹਾਰ ਟਰੱਸਟ ਸੋਫੀ ਪਿੰਡ, ਜਲੰਧਰ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਨ ਸ਼ਰਧਾ ਤੇ ਧੂਮਧਾਮ ਨਾਲ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਮਨਾਇਆ ਗਿਆ। ਇਸ ਮੌਕੇ ਸ਼ਰਧਾਲੂਆਂ ਵੱਲੋਂ ਬਾਬ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾ ਕੇ ਖੁਸ਼ੀ ਤੇ ਸ਼ਰਧਾ ਦਾ ਇਜ਼ਹਾਰ ਕੀਤਾ ਗਿਆ। ਬੁੱਧ ਵਿਹਾਰ ਸੋਫੀ ਪਿੰਡ ਵਿਖੇ ਇਕੱਤਰ ਹੋਈਆਂ ਸੰਗਤਾਂ ਵੱਲੋਂ ਵੰਦਨਾ ਤ੍ਰੀਸ਼ਰਨ ਤੇ ਪੰਚਸ਼ੀਲ ਦੇ ਪਾਠ ਪੜ੍ਹੇ ਗਏ। ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਬੇਜ਼ੁਬਾਨ ਤੇ ਬੇਆਸਰਾ ਲੋਕਾਂ ਨੂੰ ਜਾਗ੍ਰਿਤ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਹੱਕ ਪ੍ਰਾਪਤੀ ਵਾਸਤੇ ਸੰਘਰਸ਼ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਲਮ ਤੇ ਗਿਆਨ ਦੀ ਤਾਕਤ ਨਾਲ ਮਜ਼ਲੂਮਾਂ ਤੇ ਬੇਸਹਾਰਾ ਲੋਕਾਂ ਨੂੰ ਹੱਕ ਦਿਲਵਾਏ, ਜਿਸ ਦਾ ਉਦਾਹਰਣ ਦੁਨੀਆ ਵਿੱਚ ਕਿਸੇ ਹੋਰ ਥਾਂ ਨਹੀਂ ਮਿਲਦਾ। ਇਸ ਮੌਕੇ ਨੰਬਰਦਾਰ ਰੂਪ ਲਾਲ ਪ੍ਰਧਾਨ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸਖਤ ਮਿਹਨਤ ਕਰਕੇ ਉੱਚ ਕੋਟੀ ਦਾ ਗਿਆਨ ਹਾਸਲ ਕੀਤਾ ਤੇ ਸੰਘਰਸ਼ ਕਰਕੇ ਦੱਬੇ-ਕੁਚਲੇ ਲੋਕਾਂ ਅਤੇ ਨਾਰੀ ਜਾਤੀ ਨੂੰ ਮਨੁੱਖੀ ਅਧਿਕਾਰ ਦਿਲਵਾਏ ਅਤੇ ਭਾਰਤ ਦਾ ਸੰਵਿਧਾਨ ਲਿਖ ਕੇ ਆਜ਼ਾਦੀ, ਬਰਾਬਰੀ ਤੇ ਭਾਈਚਾਰਕ ਸਾਂਝ ਦਾ ਸਮਾਜ ਸਥਾਪਤ ਕੀਤਾ। ਇਨ੍ਹਾਂ ਤੋਂ ਇਲਾਵਾ ਸ੍ਰੀ ਚਮਨ ਦਾਸ ਸਾਂਪਲਾ, ਗੁਰਮੀਤ ਲਾਲ ਸਾਂਪਲਾ, ਡਾ. ਕੇਸਰ ਦਾਸ, ਸ੍ਰੀਮਤੀ ਗੁਰਮੀਤ ਕੌਰ ਤੇ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਸ਼ੁੱਭ ਮੌਕੇ ਡਾ. ਅਵਿਨਾਸ਼ ਚੰਦਰ ਸੋਂਧੀ ਤੇ ਡਾ. ਗੁਰਪਾਲ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਇੱਕ ਮੁਫਤ ਮੈਡੀਕਲ ਕੈਂਪ ਲਗਾਇਆ ਅਤੇ ਮੁਫਤ ਦਵਾਈਆਂ ਦਿੱਤੀਆਂ।

ਇਸ ਮੌਕੇ ਨਰੇਸ਼ ਕੁਮਾਰ ਸਾਂਪਲਾ, ਗੌਤਮ ਸਾਂਪਲਾ, ਵਰੁਣ ਸਾਂਪਲਾ, ਮਾਸਟਰ ਰਾਮ ਲਾਲ, ਲਹਿੰਬਰ ਰਾਮ, ਚਰਨ ਦਾਸ, ਮੰਗਲ ਸਿੰਘ, ਦੇਵ ਰਾਜ ਸਾਂਪਲਾ, ਜਸਵੰਤ ਰਾਏ ਸਾਂਪਲਾ, ਤੁਲਸੀ ਦਾਸ ਸਾਂਪਲਾ, ਬਰਕੇਤ ਸਾਂਪਲਾ, ਪਰਸੂ ਰਾਮ ਸਾਂਪਲਾ, ਕਾਂਤਾ ਕੁਮਾਰੀ, ਮਨਜੀਤ ਕੌਰ, ਰੇਸ਼ਮੋ, ਕਮਲੇਸ਼, ਸ਼ਕੁੰਤਲਾ, ਸਿਮਰੋ ਤੇ ਹੋਰ ਹਾਜ਼ਰ ਸਨ।

# ਬੂਟਾ ਸਿੰਘ ਟੁਰਨਾ ਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਆਉਂਦਾ ਸੀ



ਬੂਟਾ ਸਿੰਘ ਟੁਰਨਾ ਸ਼ਬਦ ਦੇ ਸਹੀ ਅਰਥਾਂ ਵਿੱਚ ਮਨੁੱਖਵਾਦੀ ਵਿਅਕਤੀ ਸੀ। 'ਸੀ' ਲਿਖਦਿਆਂ ਅੰਦਰੋਂ ਹਾਉਕਾ ਜਿਹਾ ਨਿਕਲਦਾ ਹੈ। ਜਿਸ ਬੰਦੇ ਨਾਲ ਸਮਾਜੀ, ਸਿਆਸੀ ਤੇ ਪਰਵਾਰਕ ਸਫਰ ਵਿੱਚ ਦੋ ਦਹਾਕੇ ਤੱਕ ਨਿੱਘੇ ਅਤੇ ਸੁਖਾਵੇਂ ਸੰਬੰਧਾਂ ਨਾਲ ਤੁਰਿਆ ਗਿਆ ਹੋਵੇ, ਉਸ ਦੇ ਸਦਾ ਲਈ ਤੁਰ ਜਾਣ ਦਾ ਭਾਣਾ ਮੰਨਣਾ ਸੌਖਾ ਨਹੀਂ ਹੁੰਦਾ।

ਬੂਟਾ ਸਿੰਘ ਟੁਰਨਾ ਦਾ ਪਿੰਡ ਦੇ ਪੰਚ ਤੋਂ ਲੈ ਕੇ ਬਲਾਕ ਸੰਮਤੀ ਸ਼ਾਹਕੋਟ ਦੇ ਚੇਅਰਮੈਨ ਬਣਨ ਤੱਕ ਦਾ ਸਫਰ ਬੜਾ ਸਹਿਜ ਰਿਹਾ ਹੈ। ਕਿਸੇ ਦੇ ਪੈਰ ਮਿੱਧ ਕੇ ਅੱਗੇ ਲੰਘ ਜਾਣ ਦੀ ਪਰਵਿਰਤੀ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਨਹੀਂ ਸੀ। ਬੂਟਾ ਸਿੰਘ ਟੁਰਨਾ ਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਆਉਂਦਾ ਸੀ, ਇਸੇ ਕਰਕੇ ਹੀ ਉਹ ਵਧੀਆ ਕਿਸਾਨ, ਸਾਫ ਅਕਸ ਵਾਲਾ ਸਿਆਸਤਦਾਨ, ਜ਼ਿੰਮੇਵਾਰ ਪਿਤਾ ਅਤੇ ਦੋਸਤਾਂ ਦਾ ਦੋਸਤ ਸੀ।

ਬੂਟਾ ਸਿੰਘ ਦੇ ਵਿਚਰਨ ਵਰਤਾਰੇ 'ਤੇ ਝਾਤ ਮਾਰਦਿਆਂ ਸੁਰਜੀਤ ਪਾਤਰ ਦੀ ਕਵਿਤਾ ਦਾ ਇੱਕ ਸ਼ੇਅਰ ਮਨ-ਮਸਤਕ 'ਚ ਦਸਤਕ ਦੇ ਰਿਹਾ ਹੈ। ਪਾਤਰ ਲਿਖਦਾ ਹੈ, ਮੈਂ ਰਾਹਾਂ 'ਤੇ ਨਹੀਂ ਤੁਰਦਾ ਮੈਂ ਤੁਰਦਾ ਤਾਂ ਰਾਹ ਬਣਦੇ ਨੇ। ਪੰਜਾਬੀਆਂ ਦੀ ਵਿਦੇਸ਼ ਦੌੜ ਦੇ ਦੌਰ ਵਿੱਚ ਉਨ੍ਹਾਂ ਨੇ ਵੱਖਰਾ ਰਾਹ ਅਪਣਾਇਆ। ਬੂਟਾ ਸਿੰਘ ਦੇ ਤਿੰਨ ਨੇਕ ਸੁਭਾਅ ਵਾਲੇ ਪੁੱਤਰ ਹਨ, ਸੁਖਜਿੰਦਰ ਸਿੰਘ, ਮੇਜਰ ਸਿੰਘ ਤੇ ਜਰਨੈਲ ਸਿੰਘ। ਬੂਟਾ ਸਿੰਘ ਨੇ ਦੋ ਪੁੱਤਰਾਂ ਨੂੰ ਵਿਦੇਸ਼ੋਂ ਵਾਪਸ ਬੁਲਾ ਲਿਆ ਸੀ। ਆਪਣੇ ਪਿਤਾ ਦੇ ਨਿਰਦੇਸ਼ ਅਨੁਸਾਰ ਦੋਵਾਂ ਪੁੱਤਰਾਂ ਨੇ ਪੰਜਾਬ ਵਿੱਚ ਰਹਿਣ ਦਾ ਮਨ ਬਣਾ ਲਿਆ। ਬੂਟਾ ਸਿੰਘ ਹੁਰਾਂ ਨੇ ਇਹ ਫੈਸਲਾ ਉਸ ਮਾਨਸਿਕਤਾ 'ਚੋਂ ਕੀਤਾ ਹੈ, ਜਿਸ ਵਿੱਚ ਪੰਜਾਬ ਦੇ ਖੇਤਾਂ ਦੀ ਮਹਿਕ ਘੁਲੀ ਹੋਈ ਹੈ। ਉਨ੍ਹਾਂ ਦੀਆਂ ਦੋ ਬੇਟੀਆਂ ਰਾਜਵਿੰਦਰ ਕੌਰ ਤੇ ਰਣਜੀਤ ਕੌਰ ਸੁਖੀ ਵਸਦੀਆਂ ਹਨ।

2002 ਵਿੱਚ ਬੂਟਾ ਸਿੰਘ ਟੁਰਨਾ ਬਲਾਕ ਸੰਮਤੀ ਸ਼ਾਹਕੋਟ ਦੇ ਚੇਅਰਮੈਨ ਬਣੇ। ਉਨ੍ਹਾਂ ਨੇ ਇਸ ਅਹੁਦੇ ਦਾ ਰੁਤਬਾ ਹੋਰ ਬੁਲੰਦ ਕੀਤਾ। ਇੱਕ ਇਮਾਨਦਾਰ ਅਧਿਕਾਰੀ ਵਜੋਂ ਉਨ੍ਹਾਂ ਦੀ ਉਨ੍ਹਾਂ ਦੇ ਮਾਣ-ਸਨਮਾਨ ਵਿੱਚ ਵਾਧਾ ਹੋਇਆ। ਉਨ੍ਹਾਂ ਦੀਆਂ ਦੋਸਤੀਆਂ ਦਾ ਦਾਇਰਾ ਵੀ ਬੜਾ ਵਸੀਹ ਸੀ। ਸਾਬਕਾ ਗ੍ਰਹਿ ਤੇ ਪੇਂਡੂ ਵਿਕਾਸ ਮੰਤਰੀ ਬ੍ਰਿਜ ਭੁਪਿੰਦਰ ਸਿੰਘ ਕੰਗ ਨਾਲ ਉਨ੍ਹਾਂ ਦੀ ਬੜੀ ਨੇੜਤਾ ਸੀ। ਕਾਂਗਰਸੀ ਹੁੰਦਿਆਂ ਬੂਟਾ ਸਿੰਘ ਟੁਰਨਾ ਦੀ ਦੂਸਰੀਆਂ ਸਿਆਸੀ ਪਾਰਟੀਆਂ ਦੇ ਕਈ ਆਗੂਆਂ ਤੇ ਵਰਕਰਾਂ ਨਾਲ ਡੂੰਘੀਆਂ ਸਾਂਝਾਂ ਸਨ। ਚੇਅਰਮੈਨ ਹੁੰਦਿਆਂ ਉਨ੍ਹਾਂ ਦੀ ਬਲਾਕ ਸੰਮਤੀ ਦੇ ਮੈਂਬਰ ਕਾਮਰੇਡ ਚਰਨਜੀਤ ਸਿੰਘ ਥੰਮੂਵਾਲ ਨਾਲ ਦੋਸਤੀ ਹੋ ਗਈ, ਜੋ ਆਖਰੀ ਸਾਹਾਂ ਤੱਕ ਨਿਭੀ।

ਅੱਜ 19 ਅਪ੍ਰੈਲ ਨੂੰ ਬੂਟਾ ਸਿੰਘ ਟੁਰਨਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ ਉਨ੍ਹਾ ਦੇ ਨਿਵਾਸ ਪਿੰਡ ਮੀਏਵਾਲ ਅਰਾਈਆਂ (ਸ਼ਾਹਕੋਟ) ਵਿਖੇ ਹੋਵੇਗੀ।

*—ਗਿਆਨ ਸੈਦਪੁਰੀ*
*98725-40447*

## ਮੈਰੀਟੋਰੀਅਸ 'ਚ ਦਾਖਲੇ ਲਈ ਰਜਿਸਟ੍ਰੇਸ਼ਨ 20 ਤੱਕ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਸ੍ਰੀ ਵਿਨੀਤ ਕੁਮਾਰ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀਨੀਅਰ ਸੈਕੰਡਰੀ ਰੈਜੀਡੈਂਸ਼ੀਅਲ ਸਕੂਲ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ਼ ਪੰਜਾਬ (ਮੈਰੀਟੋਰੀਅਸ ਸਕੂਲ) ਜਿਹੜੇ ਬਠਿੰਡਾ, ਫ਼ਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਲੁਧਿਆਣਾ, ਮੋਹਾਲੀ, ਪਟਿਆਲਾ, ਸੰਗਰੂਰ, ਅੰਮ੍ਰਿਤਸਰ ਤੇ ਤਲਵਾੜਾ ਵਿਖੇ ਚੱਲ ਰਹੇ ਵਿੱਚ 11ਵੀਂ ਜਮਾਤ ਦੇ ਦਾਖਲੇ ਲਈ ਸੰਯੁਕਤ ਪ੍ਰਵੇਸ਼ ਪ੍ਰੀਖਿਆ ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਰਜਿਸਟ੍ਰੇਸ਼ਨ ਦੀ ਆਖਰੀ 20 ਅਪ੍ਰੈਲ ਹੈ। ਇਸ ਵਾਰ ਇਨ੍ਹਾਂ ਮੈਰੀਟੋਰਸੀਅਸ ਸਕੂਲਾਂ ਵਿੱਚ 4600 ਵਿਦਿਆਰਥੀਆਂ ਦੀਆਂ ਸੀਟਾਂ ਭਰੀਆਂ ਜਾਣਗੀਆਂ। ਉੱਤਮ ਅਤੇ ਮੁਫ਼ਤ ਸਿੱਖਿਆ ਮੁਹੱਈਆ ਕਰਾਉਣ ਕਰਕੇ ਇਹ ਸਾਰੇ ਸਕੂਲ ਗਰੀਬ ਅਤੇ ਹੁਸਿਆਰ ਵਿਦਿਆਰਥੀਆਂ ਲਈ ਲਾਹੇਵੰਦ ਸਿੱਧ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ, ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਜਾਂਦੀ ਮੈਟ੍ਰਿਕ ਪ੍ਰੀਖਿਆ ਦੇ ਰਹੇ ਵਿਦਿਆਰਥੀ, ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਇਸ ਰਜਿਸਟ੍ਰੇਸ਼ਨ ਲਈ ਯੋਗ ਹੋਣਗੇ।

ਉਨ੍ਹਾਂ ਦੱਸਿਆ ਕਿ ਗਿਆਰਵ੍ਹੀਂ ਜਮਾਤ ਵਿੱਚ ਦਾਖਲਾ ਲੈਣ ਦੇ ਚਾਹਵਾਨ ਜਨਰਲ ਕੈਟਾਗਰੀ ਦੇ ਪਿਛਲੇ ਅਕਾਦਮਿਕ ਸੈਸ਼ਨ ਦੀ ਦਸਵੀਂ ਜਮਾਤ ਵਿੱਚੋਂ 70 ਫੀਸਦੀ ਅੰਕ ਤੇ ਐਸ.ਸੀ./ਐਸ.ਟੀ. ਕੈਟਾਗਿਰੀ ਦੇ 65 ਫੀਸਦੀ ਅੰਕਾਂ ਵਾਲੇ ਵਿਦਿਆਰਥੀ ਦਾਖਲਾ ਲੈਣ ਲਈ ਅਪਲਾਈ ਕਰਨ ਦੇ ਯੋਗ ਹੋਣਗੇ। ਇਨ੍ਹਾਂ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ ਪ੍ਰਵੇਸ ਪ੍ਰੀਖਿਆ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਦੀ ਮੈਰਿਟ ਦੇ ਆਧਾਰ ਉੱਪਰ ਦਿੱਤਾ ਜਾਵੇਗਾ।

## ਡੀ ਸੀ ਵੱਲੋਂ ਸੋਸ਼ਲ ਮੀਡੀਆ ਵੈੱਬ ਚੈਨਲਾਂ ਨੂੰ ਬੇਬੁਨਿਆਦ ਅਫ਼ਵਾਹਾਂ ਫੈਲਾਉਣ ਵਿਰੁੱਧ ਚਿਤਾਵਨੀ

**ਮੋਗਾ (ਅਮਰਜੀਤ ਬੱਬਰੀ)**- ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਸੋਸ਼ਲ ਮੀਡੀਆ ਵੈੱਬ ਚੈਨਲਾਂ ਨੂੰ ਬੇਬੁਨਿਆਦ ਅਫ਼ਵਾਹਾਂ ਨੂੰ ਖਬਰਾਂ ਦੇ ਰੂਪ ਵਿੱਚ ਫੈਲਾਉਣ ਤੋਂ ਵਰਜਦਿਆਂ ਚਿਤਾਵਨੀ ਦਿੱਤੀ ਹੈ ਕਿ ਅਜਿਹਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਕੁਝ ਸੋਸ਼ਲ ਮੀਡੀਆ ਵੈੱਬ ਚੈਨਲ ਬੇਬੁਨਿਆਦ ਅਫ਼ਵਾਹਾਂ ਨੂੰ ਖਬਰਾਂ ਦੇ ਰੂਪ ਵਿੱਚ ਫੈਲਾ ਰਹੇ ਹਨ ਤੇ ਲਗਾਤਾਰ ਫ਼ਰਜ਼ੀ ਖ਼ਬਰਾਂ ਦਾ ਸਮਰਥਨ ਵੀ ਕਰ ਰਹੇ ਹਨ। ਇਹ ਝੂਠੀਆਂ ਖ਼ਬਰਾਂ ਸਪੱਸ਼ਟ ਤੱਥਾਂ ਅਤੇ ਮੁੱਦੇ ਦੀ ਅਸਲ ਤਸਵੀਰ ਨੂੰ ਸਾਹਮਣੇ ਨਹੀਂ ਰੱਖਦੀਆਂ, ਜਿਸ ਨਾਲ ਜ਼ਿਲ੍ਹਾ ਪ੍ਰਸ਼ਾਸ਼ਨ ਦੁਆਰਾ ਕੀਤੇ ਗਏ ਚੰਗੇ ਵਿਕਾਸ ਕਾਰਜਾਂ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਜਾਅਲੀ ਖ਼ਬਰਾਂ ਨੂੰ ਸਮੇਂ ਸਿਰ ਨੱਥ ਪਾਉਣ ਲਈ ਸਖ਼ਤ ਅਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਅਜਿਹੀਆਂ ਫ਼ਰਜ਼ੀ ਖ਼ਬਰਾਂ ਵਿਰੁੱਧ ਨਿਯਮਤ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ ਤਾਂ ਜੁ ਅਜਿਹੀਆਂ ਸੂਚਨਾਵਾਂ, ਨਿੱਜੀ ਹਿੱਤਾਂ ਵਾਲੀਆਂ ਸੰਸਥਾਵਾਂ ਨੂੰ ਰਾਜ ਸਰਕਾਰ ਦੇ ਚੱਲ ਰਹੇ ਵਿਕਾਸ ਦੇ ਏਜੰਡੇ ਵਿੱਚ ਵਿਘਨ ਪਾਉਣ ਤੋਂ ਰੋਕਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਮੁੱਖ ਧਾਰਾ ਦੇ ਅਖਬਾਰਾਂ, ਚੈਨਲਾਂ ਤੇ ਹੋਰ ਮੀਡੀਆ ਮਾਧਿਅਮਾਂ ਨਾਲ ਜੁੜੇ ਪੱਤਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੇਬੁਨਿਆਦ ਅਫ਼ਵਾਹਾਂ ਫੈਲਾਉਣ ਵਾਲੇ ਅਜਿਹੇ ਸੋਸ਼ਲ ਮੀਡੀਆ ਵੈੱਬ ਚੈਨਲਾਂ ਨੂੰ ਨੱਥ ਪਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ।

## ਸਪਰਿੰਗ ਡਿਊ ਸਕੂਲ 'ਚ ਨਵੇਂ ਬੱਚਿਆਂ ਲਈ ਵੈਲਕਮ ਪਾਰਟੀ



**ਜਗਰਾਉਂ (ਅਮਿਤ ਖੰਨਾ)**-ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਪ੍ਰਿੰਸੀਪਲ ਸ਼੍ਰੀ ਨਵਨੀਤ ਚੌਹਾਨ ਦੀ ਅਗਵਾਈ ਹੇਠ ਸਕੂਲ ਵਿੱਚ ਨਵੇਂ ਬੱਚਿਆਂ ਦੀ ਆਮਦ ਉਪਰ ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਵੈਲਕਮ ਪਾਰਟੀ ਦਾ ਆਯੋਜਨ ਕੀਤਾ ਗਿਆ। ਪਾਰਟੀ ਦੌਰਾਨ ਸਕੂਲ ਦੇ ਨਰਸਰੀ ਵਿੰਗ ਦੇ ਨਵੇਂ ਬੱਚੇ ਸਕੂਲ ਵਿੱਚ ਰੰਗ-ਬਿਰੰਗੀਆਂ ਪੁਸ਼ਾਕਾਂ ਵਿੱਚ ਪਹੁੰਚੇ। ਕੇਕ ਕੱਟਣ ਦੀ ਰਸਮ ਨੰਨੇ-ਮੁੰਨ੍ਹੇ ਬੱਚਿਆਂ ਦੇ ਨਾਲ ਸਕੂਲ ਅਧਿਆਪਕ ਮੈਡਮ ਵੰਦਨਾ, ਪ੍ਰਭਦੀਪ ਕੌਰ, ਹਰਪ੍ਰੀਤ ਕੌਰ, ਇੰਦਰਪਾਲ ਕੌਰ, ਸਤਵੀਰ ਕੌਰ ਅਤੇ ਮੈਡਮ ਬਲਜੀਤ ਕੌਰ ਨੇ ਨਿਭਾਈ। ਬੱਚਿਆਂ ਨੇ ਸਵਾਦਿਸ਼ਟ ਕੇਕ ਦਾ ਆਨੰਦ ਮਾਣਿਆ ਤੇ ਸੰਗੀਤ ਦੀ ਮਨਮੋਹਕ ਧੁਨਾਂ ਉੱਪਰ ਡਾਂਸ ਵੀ ਕੀਤਾ। ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਨਵੇਂ ਬੱਚਿਆਂ ਦੀ ਸਕੂਲ ਵਿੱਚ ਆਮਦ 'ਤੇ ਜੀ ਆਇਆਂ ਆਖਦਿਆਂ ਕਿਹਾ ਕਿ ਇਨ੍ਹਾਂ ਨੰਨ੍ਹੇ-ਮੁੰਨ੍ਹੇ ਬੱਚਿਆਂ ਦਾ ਸਿੱਖਿਆ ਦੇ ਖੇਤਰ ਵਿੱਚ ਰੱਖਿਆ ਪਹਿਲਾ ਕਦਮ ਇਨ੍ਹਾਂ ਨੂੰ ਖੁਸ਼ਹਾਲ ਜੀਵਨ ਵਿੱਚ ਲੈ ਕੇ ਜਾਵੇਗਾ ਅਤੇ ਇਹ ਵਧੀਆ ਸਿੱਖਿਆ ਦੇ ਨਾਲ ਗੁਣਾਂਤਮਕ ਸਿੱਖਿਆ ਵੀ ਗ੍ਰਹਿਣ ਕਰਨਗੇ। ਇਸ ਸਮੇਂ ਸਮੂਹ ਅਧਿਆਪਕ ਤੇ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਮੈਨੇਜਰ ਮਨਦੀਪ ਚੌਹਾਨ ਆਦਿ ਹਾਜ਼ਰ ਸਨ।

## ਭਾਰਤੀਯ ਅੰਬੇਡਕਰ ਮਿਸ਼ਨ ਦੇ ਸਮਾਗਮ 'ਚ ਇਕੱਠ ਨੇ ਮਿਸ਼ਨ ਨੂੰ ਕੀਤਾ ਹੋਰ ਮਜ਼ਬੂਤ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਦੀ ਅਗਵਾਈ ਹੇਠ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਸਬੰਧੀ ਕਰਾਏ ਸੂਬਾ ਪੱਧਰੀ ਵਿਸ਼ਾਲ ਸਨਮਾਨ ਸਮਾਰੋਹ ਵਿੱਚ ਹੋਏ ਹਜ਼ਾਰਾਂ ਦੀ ਗਿਣਤੀ ਵਿੱਚ ਵਿਸ਼ਾਲ ਇਕੱਠ ਨੇ ਭਾਰਤੀਯ ਅੰਬੇਡਕਰ ਮਿਸ਼ਨ ਨੂੰ ਹੋਰ ਮਜਬੂਤ ਕਰ ਦਿੱਤਾ ਹੈ।

ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਤੇ ਹਜ਼ਾਰਾਂ ਵਲੰਟੀਅਰਾਂ ਨੇ ਮੈਡਮ ਪੂਨਮ ਕਾਂਗੜਾ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਦੇ ਕੰਮਾਂ ਦੀ ਖੂਬ ਸ਼ਲਾਘਾ ਕੀਤੀ। ਸਮਾਗਮ ਦੀ ਸਫ਼ਲਤਾ ਲਈ ਮੈਡਮ ਪੂਨਮ ਕਾਂਗੜਾ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਨੇ ਆਏ ਮਹਿਮਾਨਾਂ, ਭਾਰਤੀਯ ਅੰਬੇਡਕਰ ਮਿਸ਼ਨ ਦੀ ਸਮੁੱਚੀ ਟੀਮ, ਸਮੂਹ ਪ੍ਰੈਸ, ਦੀਪ ਚੰਡਾਲੀਆ ਆਸਟ੍ਰੇਲੀਆ ਦੀ ਪੂਰੀ ਟੀਮ, ਬੁੱਧੀਜੀਵੀਆਂ, ਪੁਲਸ ਪ੍ਰਸ਼ਾਸਨ, ਸਮਾਗਮ ਲਈ ਵੱਖ-ਵੱਖ ਤਰ੍ਹਾਂ ਦਾ ਸਹਿਯੋਗ ਕਰਨ ਵਾਲੇ ਸਾਥੀਆਂ ਅਤੇ ਸਮਾਗਮ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਪਹੁੰਚੀਆਂ ਸੰਸਥਾਵਾਂ ਤੇ ਕਲੱਬਾਂ ਸਣੇ ਸਮੂਹ ਸਹਿਯੋਗੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਪ੍ਰੋਗਰਾਮ ਦੀ ਸਫ਼ਲਤਾ ਲਈ ਮਿਸ਼ਨ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਮੈਡਮ ਪੂਨਮ ਕਾਂਗੜਾ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਕਈ ਵਾਰ ਅਜਿਹੇ ਵਿਸ਼ਾਲ ਸਮਾਗਮ ਦੌਰਾਨ ਕਈ ਤਰ੍ਹਾਂ ਦੀਆਂ ਕਮੀਆਂ ਵੀ ਰਹਿ ਜਾਂਦੀਆਂ ਹਨ, ਜਿਨ੍ਹਾਂ ਲਈ ਉਹ ਖਿਮਾ ਦੇ ਜਾਚਕ ਹਨ। ਅਗਲੇ ਸਮਾਗਮ ਵਿੱਚ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀ ਰਾਜ ਕੁਮਾਰ ਅਰੋੜਾ ਸੂਬਾ ਪ੍ਰਧਾਨ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਪ੍ਰਧਾਨ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਸੰਗਰੂਰ, ਕਰਮਜੀਤ ਕੌਰ ਲੁਧਿਆਣਾ, ਪ੍ਰਿਯੰਕਾ ਅਨੰਦ ਲੁਧਿਆਣਾ, ਸਹਾਰਾ ਫਾਊਂਡੇਸ਼ਨ ਤੋਂ ਵਰਿੰਦਰਜੀਤ ਸਿੰਘ ਬਜਾਜ, ਸੁਭਾਸ, ਹਰਪਾਲ ਸਿੰਘ ਸੋਨੂੰ, ਕੇਵਲ ਸਿੰਘ, ਸਤਨਾਮ ਸਿੰਘ ਜਮਾਲਪੁਰਾ, ਰਾਜ ਸਿੰਘ ਸਰਵਰਪੁਰ, ਮੇਜਰ ਸਿੰਘ ਸਰਵਰਪੁਰ, ਸੁਖਵਿੰਦਰ ਸਿੰਘ ਅਟਵਾਲ, ਸੁਨੈਨਾ ਗਿੱਲ, ਨਿਰਮਲ ਸਿੰਘ ਐਸ ਡੀ ਓ, ਨਛੱਤਰ ਸਿੰਘ ਕੌਂਸਲਰ, ਦਲਜੀਤ ਪਵਾਰ, ਚਰਨਜੀਤ ਕੌਰ ਮਡਾਹਰ, ਲਵਲੀ ਭਲਵਾਨ, ਐਸ ਕੇ ਹੰਸ, ਨਰੇਸ ਰੰਗਾਂ, ਸੁਖਵਿੰਦਰ ਸਿੰਘ ਭੱਟੀ, ਵਿਨੋਦ ਕੁਮਾਰ, ਸ਼ਸ਼ੀ ਚਾਵਰੀਆ, ਰਾਜੇਸ਼ ਲੋਟ, ਹਰਮੇਸ ਸਿੰਘ ਤਲਵਾੜੀ, ਪ੍ਰੋਫੈਸਰ ਗੁਰਜੰਟ ਸਿੰਘ ਤੇ ਰਾਜਪਾਲ ਬਾਉਪੁਰ ਆਦਿ ਹਾਜ਼ਰ ਸਨ।

## ਜੀ ਜੀ ਐੱਸ ਕਾਲਜ ਸੰਘੇੜਾ ਵਿਖੇ ਤਿੰਨ ਰੋਜ਼ਾ ਸਿਵਲ ਡਿਫੈਂਸ ਕੈਂਪ ਸ਼ੁਰੂ

**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**
ਸਪੈਸ਼ਲ ਡਾਇਰੈਕਟਰ ਜਰਨਲ ਆਫ ਪੁਲਸ, ਪੰਜਾਬ ਹੋਮ ਗਾਰਡਜ਼ ਤੇ ਡਾਇਰੈਕਟਰ ਸਿਵਲ ਡੀਫੈਂਸ ਪੰਜਾਬ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਕਮ ਕੰਟਰੋਲਰ ਸਿਵਲ ਡੀਫੈਂਸ ਬਰਨਾਲਾ ਤੇ ਐਡੀਸ਼ਨਲ ਕੰਟਰੋਲਰ ਕਮ ਕਮਾਂਡੈਂਟ ਪੰਜਾਬ ਹੋਮ ਗਾਰਡਜ਼ ਤੇ ਸਿਵਲ ਡੀਫੈਂਸ ਸੰਗਰੂਰ ਜਰਨੈਲ ਸਿੰਘ ਦੀ ਅਗਵਾਈ ਵਿੱਚ ਬਰਨਾਲਾ ਜ਼ਿਲ੍ਹੇ ਵਿੱਚ ਚੱਲ ਰਹੇ ਤਿੰਨ ਰੋਜ਼ਾ ਸਿਵਲ ਡੀਫੈਂਸ ਕੈਂਪ ਦੀ ਲੜੀ ਤਹਿਤ ਦੂਸਰਾ ਕੈਂਪ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਵਿਖੇ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ 125 ਸਿਖਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਪਹਿਲੇ ਦਿਨ ਵਿਭਾਗ ਦੇ ਮਾਸਟਰ ਟਰੇਨਰਜ਼/ਇੰਸਟਰਕਟਰਾਂ ਦੀ ਟੀਮ ਵੱਲੋਂ ਵੱਖ ਵੱਖ ਵਿਸ਼ਿਆਂ ਦੀ ਜਾਣਕਾਰੀ ਤੇ ਡੈਮੋਜ਼ ਦਿੱਤੇ ਗਏ। ਇਸ ਤੋਂ ਇਲਾਵਾ ਹੋਰ ਵੀ ਫੈਕਲਟੀ ਗੈਸਟ ਦੁਆਰਾ ਸਿਖਿਆਰਥੀਆਂ ਨੂੰ ਆਫਤ, ਰੈਸਕਿਊ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਫਾਈਰ ਬ੍ਰਿਗੇਡ ਜ਼ਿਲ੍ਹਾ ਬਰਨਾਲਾ ਵੱਲੋਂ ਫਾਈਰ ਫਾਈਟਿੰਗ ਸਬੰਧੀ ਲੈਕਚਰ ਤੇ ਡੈਮੋ ਦਿੱਤੇ ਗਏ। ਇਸ ਦੇ ਨਾਲ ਹੀ ਸਿਵਲ ਹਸਪਤਾਲ ਦੀ ਡਾਕਟਰਾਂ ਦੀ ਟੀਮ ਵੱਲੋਂ ਫਸਟ ਏਡ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਿਪਟੀ ਚੀਫ ਵਾਰਡਨ ਮਹਿੰਦਰ ਕਪਿਲ, ਇੰਸਪੈਕਟਰ ਅਮਰਿੰਦਰ ਸਿੰਘ, ਇੰਚਾਰਜ ਸਿਵਲ ਡੀਫੈਂਸ ਬਰਨਾਲਾ ਪਰਮਜੀਤ ਸਿੰਘ ਤੇ ਉਨ੍ਹਾਂ ਦੀ ਟੀਮ ਅਮਨਦੀਪ ਸਿੰਘ, ਸੁਖਦੀਪ ਸਿੰਘ, ਹਰਮੇਸ਼ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

## ਅਕਾਲੀ-ਕਾਂਗਰਸੀਆਂ ਦੇ ਪਦਚਿੰਨ੍ਹਾਂ 'ਤੇ ਚੱਲ ਰਹੀ ਹੈ ਮਾਨ ਸਰਕਾਰ : ਏਕਤਾ ਸਿੱਧੂਪੁਰ

**ਮਾਨਸਾ (ਆਤਮਾ ਸਿੰਘ ਪਮਾਰ)**-ਸੁਵਿਧਾ ਕੇਂਦਰਾਂ ਵਿੱਚ ਲੋਕਾਂ ਦੀਆਂ ਨਿੱਜੀ ਕੰਪਨੀਆਂ ਰਾਹੀਂ ਹੋ ਰਹੀ ਅੰਨ੍ਹੇਵਾਹ ਲੁੱਟ ਵਿੱਚ ਆਮ ਆਦਮੀ ਪਾਰਟੀ ਵੀ ਸ਼ਾਮਲ ਹੋ ਗਈ ਹੈ। ਕਾਬਿਲੇਗੌਰ ਹੈ ਕਿ ਸੇਵਾ ਕੇਂਦਰਾਂ ਦੀ ਸ਼ੁਰੂਆਤ 2016 ਵਿੱਚ ਅਕਾਲੀ-ਭਾਜਪਾ ਸਰਕਾਰ ਵੱਲੋਂ ਇੱਕ ਸਹੂਲਤ ਦੇ ਤੌਰ 'ਤੇ ਕੀਤੀ ਗਈ ਸੀ, ਜਿਸ ਦਾ ਠੇਕਾ ਇੱਕ ਨਿੱਜੀ ਕੰਪਨੀ ਵੀ ਐੱਲ ਐੱਸ ਨੂੰ ਦਿੱਤਾ ਗਿਆ ਸੀ। ਪੰਜ ਸਾਲਾਂ ਬਾਅਦ ਕਾਂਗਰਸ ਸਰਕਾਰ ਨੇ ਵੀ ਇਸ ਪਿਰਤ ਨੂੰ ਜਾਰੀ ਰੱਖਿਆ ਤੇ ਸੇਵਾ ਕੇਂਦਰ ਨਿੱਜੀ ਕੰਪਨੀਆਂ ਦੇ ਹਵਾਲੇ ਰਹੇ। ਹੁਣ 2022 'ਚ ਲੋਕਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਉਣ ਨਾਲ ਕੁੱਝ ਉਮੀਦ ਬੱਝੀ ਸੀ ਕਿ ਇਨ੍ਹਾਂ ਸੇਵਾ ਕੇਂਦਰਾਂ ਵਿੱਚ ਹੋ ਰਹੀ ਲੁੱਟ ਨੂੰ ਠੱਲ੍ਹ ਪਵੇਗੀ, ਪਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਲੋਕਾਂ ਦੀ ਲੁੱਟ ਨਿਰੰਤਰ ਜਾਰੀ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਹੁਣ ਨਿੱਜੀ ਕੰਪਨੀਆਂ ਦੇ ਠੇਕੇ ਖਤਮ ਹੋ ਰਹੇ ਹਨ ਤਾਂ ਇਨ੍ਹਾਂ ਸੇਵਾ ਕੇਂਦਰਾਂ ਦੇ ਠੇਕੇ ਲੈਣ ਲਈ ਮੌਜੂਦਾ ਸੱਤਾਧਾਰੀ ਸਰਕਾਰ ਆਪਣੇ ਚਹੇਤਿਆਂ ਨੂੰ ਫਰਜ਼ੀ ਕੰਪਨੀਆਂ ਬਣਾ ਕੇ ਦੇਣ ਦੀ ਤਾਕ ਵਿੱਚ ਹੈ। ਉਨ੍ਹਾਂ ਕਿਹਾ ਕਿ ਨਿੱਜੀ ਕੰਪਨੀਆਂ ਹੱਥ ਸੇਵਾ ਕੇਂਦਰਾਂ ਦੀ ਵਾਗਡੋਰ ਦੇਣ ਕਾਰਨ ਲੋਕਾਂ ਤੋਂ ਵਸੂਲੀਆਂ ਜਾਂਦੀਆਂ ਫੀਸਾਂ ਵਿੱਚ ਸੱਤ ਸਾਲਾਂ 'ਚ ਕਰੀਬ 5 ਗੁਣਾਂ ਵਾਧਾ ਹੋਇਆ ਹੈ, ਪਰ ਅਫਸੋਸ ਦੀ ਗੱਲ ਹੈ ਕਿ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਇੱਕ ਫੀਸਦੀ ਵੀ ਵਾਧਾ ਨਹੀਂ ਕੀਤਾ ਗਿਆ। ਜ਼ਿਲ੍ਹਾ ਸਕੱਤਰ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਸੇਵਾ ਕੇਂਦਰਾਂ ਨੂੰ ਸੇਵਾ ਕੇਂਦਰ ਹੀ ਰਹਿਣ ਦਿੱਤਾ ਜਾਵੇ ਨਾ ਕਿ ਇਨ੍ਹਾਂ ਨੂੰ ਮੁਨਾਫੇ ਦਾ ਇੱਕ ਜ਼ਰੀਆ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜੇ ਮੌਜੂਦਾ ਸਰਕਾਰ ਇਹ ਲੁੱਟ ਰੋਕਣ ਲਈ ਸੁਹਿਰਦ ਨਾ ਹੋਈ ਤਾਂ ਲੋਕਾਂ ਸਾਹਮਣੇ ਸਰਕਾਰ ਦਾ ਦੋਗਲਾ ਚਿਹਰਾ ਨੰਗਾ ਕੀਤਾ ਜਾਵੇਗਾ ਤੇ ਨਾਲ ਹੀ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਵੀ ਕੀਤਾ ਜਾਵੇਗਾ।

## ਪਰਖ ਪ੍ਰੀਖਿਆ ਮੁਕਾਬਲੇ ਕਰਵਾਏ

**ਭੀਖੀ (ਧਰਮਵੀਰ ਸ਼ਰਮਾ)**
ਸਥਾਨਕ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਧਲੇਵਾਂ ਰੋਡ ਵਿਖੇ ਸ੍ਰੀ ਗੁਰੂ ਰਵਿਦਾਸ ਸਤਿਸੰਗ ਤੇ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਤ ਬੱਚਿਆਂ ਦੀ ਪਰਖ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਵਿੱਚ ਵੱਡੀ ਗਿਣਤੀ 'ਚ ਪ੍ਰੀਖਿਆਰਥੀਆਂ ਨੇ ਭਾਗ ਲਿਆ। ਇਹ ਪ੍ਰੀਖਿਆ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਨਾਲ ਸਬੰਧਤ ਲਈ ਗਈ। ਇਸ ਬਾਰੇ ਬੋਲਦਿਆਂ ਮਾਸਟਰ ਅਮਰੀਕ ਭੀਖੀ ਤੇ ਅਜੈਬ ਸਿੰਘ ਨੇ ਕਿਹਾ ਕਿ ਇਸ ਪ੍ਰੀਖਿਆ ਨਤੀਜਾ ਅਗਲੇ ਐਤਵਾਰ ਨੂੰ ਘੋਸ਼ਿਤ ਕੀਤਾ ਜਾਵੇਗਾ, ਪਹਿਲੇ ਤਿੰਨ ਦਰਜੇ ਪ੍ਰਾਪਤ ਕਰਨ ਵਾਲੇ ਪ੍ਰੀਖਿਆਰਥੀਆਂ ਨੂੰ ਟਰਾਫੀਆਂ ਤੇ ਸਾਰੇ ਭਾਗ ਲੈਣ ਵਾਲੇ ਪ੍ਰੀਖਿਆਰਥੀਆਂ ਵੀ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਸਾਹਿਬਦੀਪ ਪਬਲੀਕੇਸ਼ਨ ਭੀਖੀ ਵੱਲੋਂ ਪ੍ਰੀਖਿਆ ਦੇਣ ਵਾਲੇ ਬੱਚਿਆਂ ਨੂੰ ਸਾਹਿਤਕ ਪੁਸਤਕਾਂ ਵੰਡੀਆਂ ਗਈਆਂ। ਇਸ ਸਮੇਂ ਸ੍ਰੀ ਗੁਰੂ ਰਵਿਦਾਸ ਸਤਿਸੰਗ ਕਮੇਟੀ ਦੇ ਅਹੁਦੇਦਾਰ, ਲਵਪ੍ਰੀਤ ਸਿੰਘ, ਹਰਵਿੰਦਰ ਸਿੰਘ, ਜਸਪ੍ਰੀਤ ਸਿੰਘ, ਰਜਿੰਦਰ ਭੀਖੀ, ਬਿੱਟੂ ਸਿੰਘ ਆਦਿ ਹਾਜ਼ਰ ਸਨ।


ਉੱਤਰ ਰੇਲਵੇ
G20
ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਨਿਵਿਦਾ ਸੂਚਨਾ

ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਨਿਰਮਾਣ, ਉੱਤਰ ਰੇਲਵੇ, ਰੇਲਵੇ ਕਸ਼ਮੀਰੀ ਗੇਟ, ਦਿੱਲੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਹੇਠਾਂ ਲਿਖਤ ਕੰਮ ਦੇ ਈ-ਟੈਂਡਰ ਪ੍ਰਣਾਲੀ ਦੁਆਰਾ ਨਿਵਿਦਾ ਮੰਗ ਕੀਤੀ ਜਾਂਦੀ ਹੈ:-

| | | |
|---|---|---|
| 1 | ਕੰਮ ਦਾ ਨਾਮ ਅਤੇ ਸਥਾਨ | ਉਪ ਮੁੱਖ ਇੰਜੀਨੀਅਰ/ਨਿਰਮਾਣ, ਜਲੰਧਰ ਸ਼ਹਿਰਦੇ ਅਧਿਕਾਰ ਖੇਤਰ ਪੱਟੀ ਦੇ ਮਾਲ ਟਰੈਫਿਕ ਨੂੰ ਘਰਯਾਲਾ ਸਟੇਸ਼ਨ ਤੇ ਟਰਾਂਸਫਰ ਕਰਨ ਸਮੇਤ ਘਰਯਾਲਾ ਨਿਊ ਬਲਾਕ ਸਟੇਸ਼ਨ ਦੇ ਕੇ ਸਬੰਧ ਵਿਚ ਸਟੇਸ਼ਨ ਬਿਲਡਿੰਗ ਦੇ ਸਿਵਿਲ ਕੰਮ, ਮਾਲ ਅਤੇ ਯਾਤਰੀ ਪਲੇਟਫਾਰਮ, ਪੁਲਾਂ ਦੇ ਹੇਠਾਂ ਸੜਕ, ਪੀ.ਵੇ. ਦੇ ਕੰਮ ਅਤੇ ਸਾਧਾਰਨ ਬਿਜਲੀ ਕੰਮ, ਫਿਰੋਜ਼ਪੁਰ ਡਵੀਜਨ ਵਿਚ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਸਟੇਸ਼ਨ ਤੇ ਇਕ-ਇਕ ਯਾਤਰੀ ਲਿਫਟ ਦਾ ਕੰਮ। |
| 2 | ਕੰਮ ਪੂਰਾ ਕਰਨ ਦਾ ਸਮਾਂ | 12 (ਬਾਰਾਂ) ਮਹੀਨੇ |
| 3 | ਕੰਮ ਦੀ ਅੰਦਾਜਨ ਲਾਗਤ | ਰੁਪਏ 2004.51 ਲਖ |
| 4 | ਬਿਆਨਾ ਰਾਸ਼ੀ (ਆਨਲਾਈਨ ਜਮ੍ਹਾ ਕਰਵਾਨੀ) ਹੋਵੇਗੀ | ਰੁ. 11,52,300/- |
| 5 | ਨਿਵਿਦਾ ਜਮ੍ਹਾ ਕਰਨ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਨਿਵਿਦਾਵਾਂ 11.30 ਵਜੇ ਤਕ ਅਪਲੋਡ ਕੀਤੀਆਂ ਜਾ ਸਕਦੀਆਂ ਹਨ। 12.05.2023 ਨੂੰ IREPS ਵੈਬ ਸਾਈਟ ਯਾਨੀ www.ireps.gov.in 'ਤੇ ਬੋਲੀ ਲਗਾਉਣ ਵਾਲੇ ਈ-ਨਿਵਿਦਾ ਵਿਚ ਭਾਗ ਲੈ ਸਕਦੇ ਹਨ, ਨਿਵਿਦਾ 12.05.2023 ਨੂੰ 11.30 ਵਜੇ ਖੋਹਲੀ ਜਾਏਗੀ। |
| 6 | ਪਤਾ ਜਿਥੋਂ ਤੋਂ ਨਿਵਿਦਾ ਖਰੀਦੀ ਜਾ ਸਕਦੀ ਹੈ: | ਨਿਵਿਦਾ ਦਸਤਾਵੇਜ www.ireps.gov.in 'ਤੇ ਉਪਲਬਧ ਹੈ ਉਪਰੋਕਤ ਨਿਵਿਦਾ ਦਸਤਾਵੇਜ IREPS ਵੈਬ ਸਾਈਟ ਯਾਨੀ www.ireps.gov.in 'ਤੇ 17.04.2023 ਤੋਂ 12.05.2023 ਤਕ ਪ੍ਰਸਤਾਵ ਜਮ੍ਹਾ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਨਿਵਿਦਾ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਨਿਵਿਦਾ ਦਸਤਾਵੇਜ ਵਿਚ ਦਿਤੇ ਗਏ ਹਨ। ਵਿਸਤ੍ਰਿਤ ਨਿਵਿਦਾ ਸੂਚਨਾ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਤੇ ਵੀ ਦੇਖੀ ਜਾ ਸਕਦੀ ਹੈ। |

ਫੌਂ: 774-W-1-1-464-WA-JUC ਤਾਰੀਕ: 17.04.2023 1142/2023
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕੱਚੇ ਸਿਹਤ ਮੁਲਾਜ਼ਮਾਂ ਵੱਲੋਂ 'ਆਪ' ਖਿਲਾਫ਼ ਪੋਲ ਖੋਲ੍ਹ ਰੈਲੀ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**
ਸੂਬਾ ਸਰਕਾਰ ਵੱਲੋਂ ਕੱਚੇ ਸਿਹਤ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਫੈਸਲਾ ਨਾ ਲੈਣ ਤੋਂ ਅੱਕੇ ਕੱਚੇ ਸਿਹਤ ਮੁਲਾਜ਼ਮਾਂ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ 'ਆਪ' ਸਰਕਾਰ ਖਿਲਾਫ਼ ਪੋਲ ਖੋਲ੍ਹ ਰੈਲੀ ਕਰਦਿਆਂ ਜਲੰਧਰ ਦੇ ਲੋਕਾਂ ਨੂੰ ਸਰਕਾਰ ਦੀ ਅਸਲੀਅਤ ਦੱਸਣ ਦਾ ਫੈਸਲਾ ਲਿਆ ਗਿਆ ਹੈ।

ਐੱਨਐੱਚਐੱਮ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ 1 ਮਈ ਨੂੰ ਮਜ਼ਦੂਰ ਦਿਵਸ ਮੌਕੇ ਸਮੂਹ ਕੱਚੇ ਸਿਹਤ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਜਲੰਧਰ ਜਾਣਗੇ ਤੇ ਉਥੇ ਸਰਕਾਰ ਖਿਲਾਫ਼ ਪੋਲ ਖੋਲ੍ਹ ਰੈਲੀ ਕਰਨ ਉਪਰੰਤ ਜਲੰਧਰ ਦੇ ਲੋਕਾਂ ਵਿੱਚ 50 ਹਜ਼ਾਰ ਪੈਂਫਲਿਟ ਵੰਡਣਗੇ।ਕੱਚੇ ਕਾਮਿਆਂ ਨੇ ਫ਼ੈਸਲਾ ਕੀਤਾ ਹੈ ਕਿ ਉਹ ਜਲੰਧਰ ਦੇ ਲੋਕਾਂ ਨੂੰ ਪੈਂਫਲਿਟਾਂ ਰਾਹੀਂ ਦੱਸਣਗੇ ਕਿ ਇਸ ਸਰਕਾਰ ਨੇ ਸਿਹਤ ਵਿਭਾਗ ਵਿਚ ਅਜੇ ਤੱਕ ਇੱਕ ਮੁਲਾਜ਼ਮ ਪੱਕਾ ਨਹੀਂ ਕੀਤਾ ਹੈ ਤੇ 'ਬਦਲਾਅ' ਦੀ ਗੱਲ ਕਰਨ ਵਾਲੀ ਇਸ ਸਰਕਾਰ ਵਿੱਚ ਵੀ ਮੁਲਾਜ਼ਮ ਨਿਗੂਣੀਆਂ ਤਣਖਾਹਾਂ ਤਹਿਤ ਨੌਕਰੀ ਕਰ ਰਹੇ ਹਨ।

ਐੱਨਐੱਚਐੱਮ ਇੰਪਲਾਈਜ਼ ਯੂਨੀਅਨ ਦੇ ਮੁਲਾਜ਼ਮ ਡਾ. ਮਨਮੀਤ ਕੌਰ, ਲਵਪ੍ਰੀਤ ਸਿੰਘ, ਸੁਨੀਤਾ ਪਾਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਕੌਮੀ ਸਿਹਤ ਮਿਸ਼ਨ (ਐੱਨਐੱਚਐੱਮ) ਤਹਿਤ ਕੰਮ ਕਰਦੇ ਸਮੂਹ ਕੱਚੇ ਮੁਲਾਜ਼ਮਾਂ ਨੂੰ ਸਰਕਾਰ ਬਨਣ 'ਤੇ ਰੈਗੂਲਰ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਹੁਣ ਸਰਕਾਰ ਬਣਿਆ ਇਕ ਸਾਲ ਤੋਂ ਜ਼ਿਆਦਾ ਦਾ ਸਮਾਂ ਹੋ ਜਾਣ ਦੇ ਬਾਵਜੂਦ ਐੱਨਐੱਚਐੱਮ ਤਹਿਤ ਕੰਮ ਕਰਦੇ ਸਿਹਤ ਮੁਲਾਜ਼ਮ ਪੱਕੇ ਨਹੀਂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਐੱਨਐੱਚਐੱਮ ਮੁਲਾਜ਼ਮ ਆਪਣੀ ਅਸਾਮੀ ਦੇ ਹਿਸਾਬ ਨਾਲ ਯੋਗਤਾ ਪੂਰੀ ਕਰਦੇ ਹਨ ਤੇ ਐੱਨਐੱਚਐੱਮ ਦੀਆਂ ਭਰਤੀਆਂ ਯੋਗ ਪ੍ਰਕਿਰਿਆ ਰਾਹੀਂ ਹੋਈਆਂ ਹਨ, ਪਰ ਫਿਰ ਵੀ ਕੱਚੇ ਸਿਹਤ ਮੁਲਾਜ਼ਮਾਂ ਦੀ ਠੇਕਾ ਪ੍ਰਥਾ ਤਹਿਤ ਪਿਛਲੇ ਪੰਦਰ੍ਹਾਂ ਸਾਲਾਂ ਤੋਂ ਆਰਥਿਕ, ਮਾਨਸਿਕ ਲੁੱਟ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਚੋਣ ਵਾਅਦਿਆਂ ਤੋਂ ਭੱਜ ਚੁੱਕੀ ਹੈ।ਇਹ ਸਰਕਾਰ ਸਿਰਫ਼ ਇਸ਼ਤਿਹਾਰਾਂ ਦੀ ਸਰਕਾਰ ਬਣ ਚੁੱਕੀ ਹੈ, ਜੋ ਇਸ਼ਤਿਹਾਰਾਂ ਰਾਹੀਂ ਕੱਚੇ ਕਾਮੇ ਪੱਕੇ ਕਰਨ ਦਾ ਝੂਠ ਬੋਲ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ, ਜਦਕਿ ਹਕੀਕਤ ਵਿੱਚ ਕੱਚੇ ਕਾਮੇ ਅੱਜ ਵੀ ਸਰਕਾਰ ਦੇ ਸੋਸ਼ਣ ਦਾ ਸ਼ਿਕਾਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਨਿਗੂਣੀਆਂ ਤਣਖਾਹਾਂ ਨਾਲ ਜ਼ਿੰਦਗੀ ਬਸਰ ਕਰਨਾ ਬਹੁਤ ਔਖਾ ਹੈ, ਪਰ ਆਮ ਆਦਮੀ ਦੀ ਗੱਲ ਕਰਨ ਵਾਲੀ ਇਹ ਸਰਕਾਰ ਕੱਚੇ ਮੁਲਾਜ਼ਮਾਂ ਵੱਲ ਧਿਆਨ ਨਹੀਂ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਮੰਤਵ ਸਰਕਾਰੀ ਹਸਪਤਾਲਾਂ ਨੂੰ ਤਬਾਹ ਕਰਕੇ ਨਿੱਜੀਕਰਨ ਨੂੰ ਉਤਸ਼ਾਹਿਤ ਕਰਨਾ ਹੈ ਇਸੇ ਕਰਕੇ ਸਰਕਾਰ ਸਰਕਾਰੀ ਹਸਪਤਾਲਾਂ ਦੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਤੋਂ ਭੱਜ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰੀ ਸਿਹਤ ਢਾਂਚਾ ਬਰਕਰਾਰ ਰੱਖਣਾ ਹੈ ਤਾਂ ਕੱਚੇ ਸਿਹਤ ਮੁਲਾਜ਼ਮਾਂ ਨੂੰ ਪੱਕਾ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਸਿਹਤ ਮੁਲਾਜ਼ਮ ਸਿਹਤ ਢਾਂਚੇ ਦੀ ਰੀੜ੍ਹ ਦੀ ਹੱਡੀ ਹਨ।ਇਸ ਲਈ ਲੋਕਾਂ ਨੂੰ ਸਰਕਾਰ ਦੀ ਮਨਸ਼ਾ ਸਮਝਣੀ ਚਾਹੀਦੀ ਹੈ ਕਿ ਇਹ ਸਰਕਾਰ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਨ ਲਈ ਰਵਾਇਤੀ ਪਾਰਟੀਆਂ ਤੋਂ ਵੀ ਦੋ ਕਦਮ ਅੱਗੇ ਚੱਲ ਰਹੀ ਹੈ। ਇਸੇ ਕਰਕੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਕਿਸੇ ਵੀ 'ਆਪ' ਵਿਧਾਇਕ ਨੇ ਕੱਚੇ ਸਿਹਤ ਮੁਲਾਜ਼ਮਾਂ ਦਾ ਮਸਲਾ ਨਹੀਂ ਉਠਾਇਆ, ਹਾਲਾਂਕਿ ਇਸ ਸਰਕਾਰ ਵਿੱਚ ਕਈ ਮੰਤਰੀ/ਵਿਧਾਇਕ ਸਿਹਤ ਵਿਭਾਗ ਨਾਲ ਸਬੰਧਤ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਿਹਤ ਵਿਭਾਗ ਦੇ ਕੱਚੇ ਕਾਮੇ ਪੱਕੇ ਨਾ ਕੀਤੇ ਗਏ ਤੇ ਹਰਿਆਣਾ ਦੀ ਤਰਜ਼ 'ਤੇ ਬਣਦੀਆਂ ਸਹੂਲਤਾਂ ਨਾ ਦਿੱਤੀਆਂ ਗਈਆਂ ਤਾਂ ਉਹ ਪਰਵਾਰਾਂ ਸਮੇਤ ਜਲੰਧਰ ਚੋਣ ਦੌਰਾਨ ਸਰਕਾਰ ਦਾ ਭਾਂਡਾ ਭੰਨਣ ਲਈ ਜਾਣਗੇ।


ਉੱਤਰ ਰੇਲਵੇ
ਆਜ਼ਾਦੀ ਕਾ ਅੰਮ੍ਰਿਤ ਮਹੋਤਸਵ
G20

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. 433-ਸਿਗ- ਟੀ-37-22-23
ਬੰਦ ਹੋਣ ਦੀ ਮਿਤੀ/ਸਮਾਂ-28.04.2023 ਨੂੰ 15:00 ਵਜੇ
ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-37/22-23 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 28.04.2023 ਨੂੰ 15:00 ਵਜੇ ਤਕ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।
ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।
ਐਨ.ਆਈ.ਟੀ.

| | | | |
|---|---|---|---|
| ਕੰਮ ਦਾ ਨਾਮ | (i) FZR ਮੰਡਲ ਤੇ 8 ਸਟੇਸ਼ਨਾਂ ਤੇ ਸਿਗਨਲ ਗਿਯਰ ਦੇ ਪ੍ਰਤੀਸਥਾਪਨ ਦੇ ਸਬੰਧ ਵਿਚ 6 ਕਵਾਡ ਕੇਬਲ ਦਾ ਪ੍ਰਾਵਧਾਨ। (ii) ਫਿਰੋਜ਼ਪੁਰ ਡਵੀਜਨ ਦੇ ਸਮਲੋਟੀ-ਜੋਗਿੰਦਰ ਨਗਰ ਸੈਕਸ਼ਨ (60 ਕਿਲੋਮੀਟਰ) ਵਿਚ ਓਐਫਸੀ ਅਤੇ ਸਬੰਧਿਤ ਉਪਕਰਣਾਂ ਦਾ ਪ੍ਰਾਵਧਾਨ। (iii) ਇਕ ਸਾਲ ਦੇ ਲਈ ADSTE/LDH ਦੇ ਬੀਟ ਵਿਚ ਸੈਕਸ਼ਨਲ ਸਿਗਨਲ ਮੇਂਟਨੈਂਸ ਕਾਂਟਰੈਕਟ (SSMC)। | | |
| ਟਾਈਪ ਆਫ ਟੈਂਡਰ | ਖੁਲ੍ਹੀ (ਈ ਟੈਂਡਰਿੰਗ) | ਟੈਂਡਰ ਪਾਉਣ ਦਾ ਸਿਸਟਮ | ਸਿੰਗਲ ਪੈਕਟ ਸਿਸਟਮ |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | (i) 28.04.2023 15.00 (ii) 03.05.2023 15.00 (iii) 03.05.2023 15.00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 06.04.2023 11:54 ਵਜੇ |
| ਟੈਂਡਰ ਪ੍ਰੀ-ਬਿਡ ਚਾਹੀਦਾ | ਨਹੀਂ | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 14.04.2023 |
| ਅੰਦਾਜਨ ਕੀਮਤ | (i) 23790663.66 (ii) 24801259.98 (iii) 2850001.37 | ਟੈਂਡਰਿੰਗ ਸੈਕਸ਼ਨ | ਸੰਕੇਤ ਅਤੇ ਦੂਰਸੰਚਾਰ |
| ਟੈਂਡਰ ਪਾਉਣ ਦਾ ਤਰੀਕਾ | ਸਿੰਗਲ ਮੂਲ ਸ਼ਡਿਊਲ ਦੀ ਹਰੇਕ ਮਦ ਦੇ ਲਈ | ਬਿਡਿੰਗ ਯੂਨਿਟ | ਰੁ./ਹਰੇਕ |
| ਬਿਆਨਾ ਰਾਸ਼ੀ (ਰੁ.) | (i) 269000.00 (ii) 274000.00 (iii) 57000.00 | ਟੈਂਡਰ ਦੀ ਵੈਧਤਾ ਅਤੇ ਦਿਨ | 60 ਦਿਨ |
| ਟੈਂਡਰ ਡਾਕੂਮੈਂਟ ਦੀ ਕੀਮਤ (ਰੁ.) | ਜੀਰੋ | ਕੰਮ ਪੂਰਾ ਕਰਨ ਦਾ ਸਮਾਂ | 11 ਮਹੀਨੇ |

1146/23
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

19-April-PAGE- 3.qxd 4/18/2023 10:25 PM Page 1



# ਚੀਫ ਇੰਜੀ: ਗੁਰਸ਼ਰਨ ਸਿੰਘ ਖਹਿਰਾ ਦੇ ਨਜਾਇਜ਼ ਤਬਾਦਲੇ ਵਿਰੁੱਧ ਲਾਇਆ ਵਿਸ਼ਾਲ ਧਰਨਾ



**ਤਰਨ ਤਾਰਨ (ਨਜ਼ਸ)**—ਪਾਵਰਕਾਮ ਵਿਭਾਗ ਦੇ ਸਥਾਨਿਕ ਸਰਕਲ ਦੇ ਪੂਰੀ ਲਗਨ ਨਾਲ ਕੰਮ ਕਰਨ ਵਾਲੇ ਇਮਾਨਦਾਰ ਡਿਪਟੀ ਚੀਫ ਇੰਜੀ: ਗੁਰਸ਼ਰਨ ਸਿੰਘ ਖਹਿਰਾ ਦੀ ਸਿਆਸੀ ਅਧਾਰ ਤੇ ਪਾਵਰ ਮੈਨੇਜਮੈਂਟ ਵੱਲੋਂ ਕੀਤੀ ਬਦਲੀ ਦੇ ਖਿਲਾਫ ਅੱਜ ਜਿਲੇ ਦੀਆਂ ਸਮੁੱਚੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆ, ਪਿੰਡਾਂ ਦੀਆਂ ਪੰਚਾਇਤਾਂ, ਰੋਡਵੇਜ਼ ਕਾਮਿਆਂ, ਅਧਿਆਪਕ ਜਥੇਬੰਦੀਆਂ, ਇੰਜੀਨੀਅਰ ਐਸੋਸੀਏਸ਼ਨ ਦੇ ਸਾਂਝੇ ਫਰੰਟ ਵੱਲੋਂ ਸਥਾਨਕ ਸਰਕਲ ਦਫਤਰ ਦੇ ਗੇਟ 'ਤੇ ਕੜਕਦੀ ਧੁੱਪ ਵਿੱਚ ਲਾਮਿਸਾਲ ਰੋਸ ਧਰਨਾ ਲਗਾ ਕੇ ਜ਼ਿਲੇ ਨਾਲ ਸਬੰਧਤ ਕੈਬਨਿਟ ਮੰਤਰੀ ਵੱਲੋਂ ਘਰ ਸੱਦ ਕੇ ਅਧਿਕਾਰੀ ਨੂੰ ਬੇਇਜ਼ਤ ਕਰਨ ਉਪਰੰਤ ਕੀਤੇ ਤਬਾਦਲੇ ਵਿਰੁੱਧ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ।

ਇਸ ਰੋਸ ਪ੍ਰਦਰਸ਼ਨ ਵਿੱਚ ਵਹੀਰਾਂ ਘੱਤ ਕੇ ਰੰਗ ਬਰੰਗੇ ਝੰਡੇ ਅਤੇ ਮਾਟੋਆਂ ਨਾਲ ਲੈਸ ਹੋ ਕੇ ਪਹੁੰਚੇ ਹਜਾਰਾਂ ਦੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ, ਇੰਡਸਟਰੀਅਲ, ਦੁਕਾਨਦਾਰਾਂ, ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਇੰਜੀਨੀਅਰਾਂ ਨੇ ਬੇਦਾਗ ਦਿਨ ਰਾਤ ਕੰਮ ਕਰਕੇ ਖਪਤਕਾਰਾਂ ਦੀ ਸੇਵਾ ਕਰਨ ਵਾਲੇ ਅਧਿਕਾਰੀ ਨਾਲ ਹੋਈ ਧੱਕੇਸ਼ਾਹੀ ਦਾ ਇਨਸਾਫ ਲੈਣ ਅਤੇ ਨਜਾਇਜ ਤੌਰ ਤੇ ਕੀਤੀ ਬਦਲੀ ਰੱਦ ਕਰਵਾਉਣ ਲਈ ਅਵਾਜ ਬੁਲੰਦ ਕੀਤੀ। ਇਸ ਮੌਕੇ ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਦਲਬੀਰ ਸਿੰਘ ਬੇਦਾਦਪੁਰ, ਕਿਰਤੀ ਕਿਸਾਨ ਯੂਨੀਅਨ ਦੇ ਮਾਸਟਰ ਨਛੱਤਰ ਸਿੰਘ, ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ, ਕਿਸਾਨ ਸੰਘਰਸ਼ ਕਮੇਟੀ ਪੰਜਾਬਦੇ ਸੂਬਾ ਪ੍ਰਧਾਨ ਕਵਲਪ੍ਰੀਤ ਸਿੰਘ ਪੰਨੂ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਅੰਮ੍ਰਿਤਪਾਲ ਸਿੰਘ ਜੋੜਾ, ਕੁੱਲ ਹਿੰਦ ਕਿਸਾਨ ਸਭਾ ਦੇ ਤਾਰਾ ਸਿੰਘ ਖਹਿਰਾ, ਜਮਹੂਰੀ ਕਿਸਾਨ ਸਭਾ ਦੇ ਦਲਜੀਤ ਸਿੰਘ ਦਿਆਲਪੁਰ, ਕਿਸਾਨ ਮਜ਼ਦੂਰ ਸ਼ੰਘਰਸ ਕਮੇਟੀ ਦੇ ਪ੍ਰਿਤਪਾਲ ਸਿੰਘ ਖਾਨ, ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਦੇ ਗੁਰਪ੍ਰੀਤ ਸਿੰਘ ਮੰਨਣ, ਇੰਪਲਾਈਜ਼ ਫੈਡਰੇਸ਼ਨ ਚਾਹਲ ਦੇ ਮੰਗਲ ਸਿੰਘ ਠਰੂ, ਕਰਮਚਾਰੀ ਦਲ ਦੇ ਹਰਦੇਵ ਸਿੰਘ ਨਾਗੋਕੇ, ਪਾਵਰਕਾਮ ਪੈਨਸ਼ਨਰ ਯੂਨੀਅਨ ਦੇ ਨਰਿੰਦਰ ਬੇਦੀ, ਟੈਕਨੀਕਲ ਸਰਵਿਸ ਯੂਨੀਅਨ ਦੇ ਅਵਤਾਰ ਸਿੰਘ ਕੈਰੋ, ਇੰਪਲਾਈਜ ਫੈਡਰੇਸ਼ਨ ਪਹਿਲਵਾਨ ਦੇ ਸੂਬਾ ਆਗੂ ਸੁਖਵਿੰਦਰ ਸਿੰਘ, ਜਾਟ ਮਹਾਂ ਸਭਾ ਦੇ ਹਰਪ੍ਰੀਤ ਸਿੰਘ ਸੰਧੂ , ਕੌਮੀ ਕਿਸਾਨ ਯੂਨੀਅਨ ਦੇ ਗੁਰਚਰਨ ਸਿੰਘ ਸਭਰਾ, ਕੌਂਸਲਰ ਸੁਖਦੇਵ ਸਿੰਘ ਲੋਹਕਾ , ਈ ਟੀ ਟੀ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਬਾਠ, ਪਸਸਫ ਦੇ ਕਾਰਜ ਸਿੰਘ ਕੈਰੋ, ਟੀ ਐਸ ਯੂ ਦੇ ਸਾਬਕਾ ਸੂਬਾ ਜਨਰਲ ਸਕੱਤਰ ਜਗਤਾਰ ਸਿੰਘ ਉਪਲ, ਜੇ ਈ ਕੌਸ਼ਲ ਦੇ ਇਕਬਾਲ ਸਿੰਘ, ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ , ਇੰਜੀਨੀਅਰ ਐਸੋਸੀਏਸਨ ਦੇ ਇੰਜੀ ਹਰਪ੍ਰੀਤ ਸਿੰਘ, ਅਕਾਊਂਟ ਕੇਡਰ ਦੇ ਸਿਮਰਨਜੀਤ ਸਿੰਘ , ਐਮ ਐਸ ਯੂ ਦੇ ਸੁਖਵੰਤ ਸਿੰਘ ਫੋਕਲ ਪੁਆਇੰਟ ਇੰਡਸਟਰੀ ਦੇ ਹਰਭਜਨ ਸਿੰਘ ਕੈਰੋ ਆਦਿ ਨੇ ਸਬੋਧਨ ਕਰਦਿਆ ਕੈਬਨਿਟ ਮੰਤਰੀ ਦੀ ਧੱਕੇਸ਼ਾਹੀ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲੋ ਮੰਗ ਕੀਤੀ ਕੇ ਮਾਮਲੇ ਦੀ ਪੜਤਾਲ ਕਰਵਾ ਕੇ ਨਜਾਇਜ਼ ਬਦਲੀ ਤੁਰੰਤ ਰੱਦ ਕਰਨ ਤੋਂ ਇਲਾਵਾ ਅਧਿਕਾਰੀ ਨਾਲ ਹੋਏ ਦੁਰਵਿਵਹਾਰ ਦਾ ਇਨਸਾਫ ਦਿੱਤਾ ਜਾਵੇ । ਇਸ ਮੌਕੇ ਸਾਂਝੀ ਸ਼ੰਘਰਸ ਕਮੇਟੀ ਦੇ ਆਗੂਆਂ ਨੇ ਗਰਮੀ ਦੇ ਮੌਸਮ ਵਿੱਚ ਲੋਕਾਂ ਦੀ ਮੁਸ਼ਕਿਲ ਦੇ ਮੱਦੇਨਜ਼ਰ ਸ਼ਹਿਰ ਵਿੱਚ ਕੀਤਾ ਜਾਣ ਵਾਲਾ ਰੋਸ ਮਾਰਚ ਮੁਲੱਤਵੀ ਕਰਕੇ 20 ਅਪਰੈਲ ਨੂੰ ਸ਼ੰਘਰਸ ਵਿੱਚ ਸ਼ਾਮਲ ਸਮੁੱਚੀਆਂ ਜਥੇਬੰਦੀਆ ਨੇ ਸਥਾਨਿਕ ਗਾਂਧੀ ਪਾਰਕ ਵਿੱਚ ਦੋ ਵਜੇ ਮੀਟਿੰਗ ਸੱਦੀ ਹੈ ਤਾਂ ਜੋ ਸ਼ੰਘਰਸ ਦੀ ਅਗਲੀ ਰੂਪ ਰੇਖਾ ਤਿਆਰ ਕੀਤੀ ਜਾ ਸਕੇ ।ਇਸ ਮੌਕੇ ਸਟੇਜ ਦਾ ਸੰਚਾਲਨ ਪੂਰਨ ਸਿੰਘ ਮਾੜੀਮੇਘਾ ਨੇ ਕੀਤਾ ।

## ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਲੈ ਕੇ ਸਵਰਨਕਾਰਾਂ ਨੇ ਕੀਤੀ ਪ੍ਰੈੱਸ ਕਾਨਫਰੰਸ



**ਬਟਾਲਾ (ਤਰਲੋਕ ਬੱਗਾ)**-ਦੇਸ਼ ਦੇ ਵਿਚ ਵੱਧ ਰਹੀਆਂ ਲੁੱਟਾਂ ਖੋਹਾਂ, ਹੱਤਿਆ ਅਤੇ ਡਕੈਤੀ ਦੀਆਂ ਵਾਰਦਾਤਾਂ ਨੂੰ ਲੈ ਕੇ ਸਵਰਨਕਾਰ ਸੰਘ ਸਮਾਜ ਪੰਜਾਬ ਦੇ ਐਡਵਾਇਜ਼ਰ ਦਲਜੀਤ ਸੂਰੀ ਅਤੇ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਭਾਰਤ ਭੂਸ਼ਣ ਲੂਥਰਾ ਨੇ ਨਹਿਰੂ ਗੇਟ ਵਿਖੇ ਅਪਣੇ ਦਫਤਰ ਵਿਖੇ ਇਕ ਪ੍ਰੈਸ ਕਾਨਫਰੰਸ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ ਦੇਸ਼ ਵਿਚ 70% ਵਾਰਦਾਤਾਂ ਮੱਧ ਵਰਗ ਤੇ ਛੋਟੇ ਸਵਰਨਕਾਰ ਵਪਾਰੀਆਂ ਨਾਲ ਹੋਈਆਂ ਹਨ ਜਿਸ ਕਾਰਨ ਲੋਕਾਂ ਦਾ ਸੋਨੇ ਨਾਲ ਮੋਹ ਘੱਟਦਾ ਜਾ ਰਿਹਾ ਹੈ। ਗਾਹਕ ਵੀ ਘੱਟ ਗਿਆ ਹੈ। ਲੋਕ ਸੋਨਾ ਖਰੀਦਣਾ ਘੱਟ ਗਏ ਹਨ। ਇਸ ਸਬੰਧੀ ਉਕਤ ਨੇਤਾਵਾਂ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਵੀ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਮ ਆਦਮੀ ਪਾਰਟੀ ਤੇ ਵੀ ਬਹੁਤ ਆਸ ਸੀ ਪ੍ਰੰਤੂ ਇਸ ਪਾਰਟੀ ਨੇ ਵੀ ਸਵਰਨਕਾਰ ਲੋਕਾਂ ਵਾਸਤੇ ਕੁਛ ਨਹੀਂ ਕੀਤਾ। ਲੋਕ ਡਰ ਦੇ ਮਾਹੌਲ ਵਿਚ ਜ਼ਿੰਦਗੀ ਜੀ ਰਹੇ ਹਨ। ਲੋਕ ਆਪਣੇ ਆਪ ਅਸੁੱਰਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਸਵਰਨਕਾਰ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕੀਤੀ ਜਾਵੇ।

## ਸ਼੍ਰੋਮਣੀ ਕਮੇਟੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਨੌਜਵਾਨਾਂ ਦੇ ਪਰਵਾਰਾਂ ਨੂੰ ਮੁਲਾਕਾਤ ਲਈ ਲੈ ਕੇ ਜਾਵੇਗੀ ਆਸਾਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਪੰਜਾਬ ਤੋਂ ਗ੍ਰਿਫਤਾਰ ਕਰ ਕੇ ਆਸਾਮ ਦੇ ਡਿਬਰੂਗੜ੍ਹ ਵਿਖੇ ਜੇਲ੍ਹ ਭੇਜੇ ਗਏ ਨੌਜਵਾਨਾਂ ਨੂੰ ਹੁਣ ਉਨ੍ਹਾਂ ਦੇ ਪਰਿਵਾਰਕ ਮੈਂਬਰ ਮਿਲ ਸਕਣਗੇ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲਕਦਮੀ ਨਾਲ ਸੰਭਵ ਹੋ ਸਕਿਆ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਇਥੇ ਕੀਤਾ ਹੈ। ਐਡਵੋਕੇਟ ਸਿਆਲਕਾ ਸ਼੍ਰੋਮਣੀ ਕਮੇਟੀ ਦੀ ਉਸ ਕਾਨੂੰਨੀ ਕਮੇਟੀ ਦੇ ਆਗੂ ਹਨ ਜੋ ਡਿਬਰੂਗੜ੍ਹ ਵਿਖੇ ਜੇਲ੍ਹ ਵਿਚ ਨਜ਼ਰਬੰਦ ਨੌਜਵਾਨਾਂ ਦੇ ਕੇਸਾਂ ਦੀ ਪੈਰਵਾਈ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗਠਨ ਕੀਤੀ ਗਈ ਸੀ।

ਐਡਵੋਕੇਟ ਸਿਆਲਕਾ ਨੇ ਦੱਸਿਆ ਕਿ 10 ਅਪ੍ਰੈਲ ਨੂੰ ਡਿਬਰੂਗੜ੍ਹ ਵਿਖੇ ਜੇਲ੍ਹ ਚ ਬੰਦ ਨੌਜਵਾਨਾਂ ਨਾਲ ਮੁਲਾਕਾਤਾਂ ਮਗਰੋਂ ਸ਼੍ਰੋਮਣੀ ਕਮੇਟੀ ਦੇ ਯਤਨਾਂ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਨਾਲ ਮੁਲਾਕਾਤ ਦੀ ਇਜਾਜ਼ਤ ਮਿਲ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਇਜਾਜ਼ਤ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਪਾਸੋਂ ਪ੍ਰਾਪਤ ਕੀਤੀ ਗਈ ਹੈ। ਐਡਵੋਕੇਟ ਸਿਆਲਕਾ ਨੇ ਦੱਸਿਆ ਕਿ ਡਿਬਰੂਗੜ੍ਹ ਵਿਖੇ ਨਜ਼ਰਬੰਦ ਨੌਜਵਾਨਾਂ ਵਿਚ ਕੁਲਵੰਤ ਸਿੰਘ ਧਾਲੀਵਾਲ, ਵਰਿੰਦਰ ਸਿੰਘ ਜੌਹਲ, ਗੁਰਮੀਤ ਸਿੰਘ ਬੁੱਕਣਵਾਲਾ, ਹਰਜੀਤ ਸਿੰਘ ਜੱਲੂਪੁਰ ਖੈੜਾ, ਭਗਵੰਤ ਸਿੰਘ ਬਾਜੇਕੇ, ਦਲਜੀਤ ਸਿੰਘ ਕਲਸੀ, ਬਸੰਤ ਸਿੰਘ, ਗੁਰਇੰਦਰਪਾਲ ਸਿੰਘ ਔਜਲਾ ਅਤੇ ਪਪਲਪ੍ਰੀਤ ਸਿੰਘ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਨੌਜਵਾਨਾਂ ਦੇ ਪਰਿਵਾਰਾਂ ਨੂੰ ਮੁਲਾਕਾਤ ਲਈ 19 ਅਪ੍ਰੈਲ ਨੂੰ ਆਸਾਮ ਲੈ ਕੇ ਜਾਣ ਦੀ ਯੋਜਨਾ ਹੈ।

ਉਨ੍ਹਾਂ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਮੁਲਾਕਾਤ ਲਈ ਡਿਬਰੂਗੜ੍ਹ ਜਾਣ ਵਾਸਤੇ 18 ਅਪ੍ਰੈਲ ਤੱਕ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਅਧਿਕਾਰੀਆਂ ਨਾਲ ਸੰਪਰਕ ਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਡਿਬਰੂਗੜ੍ਹ ਲੈ ਕੇ ਜਾਣ ਦਾ ਸਮੁੱਚਾ ਪ੍ਰਬੰਧ ਕੀਤਾ ਜਾਵੇਗਾ।

## ਦਾਖਲਾ ਮੁਹਿੰਮ ਸੰਬੰਧੀ ਜ਼ਿਲ੍ਹਾ ਅਧਿਕਾਰੀਆਂ ਦੀ ਬਲਾਕ ਧਾਰ-2 ਦੇ ਸਕੂਲ ਮੁਖੀਆਂ ਨਾਲ ਮੀਟਿੰਗ





**ਪਠਾਨਕੋਟ, (ਦਵਿੰਦਰ ਸਿੰਘ)**- ਬੀਪੀਈਓ ਦਫਤਰ ਧਾਰ-1 ਵਿਖੇ ਬੀਪੀਈਓ ਰਾਕੇਸ਼ ਠਾਕੁਰ ਦੀ ਅਗਵਾਈ ਹੇਠ ਸਮੂਹ ਸਕੂਲ ਮੁਖੀਆਂ ਨਾਲ ਨਵੇਂ ਵਿੱਦਿਅਕ ਸੈਸ਼ਨ ਅਤੇ ਨਵੇਂ ਦਾਖਲੇ ਨੂੰ ਲੈ ਕੇ ਮੀਟਿੰਗ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਦਾਖ਼ਲਾ ਕਮੇਟੀ ਚੇਅਰਮੈਨ ਕਮ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਸਡੀਜੀ ਸਿੰਘ ਨੇ ਮੁੱਖ ਤੌਰ ਤੇ ਸ਼ਾਮਿਲ ਹੋ ਕੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ। ਮੀਟਿੰਗ ਦੌਰਾਨ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਵਿਸਤਾਰ ਨਾਲ ਦਾਖਲਾ ਮੁਹਿੰਮ ਦੇ ਹਰ ਪੱਖ ਦਾ ਰੀਵਿਊ ਕੀਤਾ ਗਿਆ ਅਤੇ ਸਕੂਲ ਮੁਖੀਆਂ ਨੂੰ ਦਾਖਲ ਹੋਏ ਸਾਰੇ ਵਿਦਿਆਰਥੀਆਂ ਨੂੰ ਨਾਲ ਦੀ ਨਾਲ ਕਿਤਾਬਾਂ ਜਾਰੀ ਕਰਨ, ਸਕੂਲ ਨੂੰ ਸਾਫ ਸੁਥਰਾ ਰੱਖਣ, ਮਿਡ ਡੇ ਮੀਲ ਮੀਨੂੰ ਅਨੁਸਾਰ ਬਣਾਉਣ ਅਤੇ ਸਮੂਚਾ ਰਿਕਾਰਡ ਵਿਭਾਗ ਦੇ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਕੋਆਰਡੀਨੇਟਰ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਸਮੇਤ ਸਮੂਹ ਸਕੂਲ ਮੁਖੀ ਹਾਜ਼ਰ ਸਨ।

## 'ਆਦਰਸ਼ ਵਿਦਿਆਰਥੀ ਪੁਰਸਕਾਰ' ਦਾ ਮਾਣ ਹਾਸਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਬੀਤੇ ਦਿਨੀਂ ਰਾਸ਼ਟਰ ਭਾਸ਼ਾ ਵਿਕਾਸ ਪ੍ਰੀਸ਼ਦ ਵੱਲੋਂ ਅਖਿਲ ਭਾਰਤੀ ਆਜ਼ਾਦੀ ਦਾ ਅੰਮ੍ਰਿਤ ਮਹਾਂ-ਉਤਸਵ ਰਾਜ ਭਾਸ਼ਾ ਪ੍ਰੀਖਿਆ ਰਾਸ਼ਟਰੀ ਪੱਧਰ 'ਤੇ ਕਰਵਾਈ ਗਈ ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਰਾਸ਼ਟਰੀ ਭਾਸ਼ਾ ਨਾਲ ਜੋੜੀ ਰੱਖਣਾ ਅਤੇ ਰਾਸ਼ਟਰੀ ਭਾਸ਼ਾ ਦਾ ਵਿਕਾਸ ਕਰਨਾ ਸੀ। ਇਸ ਪ੍ਰੀਖਿਆ ਵਿੱਚ ਭਾਰਤ ਦੇ ਬਹੁਤ ਸਾਰੇ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲੇ ਕਾਫ਼ੀ ਕਠਿਨ ਹੋਣ ਦੇ ਬਾਵਜੂਦ ਵੀ ਆਪਣੀ ਮਿਹਨਤ ਅਤੇ ਹਿੰਦੀ ਅਧਿਆਪਕਾ ਕੰਚਨ ਚੋਪੜਾ ਦੀ ਸਹੀ ਸੇਧ ਸਦਕਾ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀ ਗੁਰਨਾਜ਼ ਸਿੰਘ ਜਮਾਤ ਪਹਿਲੀ, ਗਗਨਦੀਪ ਕੌਰ ਜਮਾਤ ਤੀਸਰੀ, ਹੰਸਿਕਾ ਜਮਾਤ ਅੱਠਵੀਂ ਅਤੇ ਜੈਸਮੀਨ ਕੌਰ ਜਮਾਤ ਸੱਤਵੀਂ ਪਹਿਲੇ ਸਥਾਨ 'ਤੇ ਰਹੇ। ਇੱਥੇ ਦੱਸਣਯੋਗ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਰਾਸ਼ਟਰ ਭਾਸ਼ਾ ਵਿਕਾਸ ਪ੍ਰੀਸ਼ਦ ਵੱਲੋਂ 'ਆਦਰਸ਼ ਵਿਦਿਆਰਥੀ ਪੁਰਸਕਾਰ' ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਬੋਲਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਰਾਸ਼ਟਰ ਪੱਧਰੀ ਪੁਰਸਕਾਰ ਪ੍ਰਾਪਤ ਕਰਕੇ ਵਿਦਿਆਰਥੀਆਂ ਨੇ ਸਕੂਲ ਦੇ ਨਾਮ ਨੂੰ ਚਾਰ ਚੰਨ ਲਗਾਏ ਹਨ।

## ਫੁੱਟਬਾਲ ਟੂਰਨਾਮੈਂਟ 'ਚ ਨੌਸ਼ਹਿਰਾ ਮੱਝਾ ਸਿੰਘ ਦੀ ਟੀਮ ਰਹੀ ਰਨਰਅੱਪ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਮਸੀਹ ਸਪੋਰਟਸ ਕਲੱਬ ਪਿੰਡ ਸੁਚਾਨੀਆ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਕਰਵਾਏ ਗਏ ਸੀਨੀਅਰ ਵਰਗ ਫੁੱਟਬਾਲ ਟੂਰਨਾਮੈਂਟ ਵਿੱਚ ਜਿੱਥੇ ਵੱਖ-ਵੱਖ ਪਿੰਡਾਂ ਅਤੇ ਕਲੱਬਾਂ ਦੀਆਂ ਟੀਮਾਂ ਨੇ ਹਿੱਸਾ ਲਿਆ ਉੱਥੇ ਹੀ ਪਿੰਡ ਨੌਸ਼ਹਿਰਾ ਮੱਝਾ ਸਿੰਘ ਦੀ ਟੀਮ ਨੇ ਵਧੀਆ ਪ੍ਰਦਰਸਨ ਕਰ ਕੇ ਰਨਰਅੱਪ ਦਾ ਖਿਤਾਬ ਆਪਣੇ ਨਾਮ ਕੀਤਾ ਉਥੇ ਹੀ ਟੀਮ ਦਾ ਪਿੰਡ ਨੌਸ਼ਹਿਰਾ ਮੱਝਾ ਸਿੰਘ ਪਹੁੰਚਣ ਤੇ ਭਰਵਾਂ ਸਵਾਗਤ ਕੀਤਾ ਗਿਆ। ਟੀਮ ਦੇ ਕਪਤਾਨ ਹਰਮਨਜੋਤ ਸਿੰਘ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਿੱਥੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਬਹੁਤ ਘੱਟ ਗਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਅੱਜ ਦੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਰੁਚਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਨਸ਼ੇ ਦੇ ਬੁਰੇ ਰੁਝਾਨ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਖੇਡਾਂ ਜਿੱਥੇ ਸਾਨੂੰ ਸਰੀਰ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ ਓਥੇ ਆਪਸੀ ਭਾਈਚਾਰਾ ਤੇ ਅਨੁਸ਼ਾਸਤ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕਰਦੀਆਂ ਹਨ। ਕਪਤਾਨ ਹਰਮਨਜੋਤ ਸਿੰਘ ਨੇ ਕਿਹਾ ਕਿ ਸਾਡੀ ਸਾਰੀ ਟੀਮ ਬਹੁਤ ਮਿਹਨਤੀ ਹੈ ਅਤੇ ਇਸ ਤੋਂ ਪਹਿਲਾਂ ਵੀ ਟੀਮ ਬਹੁਤ ਸਾਰੇ ਟੂਰਨਾਮੈਂਟ ਜਿੱਤ ਚੁੱਕੀ ਹੈ। ਇਸ ਮੌਕੇ ਟੀਮ ਵਿੱਚ ਜਗਜੀਤ ਸਿੰਘ ਗੋਲ ਕੀਪਰ (ਪੰਜਾਬ ਪੁਲਸ), ਗੁਰਪ੍ਰੀਤ ਸਿੰਘ ਮੱਲ੍ਹੀ (ਕੋਚ), ਉਂਕਾਰ ਬਾਜਵਾ, ਸਿਮਰਨਜੀਤ ਸਿੰਘ, ਸੁਰਖਾਬ ਸਿੰਘ, ਚਰਨਦੀਪ ਸਿੰਘ, ਪਵਨਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਪਲਵਿੰਦਰ ਬਾਜਵਾ, ਹੀਰਾ ਸਿੰਘ, ਕਵਲਦੀਪ ਸਿੰਘ, ਗੋਲੂ ਅਤੇ ਜੀਤਾ ਆਦਿ ਖਿਡਾਰੀ ਮੌਜੂਦ ਸਨ।

## ਜੀ ਟੀ ਬੀ ਆਈ ਸਕੂਲ ਕਲਿਆਣਪੁਰ ਦੇ ਨਾਂਅ ਇੱਕ ਵਾਰ ਫਿਰ ਅੰਤਰਰਾਸ਼ਟਰੀ ਉਪਲੱਬਧੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਨਾਮਵਰ ਸੰਸਥਾ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਜੀ.ਟੀ.ਬੀ.ਆਈ. ਸਕੂਲ ਕਲਿਆਣਪੁਰ ਦਿਨੋਂ ਦਿਨ ਤਰੱਕੀ ਦੀਆਂ ਮੰਜ਼ਿਲਾਂ ਛੂਹ ਰਿਹਾ ਹੈ। ਸੰਸਥਾ ਨੂੰ ਹੁਣ ਬਰੌਂਕਸ ਕਮਿਊਨਿਟੀ ਕਾਲਜ, ਸਿਟੀ ਯੂਨੀਵਰਸਿਟੀ, ਨਿਊਯਾਰਕ, ਯੂ. ਐਸ. ਏ ਨਾਲ ਜੁੜਣ ਦਾ ਮਾਣ ਪ੍ਰਾਪਤ ਹੋ ਗਿਆ ਹੈ। ਇਸ ਸੰਬਧੀ ਸਕੂਲ ਦੇ ਚੇਅਰਮੈਨ ਤਰਸੇਮ ਸਿੰਘ ਅਤੇ ਡਾਇਰੈਕਟਰ ਸੁਰਜੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਾਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਕੂਲ ਦੇ ਪ੍ਰਿੰਸੀਪਲ ਡਾ: ਰਵਨੀਤ ਕੌਰ ਦੀ ਸਖ਼ਤ ਮਿਹਨਤ ਤੇ ਅਗਾਂਹਵਧੂ ਸੋਚ ਸਦਕਾ ਸਕੂਲ ਨੇ ਇੱਕ ਹੋਰ ਉਪਲੱਬਧੀ ਹਾਸਿਲ ਕੀਤੀ। ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਹੁਣ ਬਰੌਂਕਸ ਕਮਿਊਨਿਟੀ ਕਾਲਜ, ਸਿਟੀ ਯੂਨੀਵਰਸਿਟੀ , ਨਿਊਯਾਰਕ, ਯੂ. ਐਸ. ਏ ਨਾਲ ਜੁੜ ਗਿਆ ਹੈ। ਹੁਣ ਅਸੀਂ ਇਨ੍ਹਾ ਨਾਲ ਸੱਭਿਆਚਾਰਕ ਤੇ ਗਿਆਨ ਦੇ ਅਦਾਨ ਪ੍ਰਦਾਨ ਦੇ ਪ੍ਰੋਗਰਾਮ ਕਰਾਂਗੇ। ਜੋ ਵਿਦਿਆਰਥੀਆਂ ਲਈ ਬਹੁਤ ਫਾਇਦੇਮੰਦ ਹੈ। ਹੁਣ ਜੀ.ਟੀ.ਬੀ.ਆਈ. ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ ਨਿਊਯਾਰਕ, ਅਮਰੀਕਾ ਜਾ ਕੇ ਵੀ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ। ਵੱਡੀ ਖੁਸ਼ਖਬਰੀ ਇਹ ਹੈ ਕਿ ਇਸ ਕੋਲੈਬੋਰੇਸ਼ਨ (ਸਹਿਯੋਗ) ਨਾਲ ਜੀ. ਟੀ. ਬੀ. ਆਈ. ਸਕੂਲ ਦੇ ਵਿਦਿਆਰਥੀ ਉੱਚ ਸਿੱਖਿਆ ਲਈ ਬੀ. ਸੀ. ਸੀ. ਅਮਰੀਕਾ ਜਾ ਸਕਣਗੇ। ਸਕੂਲ ਪ੍ਰਿੰਸੀਪਲ ਡਾ: ਰਵਨੀਤ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਿਛਲੇ ਸਾਲ 2022 ਵਿੱਚ ਉਹ ਬਰੌਂਕਸ ਯੂਨਿਵਰਸੀਟੀ, ਨਿਊਯਾਰਕ ਵਿੱਚ ਅਪਲਾਈ ਕਰਕੇ ਆਏ ਸਨ ਅਤੇ ਹੁਣ ਇੱਕ ਸਾਲ ਬਾਅਦ ਇਹ ਕੋਲੈਬੋਰੇਸ਼ਨ ਹੋ ਗਈ ਹੈ। ਜਿਸ ਵਿੱਚ ਜੀ.ਟੀ.ਬੀ.ਆਈ.ਸਕੂਲ ਅਤੇ ਬੀ.ਸੀ.ਸੀ., ਸੀ.ਯੂ.ਐੱਨ.ਵਾਈ ਮਿਲ ਕੇ ਸਾਂਝੇ ਹਿੱਤਾਂ ਲਈ ਕੰਮ ਕਰਨਗੇ। ਇਸ ਦੇ ਨਾਲ- ਨਾਲ ਪਾਠਕ੍ਰਮ ਅਨੁਕੂਲਤਾ ਤੇ ਵੀ ਕੰਮ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਸਕੂਲ ਨੇ ਇਹ ਉਪਲੱਬਧੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿਰਪਾ ਨਾਲ ਪ੍ਰਾਪਤ ਕੀਤੀ ਹੈ ਇਸ ਲਈ ਉਹਨਾਂ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਇਸ ਸਬੰਧ ਵਿੱਚ ਪ੍ਰਿੰਸੀਪਲ ਡਾ: ਰਵਨੀਤ ਕੌਰ ਨੇ ਸਿਟੀ ਯੂਨੀਵਰਸਿਟੀ ਦੇ ਪ੍ਰਧਾਨ ਡਾ. ਥਾਮਸ, ਡਾ. ਅਲੈਗਜੇਂਡਰ (ਡੀਨ), ਪੋ. ਪਰੀਮਿਤਾ ਸੈਨ ਅਤੇ ਸ਼੍ਰੀ ਵਰੇਂਦਰ ਰਾਵਤ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਦੋਵੇਂ ਸੰਸਥਾਵਾਂ ਜੁੜੀਆਂ ਹਨ। ਇਸ ਮੌਕੇ ਉਨ੍ਹਾਂ ਮਾਪਿਆਂ-ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ ਅਤੇ ਸਕੂਲ ਨੇ ਜਸ਼ਨ ਮਨਾਇਆ।

## ਰਜਿਸਟਰਡ ਉਦਯੋਗਿਕ ਕਿਰਤੀ ਧੀਆਂ ਲਈ ਵਿਸ਼ੇਸ਼ ਸ਼ਗਨ ਸਕੀਮ ਦਾ ਲਾਭ ਉਠਾਉਣ : ਡੀ ਸੀ

**ਧਾਰੀਵਾਲ,17 ਅਪ੍ਰੈਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਸਰਕਾਰ ਵੱਲੋਂ ਉਦਯੋਗਿਕ ਕਿਰਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਵਿਸ਼ੇਸ਼ ਸ਼ਗਨ ਸਕੀਮ ਚਲਾਈ ਜਾ ਰਹੀ ਹੈ ਜਿਸ ਤਹਿਤ ਰਜਿਸਟਰਡ ਉਦਯੋਗਿਕ ਕਿਰਤੀ ਆਪਣੀ ਧੀ ਦੀ ਸ਼ਾਦੀ ਮੌਕੇ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਇਸ ਸਕੀਮ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਕੇਵਲ ਉਨ੍ਹਾਂ ਉਦਯੋਗਿਕ ਕਿਰਤੀਆਂ ਨੂੰ ਮਿਲੇਗਾ ਜੋ ਪੰਜਾਬ ਲੇਬਰ ਵੈੱਲਫੇਅਰ ਫੰਡ ਐਕਟ-1965 ਅਧੀਨ ਰਜਿਸਟਰਡ ਅਦਾਰੇ/ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦੇ ਹੋਣ ਅਤੇ ਪੰਜਾਬ ਲੇਬਰ ਵੈੱਲਫੇਅਰ ਫੰਡ ਵਿੱਚ ਲਗਾਤਾਰ ਯੋਗਦਾਨ ਦੇ ਰਹੇ ਹੋਣ। ਉਨ੍ਹਾਂ ਦੱਸਿਆ ਕਿ ਕਿਰਤੀ ਆਪਣੀ ਧੀ ਦੇ ਵਿਆਹ ਦੀ ਨਿਰਧਾਰਤ ਮਿਤੀ ਤੱਕ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ਕਿਰਤ ਸੁਲਾਹ ਅਫ਼ਸਰ ਨੂੰ ਨਿਰਧਾਰਤ ਫਾਰਮ 'ਤੇ ਪ੍ਰਾਰਥਨਾ ਪੱਤਰ ਭੇਜ ਸਕਦੇ ਹਨ। ਸ਼ਗਨ ਸਕੀਮ ਅਧੀਨ ਜੋ ਲੜਕੀ ਖੁਦ ਕੰਮ ਕਰਦੀ ਹੋਵੇ (ਵਰਕਰ ਹੋਵੇ) ਉਸ ਨੂੰ ਵੀ ਇਸ ਸਕੀਮ ਦਾ ਲਾਭ ਦਿੱਤਾ ਜਾਵੇਗਾ। ਇਸ ਸਕੀਮ ਅਧੀਨ ਕੇਵਲ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ ਨਾ ਕਿ ਤਲਾਕ ਆਦਿ ਹੋ ਜਾਣ 'ਤੇ ਦੁਬਾਰਾ ਸ਼ਾਦੀ ਕਰਨ 'ਤੇ। ਕਿਰਤੀ ਆਪਣੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਰੀਕ ਤੋਂ ਬਾਅਦ 6 ਮਹੀਨੇ ਦੇ ਅੰਦਰ-ਅੰਦਰ ਦਰਖਾਸਤ ਦੇ ਸਕਦਾ ਹੈ। ਜੇਕਰ ਕਿਰਤੀ ਨੂੰ ਇਸ ਸਕਮ ਅਧੀਨ ਰਾਜ ਸਰਕਾਰ ਜਾਂ ਕਿਸੇ ਹੋਰ ਸੰਸਥਾ ਵੱਲੋਂ ਕੋਈ ਅਜਿਹੀ ਵਿੱਤੀ ਸਹਾਇਤਾ ਲੈ ਰਿਹਾ ਹੈ ਤਾਂ ਉਹ ਵੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ। ਡਾ. ਹਿਮਾਂਸ਼ੂ ਅਗਰਵਾਲ ਨੇ ਅੱਗੇ ਦੱਸਿਆ ਕਿ ਸ਼ਗਨ ਸਕੀਮ ਦੀ ਇਹ ਰਾਸ਼ੀ ਲੜਕੀ ਦੇ ਬੈਂਕ ਖਾਤੇ ਵਿੱਚ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਲੜਕੀ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ। ਲੜਕੀ ਦੀ ਉਮਰ ਸਬੰਧੀ ਸਬੂਤ ਵਜੋਂ ਸਕੂਲ ਸਰਟੀਫਿਕੇਟ, ਜਨਮ ਸਰਟੀਫਿਕੇਟ, ਅਧਾਰ ਕਾਰਡ ਜਾਂ ਡਰਾਈਵਿੰਗ ਲਾਇਸੈਂਸ ਦੀ ਕਾਪੀ ਬਿਨੈਪੱਤਰ ਨਾਲ ਲਗਾਈ ਜਾ ਸਕਦੀ ਹੈ। ਬਿਨੈਪੱਤਰ ਦੇ ਨਾਲ ਰਜਿਸਟਰਡ ਮੈਰਿਜ ਸਰਟੀਫਿਕੇਟ ਵੀ ਲਗਾਇਆ ਜਾਵੇ। ਬਿਨੈਪੱਤਰ ਕਰਨ ਸਮੇਂ ਕਿਰਤੀ ਦੀ ਤਨਖਾਹ ਦੀ ਕੋਈ ਸੀਮਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਕਿਰਤੀ ਚਾਹੇ ਤਾਂ 20,000 ਰੁਪਏ ਦੀ ਰਾਸ਼ੀ ਵਿਆਹ ਸਬੰਧੀ ਪਿੰਡ ਦੇ ਸਰਪੰਚ ਜਾਂ ਸ਼ਹਿਰ ਦੇ ਐੱਮ. ਸੀ. ਪਾਸੋਂ ਅਟੈਸਟਿਡ ਸਵੈ ਘੋਸ਼ਣਾ ਪੱਤਰ ਲਗਾ ਕੇ ਵਿਆਹ ਦੀ ਤਰੀਕ ਤੋਂ 3 ਮਹੀਨੇ ਪਹਿਲਾਂ ਐਡਵਾਂਸ ਲੈ ਸਕਦਾ ਹੈ ਅਤੇ 11,000 ਰੁਪਏ ਦੀ ਰਾਸ਼ੀ ਵਿਆਹ ਹੋਣ ਉਪਰੰਤ 6 ਮਹੀਨਿਆਂ ਦੇ ਵਿੱਚ-ਵਿੱਚ ਮੈਰਿਜ ਰਜਿਸਟ੍ਰੇਸ਼ਨ ਸਰਟੀਫਿਕੇਸ਼ਨ ਲਗਾ ਕੇ ਅਪਲਾਈ ਕਰ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਰਜਿਸਟਰਡ ਉਦਯੋਗਿਕ ਕਿਰਤੀਆਂ ਨੂੰ ਇਸ ਸ਼ਗਨ ਸਕੀਮ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

## ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਲੋਕ ਅਦਾਲਤ ਸੰਬੰਧੀ ਮੀਟਿੰਗ



**ਤਰਨ ਤਾਰਨ (ਪ੍ਰਿਤਪਾਲ ਸਿੰਘ)**– ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 13 ਮਈ, ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਲੋਕ ਅਦਾਲਤ ਦੇਸ਼ ਦੀ ਹਰ ਤਹਿਸੀਲ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਲਗਾਈ ਜਾ ਰਹੀ ਹੈ। ਨੈਸ਼ਨਲ, ਪ੍ਰੀ ਅਤੇ ਮਾਸਿਕ ਲੋਕ ਅਦਾਲਤ ਵਿੱਚ ਦੋਵਾਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇਸ ਸੰਬੰਧ ਵਿੱਚ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਪ੍ਰਤਿਮਾ ਅਰੋੜਾ ਵੱਲੋਂ ਅੱਜ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਜਲਦੀ ਨਿਪਟਾਰਾ ਕਰਨ ਲਈ ਜ਼ਿਲ੍ਹੇ ਦੇ ਡੀ. ਡੀ. ਪੀ. ਓ, ਬੀ. ਡੀ. ਪੀ. ਓਜ਼, ਸੀ. ਡੀ. ਪੀ. ਓ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨਾਲ ਮੀਟਿੰਗ ਕੀਤੀ ਗਈ।

ਜੱਜ ਸਾਹਿਬ ਨੇ ਮੀਟਿੰਗ ਵਿੱਚ ਹਾਜ਼ਰ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡਾਂ ਅਤੇ ਸਕੂਲਾਂ ਵਿੱਚ 13 ਮਈ ਨੂੰ ਲੱਗ ਰਹੀ ਨੈਸ਼ਨਲ ਲੋਕ ਅਦਾਲਤ ਸਬੰਧੀ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਉਨਾਂ ਦੱਸਿਆ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿੱਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਉਨਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬਚਤ ਹੁੰਦੀ ਹੈ ਉੱਥੇ ਦੋਹਾਂ ਧਿਰਾਂ ਵਿੱਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਜੇਕਰ ਲੋਕ ਅਦਾਲਤ ਵਿੱਚ ਕਿਸੇ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫੀਸ ਵਾਪਿਸ ਹੋ ਜਾਂਦੀ ਹੈ। ਇਹ ਨੈਸ਼ਨਲ ਲੋਕ ਅਦਾਲਤ ਇਸ ਵਾਰ ਤਰਨ ਤਾਰਨ, ਪੱਟੀ ਅਤੇ ਖਡੂਰ ਸਾਹਿਬ ਵਿਖੇ ਲੱਗ ਰਹੀ ਹੈ।

## ਐੱਚ3ਐੱਨ2 ਸੰਕਰਮਣ ਤੋਂ ਬਚਣ 'ਚ ਮਦਦ ਕਰ ਸਕਦੈ 4-ਇਨ-1 ਫਲੂ ਵੈਕਸੀਨੇਸ਼ਨ

**ਲੁਧਿਆਣਾ**: ਆਈਸੀਐੱਮਆਰ ਦੁਆਰਾ ਹਾਲ ਹੀ ਵਿੱਚ ਜਾਰੀ ਕੀਤੀ ਗਈ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਐੱਚ3ਐੱਨ2 ਵਾਇਰਸ ਕਾਰਨ ਹੋਣ ਵਾਲੇ ਫਲੂ ਦੇ ਮਾਮਲੇ ਪੂਰੇ ਦੇਸ਼ ਵਿੱਚ ਵੱਧ ਰਹੇ ਹਨ। ਵਾਇਰਸ ਦਾ ਇਹ ਸਟ੍ਰੇਨ ਲੰਬੇ ਸਮੇਂ ਤੱਕ ਬਿਮਾਰੀ ਦਾ ਕਾਰਨ ਬਣਦਾ ਹੈ ਅਤੇ ਹੋਰ ਵਾਇਰਸ ਸਟ੍ਰੇਨਾਂ ਨਾਲ ਹੋਣ ਵਾਲੇ ਫਲੂ ਸੰਕਰਮਣ ਦੀ ਤੁਲਨਾਂ ਵਿੱਚ ਇਸ ਕਾਰਨ ਹਸਪਤਾਲ ਵਿੱਚ ਦਾਖ਼ਲ ਹੋਣ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਸਪਲਿੰਗ ਹਾਸਪਿਟਲ ਫ਼ਾਰ ਵੂਮੈਨ ਐਂਡ ਚਿਲਡਰਨ ਦੇ ਬੱਚਿਆਂ ਦੇ ਰੋਗਾਂ ਦੇ ਮਾਹਰ ਡਾ. ਅਸ਼ਵਨੀ ਸਿੰਗਲ ਕਹਿੰਦੇ ਹਨ ਕਿ ਬੱਚੇ ਫਲੂ ਦੇ ਸੰਕਰਮਣ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਐੱਚ3ਐੱਨ2 ਮਾਮਲਿਆਂ ਵਿੱਚ ਵਾਧੇ ਦੇ ਨਾਲ 5 ਸਾਲ ਤੋਂ ਘੱਟ ਉਮਰ ਦੇ ਬੱਚੇ ਜ਼ਿਆਦਾ ਜ਼ੋਖਮ ਵਿੱਚ ਹਨ। ਡਾ. ਸਿੰਗਲਾ ਇਨਡੋਰਜ਼ ਦੇ ਐੱਮ. ਡੀ., ਡਾ. ਸਿੰਗਲਾ ਨੇ ਕਿਹਾ ਕਿ ਐੱਚ3ਐੱਨ2 ਵਾਇਰਸ ਕਾਰਨ ਹੋਣ ਵਾਲੇ ਫਲੂ ਦਾ ਸੰਕਰਰਮਣ ਲੰਬੇ ਸਮੇਂ ਤੱਕ ਰਹਿ ਸਕਦਾ ਹੈ ਅਤੇ ਇਸ ਨਾਲ ਸੰਕਰਮਿਤ ਰੋਗੀ ਹੋਰ ਫਲੂ ਸਬ-ਟਾਈਪਸ ਦੀ ਤੁਲਨਾਂ ਵਿੱਚ ਹਸਪਤਾਲ ਵਿੱਚ ਜ਼ਿਆਦਾ ਦਾਖ਼ਲ ਹੁੰਦੇ ਹਨ । 4-ਇਨ-1 ਟੀਕਾਕਰਣ ਐੱਚ3ਐੱਨ2 ਅਤੇ ਤਿੰਨ ਹੋਰ ਸਬ-ਟਾਈਪਸ ਦੇ ਫਲੂ ਵਾਇਰਸ ਸੁਰੱਖਿਅਤ ਰਹਿਣ ਦੇ ਤੋਂ ਅਸਰਦਾਰ ਤਰੀਕਿਆਂ ਵਿੱਚੋਂ ਇੱਕ ਹੈ।

## ਕਿਰਤੀ ਕਿਸਾਨ ਯੂਨੀਅਨ ਪਿੰਡ ਭੋਰਛੀ ਰਾਜਪੂਤਾਂ ਦੀ ਚੋਣ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਕਿਰਤੀ ਕਿਸਾਨ ਯੂਨੀਅਨ ਵੱਲੋਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਰਵਿੰਦਰ ਸਿੰਘ ਛੱਜਲਵੱਡੀ ਦੀ ਅਗਵਾਈ ਹੇਠ ਪਿੰਡ ਭੋਰਛੀ ਰਾਜਪੂਤਾਂ ਦੀ ਇਕਾਈ ਦੀ ਚੋਣ ਕੀਤੀ ਗਈ ਜਿਸ ਵਿੱਚ ਹਰਪਾਲ ਸਿੰਘ ਸੇਠੀ ਪ੍ਰਧਾਨ, ਡਾ. ਮੁਖਤਾਰ ਸਿੰਘ ਸਕੱਤਰ, ਬਲਦੇਵ ਸਿੰਘ ਧੰਜੂ ਮੀਤ ਪ੍ਰਧਾਨ, ਸੁਖਚੈਨ ਸਿੰਘ ਹਾਂਡਾ ਜੰਮੂ ਮੀਤ ਪ੍ਰਧਾਨ, ਬੋਬਿਨਦੀਪ ਸਿੰਘ ਖਜਾਨਚੀ, ਪ੍ਰਭਜੀਤ ਸਿੰਘ ਜੰਮੂ ਪ੍ਰੈੱਸ ਸਕੱਤਰ ਅਤੇ ਰਵੀ ਸਿੰਘ ਮਲਕਪੁਰੀਆ ਜਥੇਬੰਦਕ ਸਕੱਤਰ ਤੋਂ ਇਲਾਵਾ ਪ੍ਰਿੰਸੀਪਾਲ ਸਿੰਘ ਧੰਜੂ, ਜਗਜੀਤ ਸਿੰਘ ਬਬਲੂ, ਵਰਿੰਦਰ ਸਿੰਘ ਸੋਨੂੰ, ਬਲਦੇਵ ਸਿੰਘ ਬਾਵਾ ਅਤੇ ਸੁਖਵਿੰਦਰ ਸਿੰਘ ਹਾਂਡਾ ਸਮੇਤ 12 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਮੀਟਿੰਗ ਵਿੱਚ ਗੱਲ ਕਰਦਿਆਂ ਰਵਿੰਦਰ ਸਿੰਘ ਛੱਜਲਵੱਡੀ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਫਸਲਾਂ 'ਤੇ ਐਮ.ਐਸ.ਪੀ. ਦੇਣ ਤੋਂ ਭੱਜ ਚੁੱਕੀ ਹੈ, ਜਿਸ ਕਾਰਨ ਕਿਸਾਨਾਂ ਦੀ ਆਰਥਿਕ ਹਾਲਤ ਲਗਾਤਾਰ ਕਮਜ਼ੋਰ ਹੁੰਦੀ ਜਾ ਰਹੀ ਹੈ। ਉਹਨਾ ਨੇ ਕਿਹਾ ਕਿ ਮੌਸਮੀ ਕਰੋਪੀ ਕਾਰਨ ਪੰਜਾਬ ਅੰਦਰ ਕਣਕ ਸਮੇਤ ਹਾੜ੍ਹੀ ਦੀਆਂ ਫਸਲਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਕਿਸਾਨਾਂ ਨੂੰ ਨਿਗੂਣੇ ਮੁਆਵਜ਼ੇ ਦੇ ਕੇ ਆਪਣੇ ਕੀਤੇ ਹੋਏ ਚੋਣ ਵਾਅਦਿਆਂ ਤੋਂ ਮੂੰਹ ਫੇਰ ਲਿਆ ਹੈ। ਉਹਨਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਵੀ ਫਸਲਾਂ ਦੇ ਭਾਅ ਵਿੱਚ ਕਟੌਤੀ ਕਰਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਗਿਆ ਹੈ। ਜਿਸ ਕਾਰਨ ਸੰਯੁਕਤ ਕਿਸਾਨ ਮੋਰਚੇ ਵੱਲੋਂ 18 ਅਪ੍ਰੈਲ ਨੂੰ ਦੁਪਹਿਰੇ 12 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਪੰਜਾਬ ਅੰਦਰ ਕੀਤੇ ਜਾ ਰਹੇ ਚੱਕਾ ਜਾਮ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਧ ਚੜ੍ਹ ਕੇ ਸ਼ਾਮਲ ਹੋਵੇਗੀ। ਉਹਨਾ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ 75 ਫੀਸਦੀ ਤੋਂ ਵਧੇਰੇ ਨੁਕਸਾਨ ਹੋਣ ਵਾਲੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਜਾਵੇ।

## ਅਰਜੁਨ ਰਾਮ ਮੇਘਵਾਲ ਨੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਚਾਲੂ ਯੋਜਨਾਵਾਂ ਦਾ ਕੀਤਾ ਰੀਵਿਊ



**ਪਠਾਨਕੋਟ: (ਦਵਿੰਦਰ ਸਿੰਘ)**-ਭਾਰਤ ਸਰਕਾਰ ਵੱਲੋਂ ਜਨ ਭਲਾਈ ਹਿੱਤ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚੇ ਅਤੇ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਲੋਕ ਇਨ੍ਹਾਂ ਯੋਜਨਾਵਾਂ ਦੇ ਬਾਰੇ ਵਿੱਚ ਪੂਰੀ ਤਰ੍ਹਾਂ ਨਾਲ ਜਾਣ ਸਕਣ। ਇਹ ਪ੍ਰਗਟਾਵਾ ਅਰਜੁਨ ਰਾਮ ਮੇਘਵਾਲ ਕੇਂਦਰੀ ਸੰਸਦੀ ਮਾਮਲੇ ਅਤੇ ਸੱਭਿਆਚਾਰ ਰਾਜ ਮੰਤਰੀ ਭਾਰਤ ਸਰਕਾਰ ਨੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿੱਚ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਦੌਰਾਨ ਕੀਤਾ। ਇਸ ਮੋਕੇ ਤੇ ਸਰਵਸ੍ਰੀ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸਨਰ ਜ਼ਰਨਲ, ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ, ਹਰਜਿੰਦਰ ਸਿੰਘ ਐਸ.ਡੀ.ਐਮ. ਧਾਰ ਕਲ੍ਹਾ, ਵਿਜੈ ਸਰਮਾ ਜਿਲ੍ਹਾ ਪ੍ਰਧਾਨ, ਜਿਲ੍ਹਾ ਮੁੱਖ ਸਕੱਤਰ ਸੁਰੇਸ ਸਰਮਾ, ਵਿਨੋਦ ਧਿਮਾਨ, ਸਾਬਕਾ ਮੰਤਰੀ ਮਾਸਟਰ ਮੋਹਨ ਲਾਲ, ਸਾਬਕਾ ਵਿਧਾਇਕ ਸੀਮਾ ਕੁਮਾਰੀ, ਸਾਬਕਾ ਮੇਅਰ ਅਨਿਲ ਵਾਸੂਦੇਵਾ, ਰਜਿੰਦਰ ਬਿੱਟਾ ਸੂਬਾ ਪ੍ਰਧਾਨ ਓ.ਬੀ.ਸੀ., ਰੂਪ ਲਾਲ ਸਾਬਕਾ ਪ੍ਰਧਾਨ ਨਗਰ ਕੌਂਸਲ ਸੁਜਾਨਪੁਰ, ਪੰਕਜ ਜੋਸੀ ਓ.ਐਸ.ਡੀ. ਸੰਸਦ ਸੰਨੀ ਦਿਉਲ, ਜਸਵਿੰਦਰ ਢਿੱਲੋਂ ਲੋਕ ਪ੍ਰਵਾਰੀ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ।

## ਕਿਸਾਨੀ ਮੰਗਾਂ ਲਈ ਡੀ ਸੀ ਪੁਲਸ ਕਮਿਸ਼ਨਰ ਤੇ ਮੁੱਖ ਖੇਤੀਬਾੜੀ ਅਫ਼ਸਰ ਨੂੰ ਮੰਗ ਪੱਤਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋ ਸੂਬਾ ਪੱਧਰੀ ਪ੍ਰੋਗਰਾਮ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਵੱਲੋ ਸੂਬਾਈ ਆਗੂ ਗੁਰਬਚਨ ਸਿੰਘ ਚੱਬਾ, ਜਰਮਨਜੀਤ ਬੰਡਾਲਾ ਅਤੇ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵੱਲੋਂ ਕਣਕ ਦੀ ਖਰੀਦ ਤੇ ਬੇਲੋੜੀਆਂ ਸ਼ਰਤਾਂ ਮੜ੍ਹ ਕੇ ਭਾਅ ਤੇ ਲਗਾਏ ਕੱਟ ਨੂੰ ਵਾਪਿਸ ਕਰਵਾਉਣ ਲਈ ਡੀਸੀ ਦਫਤਰ ਅੰਮ੍ਰਿਤਸਰ ਵਿਚ ਪੀ. ਸੀ. ਐੱਸ. ਅਧਿਕਾਰੀ ਵਰੁਣ, ਪੁਲਸ ਕਮਿਸ਼ਨਰ ਅੰਮ੍ਰਿਤਸਰ ਨੌਨਿਹਾਲ ਸਿੰਘ ਨੂੰ ਮੰਗ ਪੱਤਰ ਸੌਂਪੇ ਗਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਗੜ੍ਹੇਮਾਰੀ ਤੇ ਬੇਮੌਸਮੀ ਕੁਦਰਤੀ ਮਾਰ ਤੋਂ ਬਾਅਦ ਕਿਸਾਨੀ ਉਪਰ ਸਰਕਾਰ ਵੱਲੋਂ ਇਹਨਾਂ ਸ਼ਰਤਾਂ ਦੇ ਰੂਪ ਵਿਚ ਹੋਏ ਹਮਲੇ ਦੇ ਖਿਲਾਫ਼ ਲੋਕਾਂ ਵਿੱਚ ਗੁੱਸਾ ਹੈ। ਓਹਨਾ ਕਿਹਾ ਕਿ ਸਰਕਾਰ ਨਾ ਸਿਰਫ 6-18% ਸੁੰਗੜੇ ਦਾਣੇ ਅਤੇ 10-80% ਬਦਰੰਗੇ ਦਾਣੇ ਤੇ 5.31 ਰੁਪਏ ਤੋਂ ਲੈ ਕੇ 31.87 ਰੁਪਏ ਤੱਕ ਦੇ ਕੱਟ ਨੂੰ ਵਾਪਿਸ ਲਵੇ, ਬਲਕਿ ਗਲੋਬਲ ਵਾਰਮਿੰਗ ਦੀ ਵਜ੍ਹਾ ਨਾਲ ਹੋਈ ਮੌਸਮੀ ਤਬਦੀਲੀ ਕਾਰਨ ਪੈ ਰਹੀ ਬੇਮੌਸਮੀ ਬਰਸਾਤ ਦੀ ਮਾਰ ਕਾਰਨ ਨੁਕਸਾਨ ਨਾਲ ਘਟੇ ਝਾੜ ਦੀ ਭਰਪਾਈ ਲਈ 300 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿੱਤਾ ਜਾਣਾ ਚਾਹੀਦਾ ਹੈ। ਖੇਤ ਮਜ਼ਦੂਰ ਨੂੰ ਉਜਰਤ ਦਾ 50% ਮੁਆਵਜ਼ਾ ਦਿੱਤਾ ਜਾਵੇ। ਉਨਾ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਅਗਰ ਇਸ ਮੰਗ ਪੱਤਰ ਤੇ ਗੌਰ ਨਾ ਕਰਕੇ ਸ਼ਰਤਾਂ ਵਾਪਿਸ ਨਹੀਂ ਲਈਆਂ ਜਾਂਦੀਆਂ ਤਾਂ ਜਥੇਬੰਦੀ ਆਪਣੇ ਐਲਾਨ ਮੁਤਾਬਿਕ 23 ਅਪ੍ਰੈਲ ਨੂੰ ਰੇਲ ਰੋਕੋ ਮੋਰਚਾ ਸ਼ੁਰੂ ਕਰਨ ਤੇ ਮਜਬੂਰ ਹੋਵੇਗੀ,ਜਿਸਦੀ ਵਜ੍ਹਾ ਕਾਰਨ ਲੋਕਾਂ ਨੂੰ ਆਉਣ ਵਾਲੀ ਪ੍ਰੇਸ਼ਾਨੀ ਲਈ ਜਿੰਮੇਵਾਰ ਸਰਕਾਰ ਹੋਵੇਗੀ। ਆਗੂਆਂ ਦੇ ਵਫਦ ਨੇ ਮੁੱਖ ਖੇਤੀਬੜੀ ਅਫਸਰ ਜਤਿੰਦਰ ਸਿੰਘ ਗਿੱਲ ਨੂੰ ਮੰਗ ਪੱਤਰ ਦਿੰਦੇ ਹੋਏ ਖੇਤੀਬਾੜੀ ਵਿਚ ਮੌਜੂਦਾ ਅਤੇ ਆਉਣ ਵਾਲੀ ਝੋਨੇ ਦੀ ਫਸਲ ਸੰਬੰਧੀ ਮੁਸ਼ਕਿਲਾਂ ਤੇ ਵਿਚਾਰ ਚਰਚਾ ਕਰਕੇ ਮੁਸ਼ਕਿਲਾਂ ਤੇ ਅਗਾਊਂ ਪ੍ਰਬੰਧ ਕਰਨ ਦੀ ਤਾਕੀਦ ਕੀਤੀ ਅਤੇ ਹਰ ਤਰਾਂ ਦੀਆਂ ਫਸਲਾਂ ਦੇ ਖਰਾਬੇ ਦੀ ਰਕਮ ਜਲਦ ਤੋਂ ਜਲਦ ਖਾਤਿਆਂ ਵਿਚ ਪਾਈ ਜਾਵੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ, ਬਾਜ਼ ਸਿੰਘ ਸਾਰੰਗੜਾ ਸਮੇਤ ਸੈਕੜਿਆਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਿਰ ਰਹੇ।

## ਗੁ. ਭਗਤ ਜੱਲਣ ਦਾਸ ਵਿਖੇ ਵਿਸਾਖੀ ਮੇਲੇ ਦੌਰਾਨ ਕਬੱਡੀ ਮੈਚ



ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)-ਬੀਤੇ ਦਿਨੀਂ ਭਾਰਤ-ਪਾਕਿ ਅੰਤਰਰਾਸ਼ਟਰੀ ਸਰਹੱਦ ਤੇ ਵੱਸੇ ਪਿੰਡ ਨੌਸ਼ਹਿਰਾ ਢਾਲਾ ਵਿਖੇ ਮਨਾਏ ਗਏ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਪੰਜਾਬ ਦੀਆਂ ਨਾਮਵਰ ਕਬੱਡੀ ਟੀਮਾਂ ਵਿਚਕਾਰ ਸ਼ਾਨਦਾਰ ਕਬੱਡੀ ਮੈਚ ਕਰਵਾਏ ਗਏ। ਇਸ ਮੌਕੇ ਪਹਿਲਾਂ ਪਿੰਡ ਨੌਸ਼ਹਿਰਾ ਢਾਲਾ ਤੇ ਕੈਰੋਂ ਦਾ ਮੈਚ ਕਰਵਾਇਆ ਗਿਆ ਜਿਸ ਵਿੱਚ ਪਿੰਡ ਨੌਸ਼ਹਿਰਾ ਢਾਲਾ ਦੀ ਟੀਮ ਜੇਤੂ ਰਹੀ ਅਤੇ ਬਾਅਦ ਵਿੱਚ ਮਾਝਾ ਘਰਿਆਲਾ ਕਲੱਬ ਅਤੇ ਤੋਤਾ ਸਿੰਘ ਵਾਲਾ ਕਬੱਡੀ ਕਲੱਬ ਦੀਆਂ ਟੀਮਾਂ ਵਿੱਚ ਫਸਵਾਂ ਮੁਕਾਬਲਾ ਹੋਇਆ ਜਿਸ ਵਿੱਚ ਮਾਝਾ ਘਰਿਆਲਾ ਕਲੱਬ ਦੀ ਟੀਮ ਨੇ ਤੋਤਾ ਸਿੰਘ ਵਾਲਾ ਦੀ ਟੀਮ ਨੂੰ 45/35 ਦੇ ਵੱਡੇ ਫਰਕ ਨਾਲ ਹਰਾ ਕੇ ਮੈਚ ਆਪਣੇ ਨਾਮ ਕਰ ਲਿਆ। ਜਿਨਾਂ ਨੂੰ ਬਾਬਾ ਨਿਰਮਲ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਪਹਿਲਵਾਨ ਕੰਵਰਅਜੀਤ ਸਿੰਘ, ਉਦਯੋਗਪਤੀ ਤੇ ਸਰਪੰਚ ਦਵਿੰਦਰ ਸਿੰਘ ਲਾਲੀ ਢਾਲਾ, ਜਸਮਿੰਦਰ ਸਿੰਘ ਢਾਲਾ ਤੇ ਸਰਪੰਚ ਕੇਹਰ ਸਿੰਘ ਆਧੀ ਨੇ ਨਗਦ ਇਨਾਮ ਦੇ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਰੈਫਰੀਆਂ ਦੀ ਡਿਊਟੀਆਂ ਮਾਸਟਰ ਪਿੰਕਪਾਸ ਸਿੰਘ ਚਾਹਲ, ਪਹਿਲਵਾਨ ਮਲਕੀਤ ਸਿੰਘ ਚੀਮਾ, ਸਰਵਣ ਸਿੰਘ ਪੱਧਰੀ ਤੇ ਗੁਰਭਾਗ ਸਿੰਘ ਸੋਹਲ ਨੇ ਬਾਖੂਬੀ ਨਿਭਾਈਆਂ। ਇਸ ਮੌਕੇ ਦਵਿੰਦਰ ਸਿੰਘ ਲਾਲੀ ਢਾਲਾ,ਸਾਬਕਾ ਸਰਪੰਚ ਜੰਗੀਰ ਸਿੰਘ ਟਿੰਮੀ, ਸਾਬਕਾ ਸਰਪੰਚ ਕੁਲਦੀਪ ਸਿੰਘ, ਮਨਜਿੰਦਰ ਸਿੰਘ ਮੰਨਾ, ਸੈਲੀ ਸੋਹਲ, ਰਣਜੀਤ ਸਿੰਘ ਰਾਣਾ ਆਂਧੀ, ਗੁਰਭਾਗ ਸਿੰਘ ਸੋਹਲ, ਗੁਰਭੇਜ ਸਿੰਘ ਚੀਮਾ, ਸਰਪੰਚ ਕੇਹਰ ਸਿੰਘ ਆਂਧੀ, ਪ੍ਰਚਾਰਕ ਬਲਵਿੰਦਰ ਸਿੰਘ ਝਬਾਲ, ਜਸਪਾਲ ਸਿੰਘ ਨੌਸ਼ਹਿਰਾ ਢਾਲਾ,ਦਿਲਬਾਗ ਸਿੰਘ,ਸ਼ਮਸ਼ੇਰ ਸਿੰਘ,ਸੁਚੇਤ ਸਿੰਘ ਸੰਧੂ,ਸ਼ਮੇਰ ਸਿੰਘ ਸੰਧੂ, ਗਿਆਨੀ ਹਰਭਜਨ ਸਿੰਘ ਭੂਸੇ, ਸਰਪੰਚ ਕਾਕਾ ਛਾਪਾ, ਪੂਰਨ ਸਿੰਘ ਝਬਾਲ, ਕੁਲਦੀਪ ਸਿੰਘ ਭੂਸੇ, ਕੁਲਵਿੰਦਰ ਸਿੰਘ ਕਿੰਦਾ ਚਾਹਲ ਨੇ ਗੁਰੂ ਘਰ ਹਾਜ਼ਰੀ ਭਰੀ।

## ਆਮ ਆਦਮੀ ਪਾਰਟੀ ਦਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ ਕਾਫਲਾ-ਬਰਸਟ

**ਜਲੰਧਰ, (ਸ਼ੈਲੀ, ਸੁਰਿੰਦਰ, ਸੌਰਭ ਖੰਨਾ)** ਆਮ ਆਦਮੀ ਪਾਰਟੀ (ਆਪ) ਪੰਜਾਬ ਨੂੰ ਉਸ ਸਮੇਂ ਮਜ਼ਬੂਤੀ ਮਿਲੀ ਜਦੋਂ ਹਲਕਾ ਜਲੰਧਰ ਉੱਤਰੀ ਦੇ ਮੁਹੱਲਾ ਅਮਰ ਨਗਰ ਦੇ ਸੈਂਕੜੇ ਪਰਵਾਰਾਂ ਨੇ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ ਕਿਹਾ ਕਿ ਜਲੰਧਰ ਵਿਖੇ ਹੋਣ ਵਾਲੇ ਉਪ ਚੋਣ ਵਿਚ ਸੁਸ਼ੀਲ ਕੁਮਾਰ ਰਿੰਕੂ ਦਾ ਡਟ ਕੇ ਸਮਰਥਨ ਕਰਾਂਗਾ ਅਤੇ ਭਾਰੀ ਵੋਟਾਂ ਨਾਲ ਜਿਤਾਵਾਂਗੇ। ਹਲਕਾ ਇੰਚਾਰਜ ਦਿਨੇਸ਼ ਢੱਲ ਵੱਲੋਂ ਕਰਵਾਈ ਇਕ ਰੈਲੀ ਵਿਚ ਸ਼ਾਮਲ ਹੋਏ ਸੈਂਕੜੇ ਪਰਵਾਰਾਂ ਦਾ ਜਨਰਲ ਸਕੱਤਰ ਪੰਜਾਬ ਹਰਚੰਦ ਸਿੰਘ ਬਰਸਟ ਨੇ 'ਆਪ' ਪਰਿਵਾਰ 'ਚ ਸਵਾਗਤ ਕਰਦਿਆਂ ਕਿਹਾ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਵਿਰੋਧੀ ਪਾਰਟੀਆਂ ਨੂੰ ਲਗਾਤਾਰ ਝਟਕੇ ਦੇ ਰਹੇ ਹਨ।

ਰਿੰਕੂ ਦੇ ਸਮਰਥਨ ਵਿੱਚ ਸੈਂਕੜੇ ਲੋਕ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ, ਜੋ ਲਗਾਤਾਰ ਸਿਲਸਿਲਾ ਜਾਰੀ ਹੈ। ਇਸ ਮੌਕੇ ਵਿਧਾਇਕ ਗੁਰਮੀਤ ਸਿੰਘ ਖੁੱਡੀਆ, ਵਿਧਾਇਕ ਰਜਨੀਸ਼ ਕੁਮਾਰ ਦਹੀਆ, ਸੁਸ਼ੀਲ ਕੁਮਾਰ ਰਿੰਕੂ ਦੀ ਧਰਮ ਪਤਨੀ ਸ੍ਰੀਮਤੀ ਸੁਨੀਤਾ ਰਿੰਕੂ, ਅੰਮ੍ਰਿਤਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਅਤੇ ਆਤਮ ਪ੍ਰਕਾਸ਼ ਬੱਬਲੂ ਹਾਜ਼ਰ ਸਨ।

## ਕਿਰਤੀ ਕਿਸਾਨ ਯੂਨੀਅਨ ਵੱਲੋਂ ਐੱਸ ਡੀ ਐੱਮ ਦਫ਼ਤਰ ਦੀਨਾਨਗਰ ਵਿਖੇ ਧਰਨਾ ਪ੍ਰਦਰਸ਼ਨ

**ਗੁਰਦਾਸਪੁਰ (ਜਨਕ ਮਹਾਜਨ)**- ਕਿਰਤੀ ਕਿਸਾਨ ਯੂਨੀਅਨ ਵਲੋਂ ਅੱਜ ਐੱਸ.ਡੀ.ਐੱਮ ਦਫ਼ਤਰ ਦੀਨਾਨਗਰ ਵਿਖੇ ਮਕੌੜਾ ਪੱਤਣ ਉੱਪਰ ਪੁਲ ਬਣਾਉਣ ਦੇ ਕਾਰਜ ਨੂੰ ਜਲਦ ਤੋਂ ਜਲਦ ਸ਼ੁਰੂ ਕਰਵਾਉਣ ਅਤੇ ਕਿਸਾਨਾਂ ਦੀਆਂ ਵਾਹੀ ਯੋਗ ਜ਼ਮੀਨਾਂ ਦੇ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਧਰਨਾ ਲਗਾਇਆ ਗਿਆ ਜਿਸ ਤੋਂ ਬਾਅਦ ਐੱਸ.ਡੀ.ਐੱਮ. ਦੀਨਾਨਗਰ ਵਲੋਂ ਧਰਨੇ ਵਿਚ ਆ ਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨਾਲ ਗੱਲਬਾਤ ਉਪਰੰਤ ਧਰਨਾ ਸਮਾਪਤ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਤਿਬੀਰ ਸਿੰਘ ਸੁਲਤਾਨੀ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਤਰਲੋਕ ਸਿੰਘ ਬਹਿਰਾਮਪੁਰ ਨੇ ਕਿਹਾ ਕਣਕ ਦੀਆਂ ਵਾਢੀਆਂ ਜ਼ੋਰਾਂ ਉੱਪਰ ਹੋਣ ਦੇ ਬਾਵਜੂਦ ਕਿਸਾਨਾਂ-ਮਜ਼ਦੂਰਾਂ ਨੇ ਧਰਨੇ ਵਿਚ ਸ਼ਮੂਲੀਅਤ ਕੀਤੀ। ਬੀਤੇ ਕਈ ਦਹਾਕਿਆਂ ਤੋਂ ਮਕੌੜਾ ਪੱਤਣ ਉੱਪਰ ਪੱਕਾ ਪੁਲ ਬਣਾਉਣ ਦੀ ਮੰਗ ਨੂੰ ਲੈ ਕੇ ਲੋਕ ਸੰਘਰਸ਼ ਕਰ ਰਹੇ ਸਨ। ਪਿਛਲੇ ਮਹੀਨਿਆਂ ਦੌਰਾਨ ਸੰਘਰਸ਼ ਨੂੰ ਬੂਰ ਪੈਣਾ ਸ਼ੁਰੂ ਹੋਇਆ ਅਤੇ ਪੁਲ ਬਣਨ ਦੀ ਆਸ ਜਾਗੀ ਸੀ ਪਰ ਵੱਖ-ਵੱਖ ਰਾਜਨੀਤਕ ਪਾਰਟੀਆਂ ਇਸ ਮਾਮਲੇ ਨੂੰ ਲਟਕਾ ਕੇ 2024 ਤੱਕ ਲਿਜਾਉਣ ਅਤੇ ਇਸ ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਵਿਚ ਹਨ ਜਿਸ ਕਰਕੇ ਪੁਲ਼ ਬਣਾਉਣ ਦੇ ਕੰਮ ਵਿਚ ਅੜਚਣਾਂ ਪਾਉਣ ਅਤੇ ਸੰਘਰਸ਼ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆਂ ਕਿ ਹਲਕੇ ਦੇ ਕਈ ਰਾਜਨੀਤਿਕ ਆਗੂ ਧਰਨੇ ਵਾਲੇ ਦਿਨ ਲੋਕਾਂ ਨੂੰ ਧਰਨੇ ਵਿਚ ਜਾਣ ਤੋਂ ਰੋਕਣ ਦੀ ਸਾਜ਼ਿਸ਼ਾਂ ਕਰਦੇ ਰਹਿੰਦੇ ਹਨ। ਅੱਜ ਦੇ ਧਰਨੇ ਵਿਚ ਵੀ ਇਨ੍ਹਾਂ ਆਗੂਆਂ ਵਲੋਂ ਇਹ ਕੋਸ਼ਿਸ਼ ਕੀਤੀ ਗਈ ਸੀ, ਪਰੰਤੂ ਲੋਕਾਂ ਵੱਲੋਂ ਬਿਨਾਂ ਕਿਸੇ ਰੋਕ-ਟੋਕ ਦੇ ਧਰਨੇ ਵਿਚ ਸ਼ਮੂਲੀਅਤ ਕੀਤੀ ਹੈ। ਧਰਨੇ ਦੀ ਸਮਾਪਤੀ ਮੌਕੇ ਆਗੂਆਂ ਨੇ ਐਲਾਨ ਕਰਦਿਆਂ ਕਿਹਾ ਕਿ ਅਗਰ ਪੁਲ ਬਣਾਉਣ ਦਾ ਕਾਰਜ ਲਟਕਦਾ ਰਿਹਾ ਤਾਂ ਇਹ ਮਾਮਲਾ ਸਮੂਹ ਰਾਜਨੀਤਿਕ ਪਾਰਟੀਆਂ, ਪੰਜਾਬ ਸਰਕਾਰ ਅਤੇ ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਲਈ ਗਲ਼ੇ ਦੀ ਹੱਡੀ ਬਣ ਜਾਵੇਗਾ ਅਤੇ ਇਸ ਮਾਮਲੇ ਨੂੰ ਲੈ ਕੇ ਵਿਆਪਕ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਮੁਖ਼ਤਿਆਰ ਸਿੰਘ ਮਲੀਆਂ, ਬਿਕਰਮਜੀਤ ਸਿੰਘ ਬਿੱਕਾ, ਨਿਰਮਲਜੀਤ ਸਿੰਘ ਕਾਲ਼ਾ, ਸਰਪੰਚ ਦਲਬੀਰ ਸਿੰਘ, ਹਾਕਮ ਸਿੰਘ ਆਦਿ ਹਾਜ਼ਰ ਸਨ

## ਜੀ ਐੱਨ ਡੀ ਯੂ ਵਿਖੇ ਪ੍ਰੈੱਸ, ਲੋਕ ਤੇ ਜਲ੍ਹਿਆਂਵਾਲਾ ਬਾਗ ਸਾਕਾ ਵਿਸ਼ੇ 'ਤੇ ਸੈਮੀਨਾਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਜਲ੍ਹਿਆਂਵਾਲਾ ਬਾਗ ਸਾਕੇ ਦੀ 104ਵੀਂ ਬਰਸੀ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਜਲ੍ਹਿਆਂਵਾਲਾ ਬਾਗ ਚੇਅਰ ਵੱਲੋਂ ਇੱਕ ਰਾਸ਼ਟਰੀ ਸੈਮੀਨਾਰ "ਪ੍ਰੈਸ, ਲੋਕ ਅਤੇ ਜਲ੍ਹਿਆਂਵਾਲਾ ਬਾਗ ਸਾਕਾ" ਕਰਵਾਇਆ ਗਿਆ। ਵਾਈਸ-ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਦੀ ਅਗਵਾਈ ਵਿਚ ਕਰਵਾਏ ਗਏ ਇਸ ਸੈਮੀਨਾਰ ਦੇ ਉਦੇਸ਼ ਬਾਰੇ ਦਸਦਿਆਂ ਚੇਅਰਪਰਸਨ ਪ੍ਰੋ. ਅਮਨਦੀਪ ਬੱਲ ਨੇ ਜਲ੍ਹਿਆਂਵਾਲਾ ਬਾਗ ਚੇਅਰ ਅਤੇ ਇਤਿਹਾਸ ਵਿਭਾਗ ਵੱਲੋਂ ਸਮੇਂ ਸਮੇਂ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਬਾਰੇ ਵੀ ਦੱਸਿਆ। ਮੁੱਖ ਬੁਲਾਰੇ ਪ੍ਰੋ. ਸਲਿਲ ਮਿਸ਼ਰਾ ਨੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਨੂੰ ਇੱਕ ਤਬਦੀਲੀ ਵਾਲੀ ਘਟਨਾ ਦਸਦਿਆਂ ਕਿਹਾ ਕਿ ਤਬਦੀਲੀ ਆਪਣੇ ਆਪ ਨੂੰ ਚਾਰ ਵੱਖ-ਵੱਖ ਪੱਧਰਾਂ ਸਥਾਨਕ, ਖੇਤਰੀ, ਰਾਸ਼ਟਰੀ ਅਤੇ ਵਿਸ਼ਵ ਪੱਧਰ 'ਤੇ ਪ੍ਰਗਟ ਕਰਦੀ ਹੈ। ਇਸ ਕਤਲੇਆਮ ਨੇ ਇੱਕ ਖਿੱਤੇ ਵਜੋਂ ਪੰਜਾਬ ਦਾ ਚਿਹਰਾ ਵੀ ਬਦਲ ਦਿੱਤਾ। ਪ੍ਰੋ. ਹਰਜੀਤ ਸਿੰਘ ਗਿੱਲ, ਪ੍ਰੋਫੈਸਰ ਐਮਰੀਟਸ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ ਹਿੰਦੂ, ਮੁਸਲਿਮ ਅਤੇ ਸਿੱਖ ਏਕਤਾ ਦਾ ਪ੍ਰਤੀਕ ਹੈ। ਪ੍ਰੋਫ਼ੈਸਰ ਸਰਬਜੋਤ ਸਿੰਘ ਬਹਿਲ, ਡੀਨ ਅਕਾਦਮਿਕ ਮਾਮਲੇ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਆਪਣੀ ਕਵਿਤਾ "ਤੈਂ ਕੀ ਦਰਦ ਨਾ ਆਇਆ" ਪੇਸ਼ ਕੀਤੀ। ਇਤਿਹਾਸ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਐਸ.ਐਸ.ਸੋਹਲ ਨੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਵਿੱਚ ਆਇਰਿਸ਼ ਕਾਰਕ ਦੀ ਭੂਮਿਕਾ ਅਤੇ ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਜਸਪਾਲ ਕੌਰ ਨੇ ਊਧਮ ਸਿੰਘ ਦੇ ਯੋਗਦਾਨ ਬਾਰੇ ਚਰਚਾ ਕੀਤੀ। ਪੰਜਾਬ ਯੂਨੀਵਰਸਿਟੀ ਤੋਂ ਪ੍ਰੋ. ਸੁਖਮਣੀ ਬਲ ਰਿਆੜ ਨੇ ਛੇਵੇਂ ਅਤੇ ਸਤਵੇਂ ਡਿਸਆਰਡਰਜ਼ ਇਨਕੁਆਰੀ ਕਮੇਟੀ ਦੀ ਰਿਪੋਰਟ ਬਾਰੇ ਦੱਸਿਆ। ਇਸ ਮੌਕੇ ਪ੍ਰੋ. ਜੋਗਿੰਦਰ ਸਿੰਘ, ਡਾ. ਚਰਨਜੀਤ ਕੌਰ, ਡਾ. ਜਸਬੀਰ ਸਿੰਘ, ਡਾ. ਰਾਜ ਕੁਮਾਰ, ਡਾ. ਬਲਜੀਤ ਸਿੰਘ ਅਤੇ ਡਾ. ਦਿਲਬਾਗ ਸਿੰਘ ਹਾਜ਼ਰ ਸਨ। ਪ੍ਰੋ. ਪਰਮਿੰਦਰ ਸਿੰਘ (ਸੇਵਾਮੁਕਤ), ਅੰਗਰੇਜ਼ੀ ਵਿਭਾਗ ਨੇ ਆਪਣੇ ਸਮਾਪਤੀ ਭਾਸ਼ਣ ਵਿੱਚ ਕਿਹਾ ਕਿ ਮਾਰਚ ਅਤੇ ਅਪ੍ਰੈਲ 1919 ਏਕਤਾ ਦੇ ਪ੍ਰਤੀਕ ਹਨ। ਉਨ੍ਹਾਂ ਕਿਹਾ ਕਿ ਸਾਨੂੰ ਤੇਜਾ ਸਿੰਘ ਸੁਤੰਤਰ ਨੂੰ ਸ਼ਰਧਾਂਜਲੀ ਭੇਟ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ 1947 ਵਿੱਚ 'ਜਲ੍ਹਿਆਂਵਾਲਾ ਦੇ ਹੀਰੋ' ਸੈਫੂਦੀਨ ਕਿਚਲੂ ਦੀ ਸੁਰੱਖਿਆ ਲਈ 40 ਗਾਰਡ ਭੇਜੇ ਸਨ।


AXIS BANK ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ - 380006

**ਅਚੱਲ ਜਾਇਦਾਦ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿੱਕਰੀ ਜੋ ਵੀ ਹੈ ਜਿਵੇਂ ਹੈ", "ਜਿਵੇਂ ਹੈ ਜਿੱਥੇ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ, 11.4.2023 ਨੂੰ ਬਕਾਇਆ ਰਕਮ ਰੁ: 19278-63/- (ਉੱਨੀ ਲੱਖ ਸਤਾਈ ਹਜ਼ਾਰ ਅੱਠ ਸੌ ਤਰੇਂਹਠ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ, ਸਕਿਉਰਡ ਕ੍ਰੈਡਿਟਰ 1. ਸ੍ਰੀ ਸੂਰਜ ਨਾਰਾਇਣ ਪੁੱਤਰ ਸ੍ਰੀ ਕ੍ਰਿਸ਼ਨ 2. ਸ੍ਰੀਮਤੀ ਮਧੁਰੀ ਸ਼ਰਮਾ ਪਤਨੀ ਸ੍ਰੀ ਸੂਰਜ ਨਰਾਇਣ, ਕਰਜ਼ਾ ਖਾਤਾ ਨੰ: ਪੀ ਐੱਚ ਆਰ 024200649412 ਅਤੇ ਐੱਲ ਪੀ ਆਰ 024201550756 ਵੱਲ ਬਕਾਇਆ ਵਸੂਲਣ ਲਈ 31.5.2023 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕ੍ਰਿਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜ਼ੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁ. 2409407/-<br>(ਚੌਵੀ ਲੱਖ ਨੌਂ ਹਜ਼ਾਰ ਚਾਰ ਸੌ ਸੱਤ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁ. 240940/-<br>(ਦੋ ਲੱਖ ਚਾਲੀ ਹਜ਼ਾਰ ਨੌਂ ਸੌ ਚਾਲੀ ਰੁਪਏ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ :- | 29 ਮਈ 2023, ਸ਼ਾਮ ਦੇ 5.00 ਵਜੇ ਤੱਕ ਐਕਸਿਸ ਬੈਂਕ ਲਿਮ:, ਰਿਟੇਲ ਐਸਟ ਸੈਂਟਰ ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ: 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ :- | 31 ਮਈ 2023 ਸਵੇਰੇ 11.00 ਤੋਂ ਦੁਪਹਿਰ 1.00 ਵਜੇ ਦਰਮਿਆਨ ਅਸੀਮਤ ਹਰੇਕ 5 ਮਿੰਟਾਂ ਦੇ ਵਾਧੇ ਵੈੱਬਪੋਰਟਲ, https://www.bankeauctions.com ਈ-ਨੀਲਾਮੀ ਟੈਂਡਰ ਦਸਤਾਵੇਜ਼ ਜਿਸ ਵਿੱਚ ਈ-ਨਿਲਾਮੀ ਬੋਲੀ ਫਾਰਮ, ਐਲਾਨਨਾਮਾ ਆਦਿ ਹਨ, ਉਪਰੋਕਤ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

**ਸਾਰਣੀ-ਜਾਇਦਾਦ ਦਾ ਵੇਰਵਾ**

ਰਿਹਾਇਸ਼ੀ ਜਾਇਦਾਦ/ਮਕਾਨ ਪੈਮਾਇਸ਼ 5 ਮਰਲਾ ਜਾਇਦਾਦ ਨੰ: 170, ਐੱਮ ਸੀ ਨੰ: 7550, ਨਵਾਂ ਐੱਮ ਸੀ ਨੰ. ਬੀ-9685, ਗਲੀ ਨੰ: 5, ਸੁਖੇੜਾ ਬਸਤੀ, ਅਬੋਹਰ 152116 ਟਾਈਟਲ ਡੀਡ ਮੁਤਾਬਕ ਹੱਦਾਂ : ਪੂਰਬ : ਮਕਾਨ ਵਾਲਾ ਪਾਸਾ 27'-9", ਪੱਛਮ : ਮਕਾਨ ਵਾਲਾ ਪਾਸਾ 24'-6", ਉੱਤਰ : ਮਕਾਨ ਵਾਲਾ ਪਾਸਾ 56'-0", ਦੱਖਣ : ਗਲੀ ਅਤੇ ਪੂਜਾ ਬਲੰਦੀ ਪਾਸਾ 56'-0"

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ https://www.axis-bank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਿਟਿਡ ਦੇ ਵੈੱਬ ਪੋਰਟਲ https://www.bankeauction.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਿਟਿਡ ਦੇ ਵੈੱਬ ਪੋਰਟਲ https://www.bankeauction.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 8920705598) ਬੈਂਕ ਦੇ ਅਧਿਕਾਰਤ ਅਫ਼ਸਰ ਨਾਲ ਦਫਤਰੀ ਸਮੇਂ ਸਵੇਰੇ 9.00 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 19-04-2023 ਸਹੀ/-ਅਧਿਕਾਰਤ ਅਫਸਰ
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਿਟਿਡ

19-April-PAGE-4.qxd 4/18/2023 10:43 PM Page 1

ਨਵਾਂ ਜ਼ਮਾਨਾ
ਬੁੱਧਵਾਰ, 19 ਅਪ੍ਰੈਲ 2023

# ਮਾਇਆਵਤੀ ਆਤਮਘਾਤੀ ਰਾਹੇ

ਇਸ ਸਮੇਂ ਜਦੋਂ ਭਾਜਪਾ ਵਿਰੋਧੀ ਸਮੁੱਚੀਆਂ ਧਿਰਾਂ ਤਾਨਾਸ਼ਾਹੀ ਸ਼ਾਸਕਾਂ ਨੂੰ ਹਰਾਉਣ ਲਈ ਸਾਂਝਾ ਮੋਰਚਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲੱਗੀਆਂ ਹੋਈਆਂ ਹਨ, ਉਸ ਸਮੇਂ ਬਸਪਾ ਆਗੂ ਮਾਇਆਵਤੀ ਭਾਜਪਾ ਅੱਗੇ ਸਮਰਪਣ ਕਰਨ ਲਈ ਕਾਂਸ਼ੀ ਰਾਮ ਦੀ ਵਿਚਾਰਧਾਰਾ ਨੂੰ ਵੀ ਤਿਲਾਂਜਲੀ ਦੇਣ ਦੇ ਰਾਹ ਪੈ ਚੁੱਕੀ ਹੈ। ਇਸ ਵਿੱਚ ਮਾਇਆਵਤੀ ਦੀਆਂ ਕਿਹੜੀਆਂ ਨਿੱਜੀ ਕਮਜ਼ੋਰੀਆਂ ਹਨ ਕਿ ਉਹ ਆਪਣੀ ਕੱਟੜ ਵਿਰੋਧੀ ਭਾਜਪਾ ਦੀ ਵਿਚਾਰਧਾਰਾ ਤੱਕ ਨੂੰ ਅਪਣਾਉਣ ਲਈ ਮਜਬੂਰ ਹੋ ਗਈ ਹੈ, ਇਹ ਤਾਂ ਉਹ ਜਾਣਦੀ ਹੈ, ਪਰ ਜਿਹੜਾ ਰਾਹ ਉਸ ਨੇ ਚੁਣ ਲਿਆ, ਉਹ ਉਸ ਲਈ ਵੀ ਆਤਮਘਾਤੀ ਹੈ ਤੇ ਬਸਪਾ ਲਈ ਵੀ।

ਵੈਸੇ ਤਾਂ ਮਾਇਆਵਤੀ ਦਾ ਨਿਘਾਰ ਉਸ ਦਿਨ ਹੀ ਸ਼ੁਰੂ ਹੋ ਗਿਆ ਸੀ, ਜਦੋਂ ਯੂ ਪੀ ਦੀਆਂ ਬੀਤੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਸ ਨੇ ਭਾਜਪਾ ਨੂੰ ਜਿਤਾਉਣ ਲਈ ਮੈਦਾਨ ਹੀ ਖਾਲੀ ਛੱਡੀ ਰੱਖਿਆ ਸੀ। ਇਸੇ ਦਾ ਨਤੀਜਾ ਸੀ ਕਿ ਚਾਰ ਵਾਰ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰ ਲੈਣ ਵਾਲੀ ਮਾਇਆਵਤੀ ਦੀ ਬਸਪਾ ਇਨ੍ਹਾਂ ਚੋਣਾਂ ਵਿੱਚ ਸਿਰਫ਼ ਇੱਕ ਸੀਟ ਉੱਤੇ ਜਿੱਤ ਪ੍ਰਾਪਤ ਕਰ ਸਕੀ ਸੀ।

ਬੀਤੀ 5 ਅਪ੍ਰੈਲ ਨੂੰ ਮਾਇਆਵਤੀ ਨੇ ਤਿੰਨ ਟਵੀਟ ਕੀਤੇ ਸਨ। ਇਨ੍ਹਾਂ ਟਵੀਟਾਂ ਰਾਹੀਂ ਉਸ ਨੇ ਨੱਬੇ ਦੇ ਦਹਾਕੇ ਵਿੱਚ ਬਸਪਾ ਦੇ ਨਾਅਰਿਆਂ ਤੋਂ ਕਿਨਾਰਾ ਕਰਦਿਆਂ ਕਿਹਾ ਕਿ ਇਹ ਨਾਅਰੇ ਤਾਂ ਸਮਾਜਵਾਦੀ ਪਾਰਟੀ ਨੇ ਬਸਪਾ ਨੂੰ ਬਦਨਾਮ ਕਰਨ ਲਈ ਘੜੇ ਸਨ। 1992 ਵਿੱਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ 1993 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਸਮਾਜਵਾਦੀ ਪਾਰਟੀ ਤੇ ਬਸਪਾ ਨੇ ਗੱਠਜੋੜ ਕਰਕੇ ਲੜੀਆਂ ਤੇ ਜਿੱਤੀਆਂ ਸਨ। ਉਸ ਸਮੇਂ ਇਹ ਨਾਅਰਾ ਲਾਇਆ ਜਾਂਦਾ ਸੀ, 'ਮਿਲੇ ਮੁਲਾਇਮ ਤੇ ਕਾਂਸ਼ੀ ਰਾਮ, ਹਵਾ ਮੇਂ ਉੜ ਗਏ ਜੈ ਸ੍ਰੀ ਰਾਮ।' ਹੁਣ ਮਾਇਆਵਤੀ ਕਹਿ ਰਹੀ ਹੈ ਕਿ ਇਹ ਨਾਅਰਾ ਬਸਪਾ ਨੇ ਨਹੀਂ ਸਮਾਜਵਾਦੀ ਪਾਰਟੀ ਨੇ ਬਸਪਾ ਨੂੰ ਬਦਨਾਮ ਕਰਨ ਲਈ ਘੜਿਆ ਸੀ। ਆਪਣੇ ਤੀਜੇ ਟਵੀਟ ਵਿੱਚ ਤਾਂ ਉਸ ਨੇ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਉਹ ਹੁਣ ਭਾਜਪਾ ਦੀ ਤਨਖਾਹ ਉੱਤੇ ਕੰਮ ਕਰ ਰਹੀ ਹੈ। ਉਸ ਨੇ ਕਿਹਾ ਹੈ ਕਿ ਅਯੁੱਧਿਆ, ਸ੍ਰੀ ਰਾਮ ਮੰਦਰ ਤੇ ਅੱਪਰ ਕਾਸਟ ਸਮਾਜ ਨਾਲ ਸੰਬੰਧਤ ਜਿਨ੍ਹਾਂ ਨਾਅਰਿਆਂ ਨੂੰ ਪ੍ਰਚੱਲਤ ਕੀਤਾ ਗਿਆ ਸੀ, ਉਹ ਬਸਪਾ ਨੂੰ ਬਦਨਾਮ ਕਰਨ ਦੀ ਸਮਾਜਵਾਦੀ ਪਾਰਟੀ ਦੀ ਸੋਚੀ-ਸਮਝੀ ਸਾਜ਼ਿਸ਼ ਸੀ। ਸਪਾ ਦੀਆਂ ਇਨ੍ਹਾਂ ਹਰਕਤਾਂ ਤੋਂ ਦਲਿਤਾਂ, ਪਛੜਿਆਂ ਤੇ ਮੁਸਲਿਮ ਸਮਾਜ ਨੂੰ ਸਾਵਧਾਨ ਰਹਿਣ ਦੀ ਜ਼ਰੂਰਤ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਕਾਂਸ਼ੀ ਰਾਮ ਵੱਲੋਂ ਘੜੇ ਗਏ ਨਾਅਰੇ, ਜੋ ਸਮੁੱਚੇ ਦੇਸ਼ ਵਿੱਚ ਬਸਪਾ ਨੂੰ ਚਾਹੁੰਣ ਵਾਲਿਆਂ ਵਿੱਚ ਬੇਹੱਦ ਮਕਬੂਲ ਹੋਏ, ਕੀ ਮਾਇਆਵਤੀ ਦੇ ਕਹੇ ਬਹੁਜਨ ਤਿਆਗ ਦੇਣਗੇ। ਇਹ ਨਾਅਰੇ ਸਨ, 'ਤਿਲਕ, ਤਰਾਜੂ ਔਰ ਤਲਵਾਰ, ਇਨਕੋ ਮਾਰੋ ਜੂਤੇ ਚਾਰ', 'ਵੋਟ ਹਮਾਰਾ, ਰਾਜ ਤੁਮਹਾਰਾ, ਨਹੀਂ ਚਲੇਗਾ, ਨਹੀਂ ਚਲੇਗਾ' 'ਵੋਟ ਸੇ ਲੇਂਗੇ ਸੀ ਐੱਮ, ਪੀ ਐੱਮ, ਆਰਕਸ਼ਨ ਸੇ ਲੇਂਗੇ ਐੱਸ ਪੀ, ਡੀ ਐੱਮ।' ਇਨ੍ਹਾਂ ਨਾਅਰਿਆਂ ਨੇ ਹੀ ਸਦੀਆਂ ਤੋਂ ਦੱਬੇ-ਕੁਚਲੇ ਬਹੁਜਨਾਂ ਵਿੱਚ ਬਸਪਾ ਦੀ ਰਾਜਨੀਤੀ ਨੂੰ ਅੱਗੇ ਵਧਾਇਆ ਸੀ।

ਕੋਈ ਸ਼ੱਕ ਨਹੀਂ ਕਿ ਇਨ੍ਹਾਂ ਨਾਅਰਿਆਂ ਵਿੱਚ ਜਾਤੀਵਾਦੀ ਪਹੁੰਚ ਦਾ ਖੁੱਲ੍ਹਾ ਪ੍ਰਗਟਾਵਾ ਹੈ, ਪਰ ਇਨ੍ਹਾਂ ਦੇ ਸਿਰ ਉੱਤੇ ਹੀ ਬਸਪਾ ਰਾਜਗੱਦੀ ਤੱਕ ਪੁੱਜੀ ਸੀ। ਮਾਇਆਵਤੀ ਲਈ ਭਾਜਪਾ ਦੁਸ਼ਮਣ ਕਦੇ ਨਹੀਂ ਰਹੀ। ਉਹ ਤਿੰਨ ਵਾਰੀ ਮੁੱਖ ਮੰਤਰੀ ਭਾਜਪਾ ਦੀ ਹਮੈਤ ਨਾਲ ਬਣੀ ਸੀ, ਭਾਵੇਂ ਕਿ ਤਿੰਨੇ ਵਾਰੀ ਉਸ ਦੀ ਸਰਕਾਰ ਵੀ ਭਾਜਪਾ ਨੇ ਡੇਗੀ ਸੀ। ਸੱਤਾ ਲਈ ਉਹ ਹਮੇਸ਼ਾ ਰੰਗ ਬਦਲਦੀ ਰਹੀ ਹੈ। 'ਹਾਥੀ ਨਹੀਂ ਗਣੇਸ਼ ਹੈ, ਬ੍ਰਹਮਾ ਵਿਸ਼ਣੂ ਮਹੇਸ਼ ਹੈ', 'ਬ੍ਰਾਹਮਣ ਸੰਖ ਬਜਾਏਗਾ, ਹਾਥੀ ਦਿੱਲੀ ਜਾਏਗਾ', ਨਾਅਰੇ ਵੀ ਲੋੜ ਪੂਰਤੀ ਲਈ ਉਸੇ ਦੀ ਰਹਿਨੁਮਾਈ ਹੇਠ ਘੜੇ ਗਏ ਸਨ।

ਇਸ ਸਮੇਂ ਹਾਲਾਤ ਵੱਖਰੇ ਹਨ। ਮਾਇਆਵਤੀ ਦੀ ਪਾਰਟੀ ਜਿਨ੍ਹਾਂ ਨਿਵਾਣਾਂ ਨੂੰ ਛੂਹ ਚੁੱਕੀ ਹੈ, ਉਥੋਂ ਉਠ ਕੇ ਸੱਤਾ ਤੱਕ ਪਹੁੰਚਣਾ ਅਸੰਭਵ ਹੈ। ਇਸ ਲਈ ਮਾਇਆਵਤੀ ਵੱਲੋਂ ਇਕਦਮ ਹਿੰਦੂਤਵੀ ਵਿਚਾਰਧਾਰਾ ਨੂੰ ਅਪਣਾਉਣ ਦਾ ਇੱਕੋ ਕਾਰਨ ਹੋ ਸਕਦਾ ਹੈ ਕਿ ਇਸ ਸਮੇਂ ਕੋਈ ਹੋਰ ਆਪਣੀ ਲੋੜ ਲਈ ਉਸ ਦੀ ਵਰਤੋਂ ਕਰ ਰਿਹਾ ਹੈ। ਸਿੱਧਾ ਕਿਹਾ ਜਾਵੇ ਤਾਂ ਮਾਇਆਵਤੀ ਅੱਜ ਭਾਜਪਾ ਦੀ ਲੋੜ ਮੁਤਾਬਕ ਰਾਜਨੀਤੀ ਕਰ ਰਹੀ ਹੈ। ਉਤਰ ਪ੍ਰਦੇਸ਼ ਤੇ ਬਿਹਾਰ ਆਦਿ ਰਾਜਾਂ ਵਿੱਚ ਭਾਜਪਾ ਦੀ ਲੋੜ ਹੈ ਕਿ ਉਹ ਵਿਰੋਧੀਆਂ ਨੂੰ ਹਿੰਦੂ ਵਿਰੋਧੀ ਸਾਬਤ ਕਰੇ। ਇਹ ਕੰਮ ਉਹ ਮਾਇਆਵਤੀ ਰਾਹੀਂ ਕਰ ਰਹੀ ਹੈ। ਮਾਇਆਵਤੀ ਨੂੰ ਇਸ ਦਾ ਕੋਈ ਸਿਆਸੀ ਲਾਭ ਹੋਣ ਵਾਲਾ ਨਹੀਂ। ਉਸ ਨਾਲ ਜੁੜਿਆ ਰਹਿੰਦਾ-ਖੂੰਹਦਾ ਮੁਸਲਿਮ ਵੋਟ ਉਸ ਤੋਂ ਪੱਕਾ ਕਿਨਾਰਾ ਕਰ ਲਵੇਗਾ। ਉਸ ਦਾ ਸਭ ਤੋਂ ਭਰੋਸੇਮੰਦ ਜਾਟਵ ਵੋਟ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵੱਲ ਚਲਾ ਗਿਆ ਸੀ, ਉਹ ਉੱਧਰ ਪੱਕਾ ਹੋ ਜਾਵੇਗਾ। ਇਹੋ ਭਾਜਪਾ ਚਾਹੁੰਦੀ ਹੈ। ਸਪੱਸ਼ਟ ਹੈ ਕਿ ਮਾਇਆਵਤੀ ਆਪਣੇ ਪੈਰ ਕੁਹਾੜੀ ਨਹੀਂ, ਸਗੋਂ ਕੁਹਾੜੀ ਉੱਤੇ ਪੈਰ ਮਾਰ ਰਹੀ ਹੈ। ਮਾਇਆਵਤੀ ਵੱਲੋਂ ਅਖਤਿਆਰ ਕੀਤੇ ਇਸ ਪੈਂਤੜੇ ਤੋਂ ਬਾਅਦ ਬਸਪਾ ਵਿੱਚ ਟੁੱਟ-ਭੱਜ ਹੋਣਾ ਸੁਭਾਵਕ ਹੈ। ਉਸ ਦੇ ਸਪਾ ਨਾਲ ਸਮਝੌਤੇ ਕਾਰਨ ਜਿੱਤੇ ਦਸ ਸਾਂਸਦ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੀ ਘਬਰਾਹਟ ਵਿੱਚ ਹਨ। ਲੋਕ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਉਹ ਨਵਾਂ ਟਿਕਾਣਾ ਲੱਭਣ ਦੀ ਕੋਸ਼ਿਸ਼ ਕਰਨਗੇ। ਹਕੀਕਤ ਇਹ ਹੈ ਕਿ ਜਿਸ ਬਹੁਜਨ ਅੰਦੋਲਨ ਨੂੰ ਖੜ੍ਹਾ ਕਰਕੇ ਕਾਂਸ਼ੀ ਰਾਮ ਨੇ ਦਲਿਤਾਂ ਤੇ ਗਰੀਬ ਤਬਕਿਆਂ ਵਿੱਚ ਸਿਆਸੀ ਚੇਤਨਾ ਪੈਦਾ ਕੀਤੀ ਸੀ, ਉਹ ਅੱਜ ਗਹਿਰੇ ਸੰਕਟ ਵਿੱਚ ਪੁੱਜ ਚੁੱਕਾ ਹੈ।

-ਚੰਦ ਫਤਿਹਪੁਰੀ

# ਕਿਸਾਨ, ਕਣਕ ਅਤੇ ਚਾਵਲ ਚੱਕਰਵਿਊ



ਗੁਰਮੀਤ ਸਿੰਘ ਪਲਾਹੀ

ਖੇਤੀ ਦੇਸ਼ ਦੀ ਕਿਸਾਨੀ ਦਾ ਪੇਸ਼ਾ ਨਹੀਂ ਹੈ, ਜੀਊਣ ਦਾ ਢੰਗ-ਤਰੀਕਾ ਹੈ। ਪਰੰਤੂ ਸਮਾਂ ਬਦਲ ਰਿਹਾ ਹੈ। ਹੁਣ ਖੇਤੀ ਪ੍ਰਧਾਨ ਦੇਸ਼ ਦੀ ਥਾਂ ਡਿਜੀਟਲ ਇੰਡੀਆ ਕਹਾਉਣਾ ਚਾਹੁੰਦਾ ਹੈ, ਮਹਾਨ ਭਾਰਤ। ਸ਼ਹਿਰਾਂ ਵਿੱਚ ਹੀ ਨਹੀਂ, ਪਿੰਡਾਂ ਵਿੱਚ ਵੀ ਮੋਬਾਇਲ ਫੋਨ ਦਿਖਦੇ ਹਨ, ਪਰ ਫਿਰ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਤਾਂ ਖੇਤੀ ਹੈ। ਕੋਰੋਨਾ ਕਾਲ ਬੀਤਿਆ। ਦੇਸ਼ ਦਾ ਉਦਯੋਗ ਪੁੱਠੇ ਪੈਰੀਂ ਹੋ ਗਿਆ, ਜੇਕਰ ਕੋਈ ਧੰਦਾ ਬਚਿਆ ਤਾਂ ਖੇਤੀਬਾੜੀ ਹੀ ਸੀ। ਇਹ ਇੱਕ ਤੱਥ ਹੈ ਕਿ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਖੇਤੀ ਨਾਲ ਜੁੜੀ ਹੈ।

ਕਿਸਾਨ ਖੇਤੀ ਕਰਦੇ ਹਨ। ਮੁੱਖ ਫ਼ਸਲ ਕਣਕ ਹੈ। ਕਣਕ ਤਿਆਰ ਖੜੀ ਸੀ ਵੱਢਣ ਲਈ। ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣ ਲਈ। ਕਿਸਾਨਾਂ ਨੂੰ ਕੁਝ ਸੁੱਖ ਦਾ ਸਾਹ ਦੇਣ ਲਈ। ਵਾਤਾਵਰਨ ਪ੍ਰਦੂਸ਼ਣ ਦੀ ਇਹੋ ਜਿਹੀ ਮਾਰ ਪਈ ਕਿ ਸਭ ਕੁਝ ਝੱਖੜ, ਹਨੇਰੀ, ਮੀਂਹ, ਗੜਿਆਂ ਨੇ ਧਰਤੀ 'ਤੇ ਵਿਛਾ ਦਿੱਤਾ। ਕਣਕ ਦੀ ਫ਼ਸਲ ਡਿੱਗ ਪਈ, ਕਿਸਾਨਾਂ ਦੇ ਸੁਫਨੇ ਜਿਵੇਂ ਢਹਿ-ਢੇਰੀ ਹੋ ਗਏ। ਖਾਸ ਤੌਰ 'ਤੇ ਪੰਜਾਬ-ਹਰਿਆਣਾ 'ਚ।

ਪੰਜਾਬ ਤੇ ਹਰਿਆਣਾ ਜਿੱਥੇ 34 ਲੱਖ ਹੈਕਟੇਅਰ ਕਣਕ ਬੀਜੀ ਗਈ ਸੀ, ਉਸ ਵਿੱਚ ਸਰਕਾਰੀ ਅੰਦਾਜ਼ੇ ਅਨੁਸਾਰ 5.23 ਲੱਖ ਹੈਕਟੇਅਰ ਕਣਕ ਨੁਕਸਾਨੀ ਗਈ। ਇੱਥੇ ਹੀ ਕਿਸਾਨਾਂ ਦੇ ਦੁਖਾਂਤ ਦਾ ਅੰਤ ਨਹੀਂ। ਮੁਆਵਜ਼ੇ ਦੀ ਰਕਮ ਦੇਣ ਦਾ ਸਰਕਾਰ ਨੇ ਐਲਾਨ ਕੀਤਾ ਹੈ, ਪਰ ਮੁਆਵਜ਼ਾ ਮਿਲੇਗਾ ਅਤੇ ਕਦੋਂ ਮਿਲੇਗਾ, ਕੋਈ ਨਹੀਂ ਜਾਣਦਾ, ਉਸੇ ਤਰ੍ਹਾਂ ਜਿਵੇਂ ਕੋਈ ਨਹੀਂ ਜਾਣਦਾ ਕਿ ਮੀਂਹ ਕਦੋਂ, ਕਿੱਥੇ ਅਤੇ ਕਿੰਨਾ ਪਏਗਾ ਅਤੇ ਕਿੰਨਾ ਨੁਕਸਾਨ ਹੋਏਗਾ। ਨੁਕਸਾਨੀਆਂ ਫ਼ਸਲਾਂ ਦੀ ਗਿਰਦਾਵਰੀ ਹੋਣੀ ਹੈ, ਕਾਗਜ਼-ਪੱਤਰ ਤਿਆਰ ਹੋਣੇ ਹਨ, ਖ਼ਾਕੇ, ਰਿਪੋਰਟਾਂ ਤਿਆਰ ਹੋਣੀਆਂ ਹਨ, ਮੁੜ ਇੱਕ ਰੁਪਏ ਤੋਂ ਹਜ਼ਾਰਾਂ ਤੱਕ ਦੇ ਚੈੱਕ ਤਿਆਰ ਹੋਣੇ ਹਨ। ਕਿਸਾਨ ਦੇ ਪੱਲੇ ਕੀ ਪਵੇਗਾ, ਕੌਣ ਜਾਣਦਾ ਹੈ?

ਅੰਦਾਜ਼ਾ ਸੀ ਕਿ ਜੂਨ 2023 ਤੱਕ ਇੱਕ ਸਾਲ ਵਿੱਚ 11.22 ਕਰੋੜ ਟਨ ਕਣਕ ਦੀ ਪੈਦਾਇਸ਼ ਹੋ ਜਾਵੇਗੀ, ਦੇਸ਼ ਦੀ ਵੱਡੀ ਆਬਾਦੀ ਦੀਆਂ ਲੋੜਾਂ ਪੂਰੀਆਂ ਹੋ ਜਾਣਗੀਆਂ, ਪਰ ਫ਼ਸਲਾਂ ਦੀ ਕਟਾਈ ਦੀਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਪੰਜਾਬ ਤੋਂ ਲੈ ਕੇ ਮੱਧ ਪ੍ਰਦੇਸ਼ ਤੱਕ ਫ਼ਸਲਾਂ ਦੇ ਘੱਟੋ-ਘੱਟ ਮੁੱਲ ਉੱਤੇ ਫ਼ਸਲ ਦੀ ਖਰੀਦ ਸਰਕਾਰਾਂ ਵੱਲੋਂ ਸ਼ੁਰੂ ਤਾਂ ਕਰ ਦਿੱਤੀ ਗਈ, ਪਰ ਕਣਕ ਦੇ ਢਹਿ-ਢੇਰੀ ਹੋਣ ਨਾਲ ਮਰੇ ਹੋਏ ਦਾਣੇ ਦਾ ਕੀ ਹੋਵੇਗਾ? ਲਗਾਤਾਰ ਦੂਜੀ ਵਾਰ ਹਰਿਆਣਾ ਅਤੇ ਪੰਜਾਬ 'ਚ ਇਸ ਫ਼ਸਲ 'ਤੇ ਗੜ੍ਹੇਮਾਰ ਹੋਈ ਹੈ, ਪੰਜਾਬ 'ਚ ਤਾਂ ਕਿਸਾਨਾਂ ਦੇ ਸਾਹ ਸੁੱਕੇ ਪਏ ਹਨ, ਇੰਨੀ ਫ਼ਸਲ ਤਬਾਹ ਹੋ ਗਈ ਹੈ ਕਿ ਕਿਸਾਨਾਂ ਦੇ ਹੌਸਲੇ ਹੀ ਨਹੀਂ ਡਿੱਗੇ, ਖੇਤੀ ਨਾਲ ਸੰਬੰਧਤ ਧੰਦਿਆਂ ਉਤੇ ਬਰੋਬਰ ਦੀ ਸੱਟ ਵੱਜੀ ਹੈ, ਕਿਉਂਕਿ ਫ਼ਸਲਾਂ ਨਾਲ ਛੋਟੇ, ਬਹੁਤ ਛੋਟੇ ਅਤੇ ਥੋੜ੍ਹੇ ਵੱਡੇ, ਵਿਚਕਾਰਲੇ ਉਦਯੋਗ ਵੀ ਚੱਲਦੇ ਹਨ। ਉਹਨਾ ਉੱਤੇ ਵੀ ਤਾਂ ਅਸਰ ਪਵੇਗਾ।

ਖੇਤੀ ਭਾਰਤ ਦੇ ਲੋਕਾਂ ਲਈ ਅਹਿਮ ਹੈ ਸਦੀਆਂ ਤੋਂ। ਫ਼ਸਲਾਂ ਉੱਗਦੀਆਂ ਹਨ, ਉਗਾਈਆਂ ਜਾਂਦੀਆਂ ਹਨ, ਪਰ ਮੌਸਮ ਦੀ ਮਾਰ ਇਹਨਾਂ ਨੂੰ ਪ੍ਰੇਸ਼ਾਨ ਕਰਦੀ ਹੈ। ਉਪਰੋਂ ਸਰਕਾਰਾਂ ਵੱਲ ਉਚਿੱਤ ਮੁੱਲ ਨਾ ਮਿਲਣ ਕਾਰਨ ਕਿਸਾਨ ਦੀ ਪ੍ਰੇਸ਼ਾਨੀ ਵਧਦੀ ਹੈ। ਕਣਕ ਤੋਂ ਬਾਅਦ ਚਾਵਲ ਤੇ ਫਿਰ ਚਾਵਲ ਤੋਂ ਬਾਅਦ ਕਣਕ ਕਿਸਾਨ ਦੇ ਪੱਲੇ ਪਈ ਹੋਈ ਹੈ, ਬਾਵਜੂਦ ਇਸ ਗੱਲ ਦੇ ਕਿ ਸਰਕਾਰਾਂ ਵੱਲੋਂ ਸਮੇਂ-ਸਮੇਂ ਹੋਰ ਫ਼ਸਲਾਂ ਬੀਜਣ, ਉਗਾਉਣ ਦਾ ਸੁਝਾਅ, ਤਰੀਕਾ ਕਿਸਾਨਾਂ ਨੂੰ ਦਿੱਤਾ ਜਾਂਦਾ ਹੈ, ਪਰ ਉਹਨਾਂ ਨੂੰ ਜਾਪਦਾ ਹੈ ਕਿ ਕਣਕ, ਚਾਵਲ ਹੀ ਇਹੋ ਜਿਹੀ ਫ਼ਸਲ ਹੈ, ਜੋ ਉਸਦੀ ਮਾੜੀ-ਮੋਟੀ ਕਿਸਮਤ ਤਾਰ ਸਕਦੀ ਹੈ। ਦਾਲਾਂ ਬੀਜੀਆਂ ਜਾਂਦੀਆਂ ਹਨ। ਸਬਜ਼ੀਆਂ ਉਗਾਈਆਂ ਜਾਂਦੀਆਂ ਹਨ, ਪਸ਼ੂ ਪਾਲਣ ਅਪਨਾਇਆਂ ਜਾਂਦਾ ਹੈ, ਪਰ ਘੱਟੋ-ਘੱਟ ਮੁੱਲ ਮਿਲਦਾ ਨਹੀਂ ਤਾਂ ਕਿਸਾਨ ਘਾਟੇ 'ਚ ਜਾਏਗਾ, ਕਰਜ਼ਾਈ ਹੋਏਗਾ, ਪੱਲੇ ਪ੍ਰੇਸ਼ਾਨੀਆਂ ਹੀ ਪੈਣਗੀਆਂ। ਤਦੇ ਸਿਰਫ਼ ਤੇ ਸਿਰਫ਼ ਆਪਣਾ ਪੇਟ ਪਾਲਣ ਲਈ ਕਣਕ ਅਤੇ ਚਾਵਲ 'ਤੇ ਨਿਰਭਰ ਹੋ ਕੇ ਰਹਿ ਜਾਂਦਾ ਹੈ।

ਸਮੇਂ-ਸਮੇਂ ਸਰਕਾਰਾਂ ਵੱਲੋਂ ਕਹਿਣ ਨੂੰ ਤਾਂ ਖੇਤੀ ਨੂੰ ਉਤਸ਼ਾਹਤ ਕਰਨ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ। ਬੀਮਾ ਸਕੀਮਾਂ ਜਾਰੀ ਕੀਤੀਆਂ ਜਾਂਦੀਆਂ ਹਨ। ਨਵੇਂ ਬੀਜਾਂ, ਖਾਦਾਂ, ਦਵਾਈਆਂ ਤੇ ਸਿੰਚਾਈ ਸਾਧਨਾਂ, ਬਿਜਾਈ ਸਾਧਨਾਂ ਮਸ਼ੀਨਰੀ ਉੱਤੇ ਸਬਸਿਡੀਆਂ ਦਿੱਤੇ ਜਾਣ ਦੀ ਗੱਲ ਕੀਤੀ ਜਾਂਦੀ ਹੈ, ਪਰ ਆਮ ਸਧਾਰਨ ਕਿਸਾਨ ਇਸ ਤੋਂ ਵਿਰਵਾ ਰਹਿੰਦਾ ਹੈ। ਉਸ ਤੱਕ ਪਹੁੰਚ ਹੀ ਨਹੀਂ ਕਰਦੀ ਸਰਕਾਰ, ਕਿਉਂਕਿ ਸਰਕਾਰ ਦੀ ਮਨਸ਼ਾ ਕਿਸਾਨ ਨੂੰ ਖੇਤੀ ਤੋਂ, ਖੇਤਾਂ ਤੋਂ ਬਾਹਰ ਕੱਢਣ ਦੀ ਹੈ ਅਤੇ ਉਹ ਖੇਤੀ ਕਾਰਪੋਰੇਟਾਂ ਦੇ ਹੱਥ ਸੌਂਪ ਕੇ ਕਿਸਾਨ ਨੂੰ ਮਜ਼ਦੂਰੀ ਵੱਲ ਧੱਕਣ ਦਾ ਧਾਰੀ ਬੈਠੀ ਹੈ। ਪਿਛਲੇ ਦਿਨਾਂ 'ਚ ਭਰਤ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨ ਕਾਰਪੋਰੇਟਾਂ ਦੇ ਹੱਥ ਜ਼ਮੀਨ ਸੌਂਪਣ ਦੀ ਹੀ ਸੋਚੀ-ਸਮਝੀ ਸਰਕਾਰੀ ਚਾਲ ਸੀ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ 2004-05 ਤੋਂ 2011-12 ਤੱਕ 34 ਮਿਲੀਅਨ (3.4 ਕਰੋੜ) ਕਿਸਾਨਾਂ ਨੇ ਖੇਤੀ ਧੰਦੇ ਨੂੰ ਤਿਲਾਂਜਲੀ ਦਿੱਤੀ ਅਤੇ ਇਹ ਖੇਤੀ-ਤਿਲਾਂਜਮੀ ਸਾਲਾਨਾ 2.04 ਪ੍ਰਤੀਸ਼ਤ ਦੀ ਦਰ ਨਾਲ ਜਾਰੀ ਹੈ।

ਔਸਤਨ 2035 ਕਿਸਾਨ ਪਿਛਲੇ 20 ਸਾਲਾਂ ਤੋਂ ਖੇਤੀ ਦਾ ਧੰਦਾ ਛੱਡ ਰਹੇ ਹਨ। ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਵੱਡੀ ਗਿਣਤੀ ਕਿਸਾਨ ਖੇਤਾਂ ਤੋਂ ਵਿਰਵੇ ਹੋ ਕੇ ਖੇਤ ਮਜ਼ਦੂਰ ਬਨਣ ਲਈ ਮਜਬੂਰ ਹਨ।

2011 ਦੀ ਮਰਦਮਸ਼ੁਮਾਰੀ ਅਨੁਸਾਰ 95.8 ਮਿਲੀਅਨ ਲੋਕਾਂ ਦਾ ਮੁੱਖ ਕਿੱਤਾ ਖੇਤੀ ਸੀ। ਸਾਲ 2001 ਦੀ ਮਰਦਮਸ਼ੁਮਾਰੀ ਅਨੁਸਾਰ 103 ਮਿਲੀਅਨ ਅਤੇ 1991 ਦੀ ਮਰਦਮਸ਼ੁਮਾਰੀ ਅਨੁਸਾਰ ਇਹ ਗਿਣਤੀ 110 ਮਿਲੀਅਨ ਸੀ। ਇਹ ਤਾਂ ਉਹ ਲੋਕ ਹਨ, ਜਿਹੜੇ ਸਿੱਧੇ ਤੌਰ 'ਤੇ ਖੇਤੀ ਨਾਲ ਜੁੜੇ ਹਨ, ਪਰ ਖੇਤੀ ਅਧਾਰਤ ਕਿੱਤਿਆਂ ਨਾਲ ਜੁੜੇ ਕਿਸਾਨ, ਖੇਤ ਮਜ਼ਦੂਰ ਆਦਿ ਨੂੰ ਇਕੱਠੇ ਗਿਣ ਲਈਏ ਤਾਂ ਇਹ ਗਿਣਤੀ 263 ਮਿਲੀਅਨ ਸਮਝੀ ਜਾਂਦੀ ਹੈ, ਭਾਵ ਕੁਲ ਆਬਾਦੀ ਦਾ 22 ਫ਼ੀਸਦੀ।

ਕਿਉਂਕਿ ਕਿਸਾਨਾਂ ਲਈ ਜਿਹੜੀ ਫ਼ਸਲ ਉਗਾਉਣੀ ਸੌਖੀ ਹੈ ਅਤੇ ਜਿਸ ਫ਼ਸਲ ਵਿੱਚੋਂ ਉਸ ਦਾ ਨਿਰਵਾਹ ਹੋਣ ਅਤੇ ਟੱਬਰ ਪਾਲਣ ਦੀਆਂ ਸੰਭਾਵਨਾਵਾਂ ਵੱਧ ਹਨ, ਉਹ ਉਹੀ ਫ਼ਸਲ ਉਗਾਏਗਾ। ਕਣਕ, ਚਾਵਲ ਉੱਤਰੀ ਭਾਰਤ ਦੇ ਲੋਕਾਂ ਲਈ ਅਹਿਮ ਹੈ, ਕਿਉਂਕਿ ਇਹ ਉਹਨਾ ਦੇ ਭੋਜਨ ਦਾ ਮੁੱਖ ਹਿੱਸਾ ਹੈ। ਕਣਕ ਦੀ ਰੋਟੀ ਨਾਲ ਉਹਨਾ ਦਾ ਢਿੱਡ ਭਰਦਾ ਹੈ ਜਾਂ ਚਾਵਲ ਉਹਨਾ ਦੀ ਮੁੱਖ ਖੁਰਾਕ ਹੈ, ਤਾਂ ਫਿਰ ਉਹ ਇਸੇ ਚੱਕਰਵਿਊ 'ਚ ਰਹਿੰਦੇ ਹਨ। ਉਂਜ ਵੀ ਜਿਹਨਾ ਲੋਕਾਂ ਕੋਲ ਡੇਢ-ਦੋ ਏਕੜ ਜ਼ਮੀਨ ਹੈ, ਉਸ ਕੋਲ ਖੇਤੀ ਸਾਧਨ ਵੀ ਘੱਟ ਹਨ, ਉਹ ਤਾਂ ਇਨ੍ਹਾਂ ਫ਼ਸਲਾਂ ਨੂੰ ਹੀ ਤਰਜੀਹ ਦੇਣਗੇ। ਭਾਵੇਂ ਕਿ ਇਹਨਾ ਫ਼ਸਲਾਂ ਨਾਲ ਵਾਤਾਵਰਨ ਪ੍ਰਦੂਸ਼ਣ ਵਧਣ ਦੀਆਂ ਗੱਲਾਂ ਹੋ ਰਹੀਆਂ ਹਨ (ਪਰਾਲੀ ਜਲਾਉਣ ਨਾਲੋਂ ਵੀ ਵੱਧ ਪ੍ਰਦੂਸ਼ਣ ਦਾ ਕਾਰਨ ਵਹੀਕਲ, ਉਦਯੋਗ ਅਤੇ ਹੋਰ ਕਾਰਨ ਵੀ ਹਨ) ਪਰ ਇਸ ਦਾ ਪ੍ਰਬੰਧਨ ਜਿੱਥੇ ਕਿਸਾਨ ਦੇ ਜ਼ੁੰਮੇ ਹੋ ਸਕਦਾ ਹੈ, ਕੀ ਉਥੇ ਸਰਕਾਰ ਦਾ ਵੀ ਫਰਜ਼ ਨਹੀਂ ਬਣਦਾ? ਕਿਉਂਕਿ ਸਰਕਾਰ ਵੱਲੋਂ ਇਹਨਾਂ ਫ਼ਸਲਾਂ ਦੀ ਵੱਧ ਪੈਦਾਵਾਰ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਦੇਸ਼ ਦੇ 80 ਕਰੋੜ ਗਰੀਬ ਲੋਕਾਂ ਨੂੰ ਮੁਫ਼ਤ ਕਣਕ, ਚਾਵਲ ਦੇਣ ਦੀ ਜ਼ੁੰਮੇਵਾਰੀ ਵੀ ਤਾਂ ਸਰਕਾਰ ਨੇ ਚੁੱਕੀ ਹੋਈ ਹੈ।

ਅਸਲ ਵਿੱਚ ਤਾਂ ਕਿਸਾਨਾਂ ਨੂੰ ਕਣਕ, ਚਾਵਲ ਪੈਦਾਵਾਰ 'ਚ ਉਲਝਾਉਣ ਦਾ ਕੰਮ ਵੀ ਤਾਂ ਸਰਕਾਰ ਨੇ ਕੀਤਾ ਹੈ। 1947 ਤੋਂ 1960 ਤੱਕ ਭਾਰਤ ਦੀ ਆਬਾਦੀ ਲਈ ਲੋੜੀਂਦਾ ਭੋਜਨ ਨਹੀਂ ਸੀ। ਸਿਰਫ਼ 417 ਗ੍ਰਾਮ ਭੋਜਨ ਇੱਕ ਵਿਅਕਤੀ ਲਈ ਇੱਕ ਦਿਨ ਵਾਸਤੇ ਉਪਲੱਬਧ ਸੀ। ਬਹੁਤੇ ਕਿਸਾਨ ਕਰਜ਼ਾਈ ਸਨ। ਇਸ ਸਥਿਤੀ 'ਚ ਡਾ: ਐੱਮ.ਐੱਸ. ਸਵਾਮੀਨਾਥਨ ਦੀ ਅਗਵਾਈ 'ਚ 60ਵਿਆਂ 'ਚ ਹਰੀ ਕ੍ਰਾਂਤੀ ਦਾ ਆਰੰਭ ਅਨਾਜ ਪੈਦਾਵਾਰ ਲਈ ਆਰੰਭਿਆ ਗਿਆ। ਵੱਧ ਝਾੜ ਵਾਲੀਆਂ ਫ਼ਸਲਾਂ ਦੀ ਸ਼ੁਰੂਆਤ ਹਰੀ ਕ੍ਰਾਂਤੀ ਵੇਲੇ ਹੋਈ, ਜਿਸ 'ਚ ਚਾਵਲ, ਕਣਕ ਮੁੱਖ ਸੀ। ਖੇਤੀ ਦਾ ਰਕਬਾ ਵਧਾਇਆ ਗਿਆ। ਦੋ ਫ਼ਸਲੀ ਚੱਕਰ ਲਾਗੂ ਕੀਤਾ ਗਿਆ। ਨਵੇਂ ਬੀਜ ਈਜਾਦ ਕੀਤੇ ਗਏ, ਨਵੀਂ ਮਸ਼ੀਨਰੀ, ਖਾਦਾਂ, ਕੀਟਨਾਸ਼ਕਾਂ ਦਾ ਆਰੰਭ ਹੋਇਆ। ਅਨਾਜ ਵਧਿਆ। ਪੰਜਾਬ ਨੇ ਹਰੀ ਕ੍ਰਾਂਤੀ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ।

ਪਰ ਪੰਜਾਬ ਨੇ ਬਹੁਤ ਕੁਝ ਗੁਆਇਆ। ਪਾਣੀ ਗੁਆਇਆ ਧਰਤੀ ਹੇਠਲਾ। ਵਾਤਾਵਰਨ ਦਾ ਪ੍ਰਦੂਸ਼ਣ ਵਧਾਇਆ। ਕੀਟਨਾਸ਼ਕਾਂ ਨੇ ਬਿਮਾਰੀਆਂ ਸਮੇਤ ਕੈਂਸਰ ਵਧਾਇਆ। ਵਾਤਾਵਰਨ ਪ੍ਰਦੂਸ਼ਣ ਹੁਣ ਫ਼ਸਲਾਂ ਨੂੰ ਪ੍ਰੇਸ਼ਾਨ ਕਰਦਾ ਹੈ।

ਕਣਕ, ਝੋਨੇ ਦਾ ਫ਼ਸਲੀ ਚੱਕਰ ਬਣਿਆ ਚੱਕਰਵਿਊ ਆਉਣ ਵਾਲੇ ਸਮੇਂ ਲਈ ਵੱਡਾ ਖ਼ਤਰਾ ਬਣਿਆ ਦਿਸਦਾ ਹੈ।

ਸਰਕਾਰ ਮੋਟੇ ਅਨਾਜ ਦੀ ਵੱਧ ਪੈਦਾਵਾਰ 'ਤੇ ਜ਼ੋਰ ਦੇਣ ਲੱਗੀ ਹੈ, ਪਰ ਉਸ ਵਾਸਤੇ ਲੰਮੇ ਸਮੇਂ ਦੀ ਯੋਜਨਾ ਕਿੱਥੇ ਹੈ?

ਪੰਜ ਵਰ੍ਹਿਆਂ 'ਚ ਕਿਸਾਨ ਦੀ ਆਮਦਨ ਦੁੱਗਣੀ ਕਰਨ ਦਾ ਕੀ ਬਣਿਆ? ਕੀ ਹਜ਼ਾਰ ਦੋ ਹਜ਼ਾਰ ਦੀ ਤਿਮਾਹੀ ਦਿੱਤੀ ਕਿਸ਼ਤ ਕਿਸਾਨ ਲਈ ਜੀਊਣ ਦਾ ਸਾਧਨ ਬਣਾਉਣਾ ਸਹੀ ਹੈ? ਕੀ ਕਿਸਾਨ ਆਪ ਭੁੱਖੇ ਢਿੱਡ ਰਹਿ ਕੇ 80 ਕਰੋੜ ਭੁੱਖੇ ਢਿੱਡਾਂ ਦਾ ਢਿੱਡ ਭਰ ਸਕੇਗਾ? ਨੰਗੇ ਪੈਰੀਂ, ਸੱਪਾਂ ਦੀਆਂ ਸਿਰੀਆਂ ਆਖ਼ਰ ਕਦੋਂ ਤੱਕ ਮਿੱਧੇਗਾ ਕਿਸਾਨ?

ਸਰਕਾਰ ਨੂੰ ਇਹ ਗੱਲ ਸਮਝਣੀ ਹੀ ਹੋਵੇਗੀ ਕਿ ਡੰਗ ਟਪਾਊ ਯੋਜਨਾਵਾਂ ਦੀ ਥਾਂ ਜਦ ਤੱਕ ਚਿਰ ਸਥਾਈ ਖੇਤੀ ਯੋਜਨਾਵਾਂ ਨਹੀਂ ਬਣਦੀਆਂ ਤੇ ਲਾਗੂ ਨਹੀਂ ਹੁੰਦੀਆਂ, ਉਦੋਂ ਤੱਕ ਕਿਸਾਨ ਨੂੰ ਕਣਕ, ਚਾਵਲ, ਮੋਟੇ ਅਨਾਜ ਦੇ ਚੱਕਰਵਿਊ 'ਚੋਂ ਕੋਈ ਬਾਹਰ ਨਹੀਂ ਕੱਢ ਸਕਦਾ।

# ਸੰਪਰਕ : 98158-02070

# ਬਚਪਨ ਦੀਆਂ ਮਸਤੀਆਂ



ਡਾ. ਗੁਰਤੇਜ ਸਿੰਘ

ਬਚਪਨ ਹਾਸੀਆਂ-ਖੇਡੀਆਂ ਦਾ ਦੂਜਾ ਨਾਂਅ ਹੈ, ਜਦੋਂ ਅਸੀਂ ਦੁਨੀਆ ਦੀ ਚਕਾਚੌਂਧ ਤੋਂ ਮੁਕਤ ਹੁੰਦੇ ਹਾਂ। ਪਿੰਡ 'ਚ ਜੰਮੇ ਹੋਣ ਕਾਰਨ ਖੇਤ, ਦਰੱਖਤ, ਚੌਵੀ ਇੰਚੇ ਸਾਈਕਲ ਅਤੇ ਦੂਰਦਰਸ਼ਨ ਸਾਡੇ ਮਿੱਤਰ ਸਨ। ਖੇਤ ਮਾਪਿਆਂ ਨਾਲ ਕੰਮ ਕਰਵਾਉਂਦੇ, ਖੇਡਣ ਲਈ ਦਰੱਖਤਾਂ 'ਤੇ ਚੜ੍ਹਦੇ-ਉਤਰਦੇ, ਚੌਵੀ ਇੰਚੇ ਸਾਈਕਲ ਨੂੰ ਚਲਾਉਣਾ ਸਿੱਖਣ ਲਈ ਸੁੱਖਣਾ ਸੁੱਖਦੇ। ਸਾਈਕਲ ਦੀ ਸੀਟ 'ਤੇ ਬੈਠ ਕੇ ਚਲਾਉਣ ਦੀ ਜਗ੍ਹਾ ਕੈਂਚੀ ਚਲਾਉਂਦੇ ਹੋਏ ਗਿੱਟੇ-ਗੋਡੇ ਰਗੜਾਉਂਦੇ ਤੇ ਅਕਸਰ ਪੈਰ ਵਿੱਚ ਆਈ ਮੋਚ ਕਢਵਾਉਣ ਲਈ ਗੁਆਂਢ 'ਚ ਵਸਦੇ ਬਾਜ਼ੀਗਰਾਂ ਦੇ ਘਰਾਂ 'ਚ ਲੰਗੜਾਉਂਦੇ ਹੋਏ ਚੱਕਰ ਮਾਰਦੇ ਰਹਿੰਦੇ। ਸਾਡੇ 'ਚੋਂ ਕਈਆਂ ਨੇ ਸਾਈਕਲ ਚਲਾਉਣਾ ਸਿੱਖਦੇ ਸਮੇਂ ਬਾਹਾਂ ਵੀ ਤੁੜਵਾਈਆਂ ਸਨ। ਮਾੜੀ-ਮੋਟੀ ਸੱਟ ਨੂੰ ਅਸੀਂ ਘਰਦਿਆਂ ਤੋਂ ਡਰਦੇ ਗੌਲਦੇ ਵੀ ਨਹੀਂ ਸੀ। ਬਸ ਮੋਚ ਕਢਵਾਉਣ ਅਤੇ ਮਾਪਿਆਂ ਦੀਆਂ ਝਿੜਕਾਂ ਤੋਂ ਬਚਣ ਦੇ ਚੱਕਰਾਂ ਵਿੱਚ ਹੀ ਰਗੜਾਂ ਤੇ ਮੋਚ ਕਦੋਂ ਠੀਕ ਹੋ ਜਾਂਦੀ ਸੀ, ਪਤਾ ਹੀ ਨਹੀਂ ਚਲਦਾ ਸੀ।

ਸਾਡੇ ਪੈਰ ਉਦੋ ਜ਼ਮੀਨ ਨਾਲ ਇੰਝ ਜੁੜੇ ਹੋਏ ਸਨ, ਜਿਵੇ ਮਾਂ-ਪੁੱਤ ਦਾ ਰਿਸ਼ਤਾ ਹੋਵੇ, ਜਿਸ ਕਰਕੇ ਪੈਰੀਂ ਜੁੱਤੀ-ਚੱਪਲ ਪਾਉਣੀ ਅਸੀਂ ਮੁਨਾਸਿਬ ਹੀ ਨਹੀਂ ਸਮਝਦੇ ਸੀ। ਨੰਗੇ ਪੈਰੀਂ ਹੀ ਖੇਤਾਂ 'ਚ ਕੰਮ ਕਰਨਾ, ਪਹਾੜੀ ਕਿੱਕਰਾਂ ਦੇ ਮਿੱਠੇ ਤੁੱਕੇ ਅਤੇ ਮਲਿਆਂ ਦੇ ਲਾਲ ਰੰਗ ਦੇ ਨਿੱਕੇ-ਨਿੱਕੇ ਬੇਰ ਤੋੜਨ ਲਈ ਅਣਥੱਕ ਕੋਸ਼ਿਸ਼ਾਂ ਕਰਨਾ। ਜਿਸ ਨਾਲ ਕਿੱਕਰ, ਮਲ੍ਹਿਆਂ ਦੇ ਕੰਡੇ ਪੈਰਾਂ ਵਿੱਚ ਵੱਜਣੇ ਸੁਭਾਵਿਕ ਹੀ ਸਨ। ਉਦੋਂ ਮਾਪੇ ਜਾਂ ਵੱਡੇ ਭੈਣ-ਭਰਾ ਸਰਜਨ ਹੁੰਦੇ ਸਨ ਤੇ ਕੱਪੜੇ ਸੀਣ ਵਾਲੀ ਸੂਈ ਚੁੱਕ ਸ਼ੁਰੂ ਹੋ ਜਾਂਦੇ ਸਨ ਕੰਡਾ ਆਪ੍ਰੇਸ਼ਨ ਕਰਨ ਲਈ। ਮਿੱਠੇ-ਮਿੱਠੇ ਦਰਦ ਨਾਲ ਸੀ-ਸੀ, ਹਾਈ ਹਾਈ ਕਰੀ ਜਾਣਾ, ਨਾਲੋਂ-ਨਾਲ ਘਰਦਿਆਂ ਤੋਂ ਗਾਲ੍ਹਾਂ ਦਾ ਪ੍ਰਸ਼ਾਦ ਮਿਲਦਾ ਸੀ। ਸਾਰਾ ਟੱਬਰ ਸਾਡੇ ਦੁਆਲੇ ਇੰਝ ਜੁੜਿਆ ਹੁੰਦਾ ਸੀ ਜਿਵੇਂ ਸੱਚੀਂ ਬਹੁਤ ਵੱਡੀ ਸਰਜਰੀ ਚੱਲ ਰਹੀ ਹੋਵੇ। ਮਾਹਿਰ ਡਾਕਟਰਾਂ ਵਾਂਗ ਉਨ੍ਹਾਂ ਦਿਨਾਂ 'ਚ ਕੰਡਾ ਕੱਢਣ ਦੇ ਮਾਹਿਰ ਪਿੰਡ 'ਚ ਹੁੰਦੇ ਸਨ, ਜਿਨ੍ਹਾਂ ਕੋਲ ਘਰ ਦੇ ਚੁੱਕ ਕੇ ਲੈ ਕੇ ਜਾਂਦੇ ਰਹੇ ਸਨ। ਕੰਡਾ ਡੂੰਘਾ ਹੋਣ ਜਾਂ ਫਿਰ ਨਜ਼ਰੀਂ ਨਾ ਪੈਣਾ ਤਾਂ ਕੰਡਾ ਮਾਹਿਰ ਉਸ ਜਗ੍ਹਾ 'ਤੇ ਗੁੜ ਗਰਮ ਕਰਕੇ ਵਿੱਚ ਥੋੜ੍ਹਾ ਜਿਹਾ ਨਮਕ ਪਾ ਕੇ ਬੰਨ੍ਹਣ ਦੀ ਹਦਾਇਤ ਕਰਦੇ ਸਨ ਤਾਂ ਜੋ ਮਾਸ ਨਰਮ ਹੋ ਕੇ ਕੰਡਾ ਉੱਪਰ ਆ ਜਾਵੇ ਤੇ ਆਸਾਨੀ ਨਾਲ ਕੱਢਿਆ ਜਾ ਸਕੇ।

ਘਰ ਦੇ ਸਾਹਮਣੇ ਜੋ ਟੋਭਾ ਸੀ, ਉਸ ਵਿੱਚ ਸਾਰੇ ਪਿੰਡ ਦੇ ਡੰਗਰ ਪਾਣੀ ਪੀਂਦੇ ਅਤੇ ਨਹਾਉਂਦੇ ਸਨ। ਮੱਝ ਦੀ ਪਿੱਠ 'ਤੇ ਬੈਠ ਕੇ ਤਾਰੀਆਂ ਲਗਾਉਣ ਦਾ ਆਪਣਾ ਮਜ਼ਾ ਹੁੰਦਾ ਸੀ। ਇੱਕ ਵਾਰ ਮੈਂ ਤੇ ਮੇਰੇ ਤਾਇਆ ਜੀ ਦਾ ਲੜਕਾ ਮੱਝਾਂ ਦੀ ਸਵਾਰੀ ਕਰਦੇ ਹੋਏ ਟੋਭੇ ਵਿੱਚ ਜਾ ਉੱਤਰੇ। ਕਾਫੀ ਸਮਾਂ ਤਾਂ ਮੱਝ ਅਰਾਮ ਨਾਲ ਬੈਠੀ ਰਹੀ, ਪਰ ਅਚਾਨਕ ਹੀ ਉਸ ਨੇ ਪਾਣੀ ਵਿੱਚ ਅਜਿਹਾ ਪਾਸਾ ਲਿਆ ਤਾਂ ਮੈਂ ਮੱਝ ਦੀ ਪਿੱਠ ਤੋਂ ਖਿਸਕ ਕੇ ਟੋਭੇ ਦੇ ਡੂੰਘੇ ਪਾਣੀ ਵਿੱਚ ਜਾ ਡਿੱਗਾ। ਤਾਏ ਦੇ ਮੁੰਡੇ ਨੇ ਚੀਕ-ਚਿਹਾੜਾ ਪਾ ਦਿੱਤਾ ਤਾਂ ਬੱਸ ਅੱਡੇ 'ਤੇ ਮੌਜੂਦ ਇੱਕ ਸ਼ਖ਼ਸ ਨੇ ਫੁਰਤੀ ਨਾਲ ਟੋਭੇ 'ਚ ਕੁੱਦ ਕੇ ਮੈਨੂੰ ਪਾਣੀ 'ਚੋਂ ਸਹੀ-ਸਲਾਮਤ ਜਾ ਕੱਢਿਆ ਸੀ। ਉਸ ਤੋਂ ਬਾਅਦ ਮੈਂ ਕਦੇ ਟੋਭੇ ਵੱਲ ਮੂੰਹ ਨਹੀਂ ਕੀਤਾ ਸੀ।

ਦੂਰਦਰਸ਼ਨ ਦੇ ਸੀਰੀਅਲ ਜਿਵੇਂ ਮੋਗਲੀ (ਜੰਗਲ ਬੁੱਕ), ਸ਼ਕਤੀਮਾਨ, ਜੂਨੀਅਰ ਜੀ, ਟਿੰਬਾ ਰੂਚਾ, ਮਾਲਗੁਡੀ ਡੇਜ਼, ਸ੍ਰੀ ਕ੍ਰਿਸ਼ਨਾ, ਸੁਰਾਗ, ਅਲਿਫ਼ ਲੈਲਾ ਆਦਿ ਮਨਭਾਉਂਦੇ ਸਨ, ਜਿਨ੍ਹਾਂ ਦੀ ਬੇਸਬਰੀ ਨਾਲ ਉਡੀਕ ਹੁੰਦੀ ਸੀ, ਪ੍ਰਸਾਰਿਤ ਹੋਣ ਵੇਲੇ ਅਕਸਰ ਬੱਤੀ ਦਾ ਗੁੱਲ ਹੋ ਜਾਣਾ ਸਾਡੇ ਬਾਲ ਮਨਾਂ ਨੂੰ ਠੇਸ ਪਹੁੰਚਾਉਂਦਾ ਸੀ। ਸਕੂਲ, ਰਿਸ਼ਤੇਦਾਰੀਆਂ 'ਚ ਜਾ ਕੇ ਵੀ ਹਾਣ ਦੇ ਬੱਚਿਆਂ ਨਾਲ ਸੀਰੀਅਲਾਂ ਬਾਰੇ ਚਰਚਾ ਕਰਨੀ ਜਾਂ ਫਿਰ ਉਨ੍ਹਾਂ ਪਾਤਰਾਂ ਦੀ ਨਕਲ ਕਰਨੀ ਸਾਡੇ ਅਣਭੋਲ ਬਚਪਨ ਦੇ ਮਨੋਰੰਜਨ ਦਾ ਹਿੱਸਾ ਸੀ।

ਲੱਕੜ ਦੇ ਨਿੱਕੇ ਜਿਹੇ ਡੰਡੇ ਨਾਲ ਸਾਈਕਲ ਦੇ ਪੁਰਾਣੇ ਟਾਇਰ ਨੂੰ ਭਜਾਈ ਫਿਰਨਾ ਤੇ ਅਹਿਸਾਸ ਚੇਤਕ ਸਕੂਟਰ ਜਾਂ ਰਾਜਦੂਤ ਮੋਟਰ ਸਾਇਕਲ ਦਾ ਲੈ ਕੇ ਮੂੰਹ ਨਾਲ ਆਵਾਜ਼ਾਂ ਕੱਢਦੇ ਰਹਿਣਾ। ਮੇਰਾ ਅਜ਼ੀਜ਼ ਦੋਸਤ ਗੁਰਦੀਪ ਸਿੰਘ (ਪੰਜਾਬ ਪੁਲਸ) ਜਿਸ ਨੂੰ ਅਸੀਂ ਪਿਆਰ ਨਾਲ ਮੰਮਰਾ ਵੀ ਕਹਿੰਦੇ ਸਾਂ, ਉਹ ਮੂੰਹ ਖੋਲ੍ਹੇ ਬਗੈਰ ਮੂੰ-ਮੂੰ ਤੇ ਹੋਰ ਵੀ ਕਈ ਤਰ੍ਹਾਂ ਦੀ ਆਵਾਜ਼ਾਂ ਕੱਢਦਾ ਹੁੰਦਾ ਸੀ। ਗਰਮੀਆਂ ਦੀਆਂ ਛੁੱਟੀਆਂ ਅਸੀਂ ਸਾਡੇ ਘਰ ਤੇ ਉਸ ਦੇ ਨਾਨਕੇ ਘਰ ਦੇ ਸਾਹਮਣੇ ਜੋ ਦਰੱਖਤ ਸਨ, ਬੋਹੜ ਦੀ ਠੰਢੀ ਛਾਵੇਂ ਤਾਸ਼ ਖੇਡਣੀ, ਕਾਗਜ਼ ਦੇ ਜਹਾਜ਼ ਬਣਾ ਉਡਾਉਣੇ, ਕਾਗਜ਼ਾਂ ਦੀਆਂ ਟਿਕਟਾਂ ਬਣਾ ਕੇ ਬੋਹੜ ਨੂੰ ਬੱਸ ਬਣਾ ਕੇ ਟਿਕਟਾਂ ਕੱਟਣੀਆਂ ਜਾਂ ਫਿਰ ਬੋਹੜ ਤੋ ਲਮਕੇ ਛੱਡ ਕੇ ਛਾਲਾਂ ਮਾਰੀ ਜਾਣੀਆਂ। ਮਾਪੇ ਡਾਂਟਦੇ ਰਹਿੰਦੇ, ਪਰ ਅਸੀਂ ਸਾਰਾ ਦਿਨ ਹਰਲ-ਹਰਲ ਕਰੀ ਜਾਣਾ, ਜਾਂ ਫਿਰ ਸਾਰਾ ਦਿਨ ਘਰ ਨੇੜੇ ਵਗਦੀ ਕੱਸੀ 'ਚ ਨਹਾਈ ਜਾਣਾ ਤੇ ਘਰ ਆ ਕੇ ਨਿੰਬੂ, ਅੰਬ ਦੇ ਅਚਾਰ ਨਾਲ ਰੋਟੀਆਂ ਖਾਣੀਆਂ, ਜੋ ਬੇਹੱਦ ਸੁਆਦਲਾ ਪਕਵਾਨ ਸੀ। ਰਾਸ਼ਨ ਡਿਪੂ 'ਚੋਂ ਮਿਲੀ ਜਾਂ ਮਹਿਮਾਨਾਂ ਲਈ ਉਚੇਚੇ ਤੌਰ ਤੇ ਲਿਆਂਦੀ ਖੰਡ (ਚੀਨੀ) ਨਾਲ ਰੋਟੀ ਖਾਣ ਦਾ ਆਪਣਾ ਸਵਾਦ ਹੁੰਦਾ ਸੀ।

ਬਾਰਿਸ਼ ਆਉਣੀ, ਉਸ ਵਿੱਚ ਸ਼ੁਦਾਈਆਂ ਵਾਂਗ ਨਹਾਈ ਜਾਣਾ, ਮੀਂਹ ਦੇ ਪਾਣੀ ਨਾਲ ਨਹਾ ਕੇ ਗਰਮੀ ਨਾਲ ਹੋਈ ਪਿੱਤ ਜੋ ਹਟ ਜਾਂਦੀ ਸੀ, ਬਸ ਮੀਂਹ ਦਾ ਪਾਣੀ ਹੀ ਸਾਡੇ ਲਈ ਸਾਬਣ, ਡਰਮੀਕੂਲ ਜਾਂ ਨਾਈਸਲ ਪਾਊਡਰ ਸੀ। ਬਾਣ ਦੇ ਮੰਜੇ 'ਤੇ ਪਿੱਤ ਵਾਲਾ ਪਿੰਡਾ (ਸਰੀਰ) ਰਗੜ ਕੇ ਬੜੀ ਸ਼ਾਂਤੀ ਮਿਲਦੀ ਸੀ।

ਜ਼ਿਆਦਾ ਬਾਰਿਸ਼ ਹੋਣ ਤੋ ਬਾਅਦ ਅਕਸਰ ਮੈਂ ਤੇ ਗੁਰਦੀਪ ਡੂੰਘੀ ਵਿਚਾਰ ਕਰਦੇ, ਜੇਕਰ ਹੜ੍ਹ ਆ ਗਏ ਤੇ ਆਪਾਂ ਡੁੱਬਣ ਲੱਗੇ ਤਾਂ ਕੀ ਕਰਾਂਗੇ। ਬਸ ਨੈਣਾ ਦੇਵੀ ਦੀਆਂ ਪਹਾੜੀਆਂ ਹੀ ਉਸ ਵੇਲੇ ਸਾਡੇ ਲਈ ਸੰਸਾਰ ਦੀ ਸਭ ਤੋਂ ਉੱਚੀ ਜਗ੍ਹਾ ਸੀ। ਸਾਨੂੰ ਜਾਪਦਾ ਸੀ ਕਿ ਜਿੱਥੇ ਪਾਣੀ ਦਾ ਪੁੱਜਣਾ ਨਾਮੁਮਕਿਨ ਹੈ। ਸਾਡੀ ਯੋਜਨਾ ਹੁੰਦੀ ਸੀ ਅਗਰ ਹੜ੍ਹ ਆ ਗਏ ਤੇ ਅਸੀਂ ਡੁੱਬਣ ਲੱਗੇ ਤਾਂ ਉੱਥੇ ਪਹਾੜੀਆਂ 'ਤੇ ਜਾ ਡੇਰੇ ਲਾ ਲਾਵਾਂਗੇ, ਪਰ ਉੱਥੇ ਪਹੁੰਚਣ ਦੇ ਸਾਧਨ ਤੋਂ ਅਸੀਂ ਅਣਜਾਣ ਸੀ। ਸਮੁੰਦਰ ਸੰਬੰਧੀ ਵੀ ਸਾਨੂੰ ਲੱਗਦਾ ਸੀ ਕਿ ਬੰਬੇ (ਮੁੰਬਈ) ਤੋਂ ਅੱਗੇ ਧਰਤੀ ਖਤਮ ਹੈ ਤੇ ਅੱਗੇ ਬਸ ਪਾਣੀ ਹੀ ਪਾਣੀ ਹੈ। ਬਚਪਨ 'ਚ ਸਾਡੇ ਇਸ ਭੂਗੋਲਿਕ ਗਿਆਨ ਨੂੰ ਯਾਦ ਕਰਕੇ ਹੁਣ ਅਸੀਂ ਅਕਸਰ ਹੱਸਦੇ ਹਾਂ ਤੇ ਮੇਰਾ ਹੁਣ ਤੱਕ ਨੈਣਾ ਦੇਵੀ ਨਾ ਜਾਣ ਦਾ ਕਾਰਨ ਸ਼ਾਇਦ ਸਾਡੇ ਖਿੱਤੇ 'ਚ ਅਜੇ ਤੱਕ ਹੜ੍ਹਾਂ ਦਾ ਨਾ ਆਉਣਾ ਹੈ।

# ਸੰਪਰਕ : 95173-96001

# ਚਾਰਲਸ ਡਾਰਵਿਨ ਨੇ ਦੁਨੀਆ 'ਚ ਪੱਸਰਿਆ ਹਨੇਰਾ ਖਤਮ ਕਰਕੇ ਚਾਨਣ ਦਾ ਛੱਟਾ ਦਿੱਤਾ

ਪ੍ਰਿਥੀਪਾਲ ਸਿੰਘ ਮਾੜੀਮੇਘਾ

ਮਹਾਨ ਵਿਗਿਆਨੀ ਚਾਰਲਸ ਰੌਬਰਟ ਡਾਰਵਿਨ ਨੇ ਕੁਦਰਤੀ ਚੋਣ, ਜੀਵ ਦੀ ਉਤਪਤੀ, ਧਰਤੀ ਤੇ ਬਨਸਪਤੀ 'ਤੇ ਖੋਜ ਕੀਤੀ ਤੇ ਦੁਨੀਆ ਵਿੱਚ ਪਸਰਿਆ ਹੋਇਆ ਹਨੇਰਾ ਖਤਮ ਕਰਕੇ ਚਾਨਣ ਦਾ ਛੱਟਾ ਦਿੱਤਾ। ਜਦੋਂ ਡਾਰਵਿਨ ਨੇ ਉਕਤ ਖੋਜ ਲੋਕਾਂ ਸਾਹਮਣੇ ਲਿਆਂਦੀ ਤੇ ਉਸੇ ਵਕਤ ਚਰਚ ਦੇ ਪਾਦਰੀ ਤੇ ਗੁਰੂ ਘੰਟਾਲ ਬਿਸਪ ਤਿਲਮਿਲਾ ਉੱਠੇ। ਉਨ੍ਹਾਂ ਨੇ ਚਰਚਾਂ 'ਚੋਂ ਡਾਰਵਿਨ ਵਿਰੁੱਧ ਕਈ ਹੁਕਮਨਾਮੇ ਪਾਸ ਕਰ ਦਿੱਤੇ ਕਿ ਕੋਈ ਵੀ ਵਿਅਕਤੀ ਉਸ ਨਾਲ ਮੇਲ-ਮਿਲਾਪ ਨਾ ਕਰੇ। ਉਹ ਇਸਾਈ ਮੱਤ ਦਾ ਖਤਮ ਕਰਨਾ ਚਾਹੁੰਦਾ ਹੈ। ਪਰ ਡਾਰਵਿਨ ਬੁੱਧੀਜੀਵੀ ਲੋਕਾਂ ਦੇ ਦਿਲਾਂ ਵਿੱਚ ਧੱਸਦਾ ਗਿਆ। ਇੱਥੋਂ ਤੱਕ ਕਿ ਡਾਰਵਿਨ ਦੇ ਸਿਧਾਂਤ ਨੂੰ ਰੱਦ ਕਰਨ ਵਾਸਤੇ ਬਰਤਾਨੀਆ ਹਕੂਮਤ ਨੇ 1860 ਵਿੱਚ ਵਿਚਾਰ ਚਰਚਾ ਕਰਨ ਲਈ ਖੁੱਲੀ ਮੀਟਿੰਗ ਸੱਦ ਲਈ। ਸਰਕਾਰ ਦੀ ਧਿਰ ਵੱਲੋਂ ਕਹਿੰਦੇ-ਕਹਾਉਂਦੇ ਚਰਚ ਦੇ ਪਾਦਰੀ ਤੇ ਡਾਰਵਿਨ ਦੇ ਹੱਕ ਵਿੱਚ ਭੁਗਤਣ ਲਈ ਉੱਚ ਕੋਟੀ ਦੇ ਵਿਦਵਾਨ ਪਹੁੰਚ ਗਏ, ਪਰ ਡਾਰਵਿਨ ਇਸ ਕਰਕੇ ਨਾ ਪੁੱਜਾ ਕਿ ਉਹ ਮੂਲਵਾਦੀਆਂ ਨਾਲ ਆਹਮਣੇ-ਸਾਹਮਣੇ ਟੱਕਰ ਨਹੀਂ ਸੀ ਲੈਣਾ ਚਾਹੁੰਦਾ। ਉਹ ਤਾਂ ਆਪਣੇ ਵਿਚਾਰ ਰਾਹੀਂ ਮੂਲਵਾਦੀ ਤਾਕਤਾਂ ਨੂੰ ਹਰਾ ਚੁੱਕਾ ਸੀ। ਸਰਕਾਰ ਵੱਲੋਂ ਸੱਦੀ ਇਸ ਵਿਚਾਰ-ਚਰਚਾ ਵਿੱਚ ਵੀ ਮੂਲਵਾਦੀ ਹਾਰ ਗਏ ਤੇ ਡਾਰਵਿਨ ਦੀ ਜਿੱਤ ਹੋਈ।

ਚਾਰਲਸ ਡਾਰਵਿਨ ਦਾ ਜਨਮ 12 ਫਰਵਰੀ 1809 ਨੂੰ ਇੰਗਲੈਂਡ ਦੇ ਸ਼ਹਿਰ ਸਰਿਊਜਬਰੀ ਵਿੱਚ ਆਪਣੇ ਪਿਤਾ ਡਾਕਟਰ ਤੇ ਮਾਤਾ ਸਜਾਨਾ ਵਿਜਵੁੱਡ ਦੇ ਘਰ ਹੋਇਆ। ਡਾਰਵਿਨ ਦੇ ਪੰਜ ਭੈਣ-ਭਰਾ ਸਨ। ਉਨ੍ਹਾਂ ਦਾ ਦਾਦਾ ਈਰਾਸਮਸ ਇੱਕ ਮੰਨਿਆ-ਪ੍ਰਮੰਨਿਆ ਕਵੀ ਸੀ। ਡਾਰਵਿਨ ਦੇ ਪਿਤਾ ਦਾ ਸਕਾਟਲੈਂਡ ਵਿੱਚ ਲਿਚਫੀਲਡ ਨਾਂਅ ਦਾ ਇੱਕ ਛੋਟਾ ਜਿਹਾ ਪਿੰਡ ਸੀ ਤੇ ਉਹ ਬੱਚਿਆਂ ਦੀ ਪੜ੍ਹਾਈ ਵਾਸਤੇ ਸ਼ਹਿਰ ਆ ਵੱਸਿਆ। ਡਾਰਵਿਨ ਨੇ ਵੱਖ-ਵੱਖ ਸੰਸਥਾਵਾਂ ਤੋਂ ਉੱਚ ਪੱਧਰ ਦੀ ਵਿੱਦਿਆ ਪ੍ਰਾਪਤ ਕੀਤੀ।

ਉਨ੍ਹਾਂ ਦਾ 1839 ਵਿੱਚ ਐਮਾ ਵਿਜਵੁੱਡ ਨਾਲ ਵਿਆਹ ਹੋਇਆ। ਉਨ੍ਹਾਂ ਦੇ 10 ਬੱਚੇ ਸਨ। ਡਾਰਵਿਨ ਦੀ ਪਤਨੀ ਧਾਰਮਿਕ ਖਿਆਲਾਂ ਦੀ, ਪਰ ਸੁੱਘੜ-ਸਿਆਣੀ ਔਰਤ ਸੀ। ਦੋਵਾਂ ਜੀਆਂ ਦਾ ਪਿਆਰ ਬਹੁਤ ਸੀ, ਪਰ ਸੋਚ ਅਲੱਗ-ਅਲੱਗ। ਉਂਝ ਫਿਲਾਸਫਰ ਸੁਕਰਾਤ ਤੇ ਅਬਰਾਹਿੰਮ ਲਿੰਕਨ ਦੀਆਂ ਪਤਨੀਆਂ ਵੀ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸਨ।

ਚਾਰਲਸ ਡਾਰਵਿਨ ਪੜ੍ਹਾਈ ਵਿੱਚ ਦਰਮਿਆਨਾ ਹੀ ਸੀ। ਉਸ ਦੀ ਬਿਰਤੀ ਤਾਂ ਜੀਵ-ਜੰਤੂ, ਬਨਸਪਤੀ, ਮਨੁੱਖ ਦੇ ਵਿਕਾਸ ਤੇ ਕੁਦਰਤੀ ਵਰਤਾਰਿਆਂ ਨੂੰ ਜਾਨਣ ਤੇ ਸਮਝਣ ਵੱਲ ਲੱਗੀ ਰਹਿੰਦੀ ਸੀ। ਵਿੱਦਿਆ ਦੀ ਪ੍ਰਾਪਤੀ ਤੇ ਉਸ ਦੇ ਗੁਰੂ ਪ੍ਰੋਫੈਸਰ ਜੌਹਨ ਸਟੀਫਨ ਹਿਨਸਨਲੋਏ ਵੱਲੋਂ ਪ੍ਰੇਰਨ 'ਤੇ ਉਹ ਦੁਨੀਆ ਦੀ ਘੋਖ ਕਰਨ ਲਈ ਸਮੁੰਦਰੀ ਜਹਾਜ਼ 'ਤੇ ਠਿੱਲ੍ਹ ਪਏ। ਉਸ ਨੇ ਪੰਜ ਸਾਲਾਂ ਵਿੱਚ ਦੱਖਣੀ ਅਮਰੀਕਾ ਦੇ ਦੇਸ਼ਾਂ ਤੋਂ ਇਲਾਵਾ ਆਸਟ੍ਰੇਲੀਆ, ਨਿਊਜ਼ੀਲੈਂਡ, ਗਆਲਾਆਪ, ਆਈਲੈਂਡ ਅਤੇ ਪੈਸੀਫਿਕਓਸਨ ਆਦਿ ਕਿੰਨੇ ਜਜੀਰਿਆਂ 'ਤੇ ਜਾ ਕੇ ਖੋਜ ਕੀਤੀ। ਇਸ ਸੰਸਾਰ ਯਾਤਰਾ ਨੇ ਡਾਰਵਿਨ ਦਾ ਹਿਰਦਾ ਝੰਜੋੜਿਆ ਤੇ ਉਨ੍ਹਾਂ ਦੀ ਗਿਆਨ ਪ੍ਰਾਪਤ ਕਰਨ ਦੀ ਤਾਂਘ ਹੋਰ ਤਿੱਖੀ ਹੋ ਗਈ। ਉਨ੍ਹਾਂ ਨੇ ਜ਼ਮੀਨ ਦੀਆਂ ਪਰਤਾਂ, ਜਾਨਵਰਾਂ, ਪਸ਼ੂ, ਪੰਛੀਆਂ ਤੇ ਮਨੁੱਖ ਦੀ ਉਤਪਤੀ ਦੀ ਖੋਜ ਨੂੰ ਮੁਕੰਮਲ ਕਰ ਲਿਆ। ਜਦੋਂ ਉਨ੍ਹਾਂ ਨੇ ਆਪਣੀ ਖੋਜ ਲੋਕਾਂ ਸਾਹਮਣੇ ਲਿਆਂਦੀ ਤੇ ਸੰਸਾਰ ਦੇ ਗਿਆਨ ਵਿੱਚ ਪਲਸੇਟਾ ਹੀ ਵੱਜ ਗਿਆ ਤੇ ਦੁਨੀਆ ਨੇ ਵੱਖਰੀ ਤੇ ਨਿਆਰੀ ਸੋਚ ਅਪਣਾ ਲਈ।

ਡਾਰਵਿਨ ਨੇ ਯਾਤਰਾ ਦੌਰਾਨ ਕੁਦਰਤੀ ਵਰਤਾਰੇ ਭੁਚਾਲ, ਝੱਖੜ, ਹਨੇਰੀਆਂ, ਮੀਂਹ, ਤੁਫਾਨ ਅੱਖੀਂ ਵੇਖੇ ਤੇ ਹੰਢਾਏ। ਉਸ ਨੇ ਇਨ੍ਹਾਂ ਕੁਦਰਤੀ ਵਰਤਾਰਿਆਂ ਦਾ ਚੀਜ਼ਾਂ 'ਤੇ ਪੈਂਦਾ ਅਸਰ ਵੇਖਿਆ ਤੇ ਇਹ ਵਰਤਾਰੇ ਕਿਉਂ ਵਾਪਰਦੇ ਹਨ ਇੰਨਾਂ ਦੇ ਕਾਰਨਾਂ ਦੀ ਡੂੰਘਾਈ ਨਾਲ ਖੋਜ ਕੀਤੀ। ਪਾਣੀ ਦੇ ਉਬਾਲ ਨਾਲ ਧਰਤੀ ਖੁਰਦੀ ਤੇ ਭੁਚਾਲ ਨਾਲ ਹੁੰਦੀ ਉਥਲ ਪੁਥਲ ਉਸ ਨੇ ਵੇਖੀ ਤੇ ਜਾਚੀ। ਇੰਨਾਂ ਵਰਤਾਰਿਆਂ ਦਾ ਧਰਤੀ,ਜੀਵ, ਪਸ਼ੂ ਪੰਛੀ, ਜਾਨਵਰ, ਬਨਸਪਤੀ ਤੇ ਮਨੁੱਖ ਤੇ ਕੀ ਅਸਰ ਪਹਿੰਦਾ ਹੈ ਉਹ ਵੀ ਅੱਖੀਂ ਵੇਖਿਆ। ਚਾਰਲਸ ਨੇ ਇਹ ਵੀ ਵੇਖਿਆ ਕਿ ਇਹ ਜੀਵ, ਪਸ਼ੂ, ਪੰਛੀ, ਬਨਸਪਤੀ ਤੇ ਮਨੁੱਖ ਜਿਉਂਦੇ ਰਹਿਣ ਲਈ ਕੁਦਰਤੀ ਕਹਿਰ ਦਾ ਕਿਸ ਤਰ੍ਹਾਂ ਮੁਕਾਬਲਾ ਕਰਦੇ ਹਨ। ਚਾਰਲਸ ਨੇ ਜਾਣਿਆ ਕਿ ਜਿਉਂਦੇ ਵੀ ਉਹ ਹੀ ਰਹਿ ਸਕਦੇ ਜਿਹੜੇ ਕੁਦਰਤ ਦੇ ਕਹਿਰ ਦਾ ਮੁਕਾਬਲਾ ਕਰਨ ਦੇ ਯੋਗ ਹੁੰਦੇ ਹਨ। ਜਾਂ ਉਹ ਹੀ ਬਚਦੇ ਹਨ ਜਿਹੜੇ ਵਕਤ ਦੇ ਅਨਕੂਲ ਆਪਣੇ ਆਪ ਨੂੰ ਢਾਲ ਲਹਿੰਦੇ। ਡਾਰਵਿਨ ਨੇ ਕੁਦਰਤੀ ਕਹਿਰ ਵਾਪਰਣ ਦੇ ਤਰਕਸੰਗਤ ਨਤੀਜੇ ਕੱਢੇ। ਡਾਰਵਿਨ ਦੇ ਇੰਨਾਂ ਨਤੀਜਿਆਂ ਤੋਂ ਕੱਟੜਪੰਥੀ ਤਾਕਤਾਂ ਅੱਗ ਬਬੂਲਾ ਹੋ ਉੱਠੀਆਂ ਕਿਉਂਕਿ ਇਹ ਨਤੀਜੇ ਆਉਣ ਨਾਲ ਉਨ੍ਹਾਂ ਦੀ ਦੁਨੀਆਂ ਤੇ ਯੁੱਗਾਂ ਯੁਗਾਂਤਰਾਂ ਤੋਂ ਬਣੀ ਧੌਂਸ ਟੁੱਟ ਗਈ।

ਡਾਰਵਿਨ ਇਥੇ ਪਹੁੰਚ ਗਿਆ ਕਿ ਪੁਲਾੜ ਵਿੱਚ ਹਰ ਚੀਜ ਇੱਕ ਥਾਂ ਖਲੋਤੀ ਨਹੀਂ ਤੇ ਗਤੀ ਭਾਵ ਬਦਲਾਅ ਵਿੱਚ ਹੈ। ਗਤੀ ਦੇ ਅਸੂਲ ਨਾਲ ਹੀ ਬ੍ਰਹਿਮੰਡ ਹੋਂਦ ਵਿੱਚ ਆਏ। ਅਸੀਂ ਜਿਸ ਬ੍ਰਹਿਮੰਡ ਵਿੱਚ ਰਹਿੰਦੇ ਹਾਂ ਹਾਲੇ ਇਸ ਨੂੰ ਵੀ ਮਨੁੱਖ ਪੂਰਨ ਤੌਰ ਤੇ ਨਹੀਂ ਜਾਣ ਸਕਿਆ, ਦੂਜਿਆਂ ਨੂੰ ਜਾਨਣ ਦੀ ਤੇ ਅਜੇ ਗੱਲ ਹੀ ਦੂਰ ਹੈ। ਬਾਬਾ ਨਾਨਕ ਕਿੰਨੇ ਗਿਆਨਵਾਨ ਸਨ ਕਿ ਉਨ੍ਹਾਂ ਸੈਂਕੜੇ ਸਾਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਸ਼ੋਂ ਅਕਾਸ਼, ਪਤਾਲੋਂ ਪਤਾਲ, ਧਰਤੀ ਹੋਰ ਤੋਂ ਹੋਰ ਪਰੇ ਦਾ ਵਾਕਿ ਰਚਿਆ ਹੈ। ਬਾਬੇ ਦੇ ਇਸ ਵਿਚਾਰ ਨੂੰ ਡਾਰਵਿਨ ਨੇ ਹੋਰ ਪੱਕਾ ਕੀਤਾ।

ਅਸੀਂ ਆਪਣੇ ਬ੍ਰਹਿਮੰਡ ਵਿੱਚ ਸੂਰਜ ਦਾ ਨਿੱਘ ਮਾਣਦੇ ਹਾਂ। ਪੁਲਾੜ ਦੀ ਗਤੀ ਤੋਂ ਧਰਤੀ ਹੋਂਦ ਵਿੱਚ ਆਈ, ਜਿੱਥੇ ਅਸੀਂ ਜ਼ਿੰਦਗੀ ਬਤੀਤ ਕਰ ਰਹੇ ਹਾਂ। ਡਾਰਵਿਨ ਦੀ ਖੋਜ ਦੱਸਦੀ ਹੈ ਕਿ ਧਰਤੀ ਪਹਿਲਾਂ ਬਹੁਤ ਗਰਮ ਸੀ ਤੇ ਉਸ ਅਵਸਥਾ ਵਿੱਚ ਧਰਤੀ 'ਤੇ ਜੀਵ ਪੈਦਾ ਨਹੀਂ ਸੀ ਹੋ ਸਕਦਾ। ਕਰੋੜਾਂ ਸਾਲ ਧਰਤੀ ਨੂੰ ਠੰਢਿਆਂ ਹੋਣ ਲੱਗਿਆਂ ਲੱਗੇ। ਫਿਰ ਕਿਤੇ ਧਰਤੀ 'ਤੇ ਜੀਵ ਹੋਂਦ ਵਿੱਚ ਆਉਣ ਵਾਲੀਆਂ ਹਾਲਤਾਂ ਬਣੀਆਂ ਅਤੇ ਜੀਵ, ਬਨਸਪਤੀ, ਪਸ਼ੂ, ਪੰਛੀ ਤੇ ਮਨੁੱਖ ਹੋਂਦ ਵਿੱਚ ਆਇਆ। ਮਨੁੱਖ ਬਣਨ ਦੀ ਪ੍ਰਕਿਰਿਆ ਨੂੰ ਕੋਈ ਇੱਕ ਜਾਂ ਦੋ ਦਿਨ ਨਹੀਂ ਲੱਗੇ, ਲੱਖਾਂ-ਕਰੋੜਾਂ ਸਾਲ ਲੱਗੇ ਹਨ। ਮਨੁੱਖ ਅੱਜ ਵਰਗਾ ਸਾਬਤ ਸੂਰਤ ਬਣੇ ਨੂੰ ਸਿਰਫ ਹਾਲੇ 40 ਲੱਖ ਸਾਲ ਹੋਏ ਹਨ। ਅਸੀਂ ਇਹ ਸੋਚੀ ਜਾਈਏ ਕਿ ਹੁਣ ਕਿਉਂ ਨਹੀਂ ਜੀਵ ਤੋਂ ਮਨੁੱਖ ਬਣਦਾ। ਇਹ ਸੋਚਣਾ ਗਲਤ ਹੈ। ਹੁਣ ਵੀ ਬਦਲਾਵ ਜਾਰੀ ਹੈ। ਮਨੁੱਖ ਬਣਨ ਦੀ ਕਹਾਣੀ ਬੜੀ ਲੰਬੀ ਤੇ ਦਿਲਚਸਪ ਹੈ। ਸਾਡੇ ਪੂੰਜੀਵਾਦੀ ਪ੍ਰਬੰਧ ਦੀ ਬਦਨੀਤ ਇਹ ਹੈ ਕਿ ਉਹ ਬੱਚਿਆਂ ਨੂੰ ਇਹ ਵਾਰਤਾ ਨਾਮਾਤਰ ਤੇ ਲੁਕਵੀਂ ਜਿਹੀ ਦੱਸਦਾ। ਮੈਂ 1981 ਵਿੱਚ ਆਈ ਟੀ ਆਈ ਤਲਵੰਡੀ ਚੌਧਰੀਆਂ ਜ਼ਿਲ੍ਹਾ ਕਪੂਰਥਲਾ ਵਿੱਚ ਇਲੈਕਟਰੀਸ਼ਨ ਟਰੇਡ ਦਾ ਸਿਖਿਆਰਥੀ ਸਾਂ। ਜਦੋਂ ਸਾਡੇ ਇੰਸਟੈਕਟਰ ਗੁਰਬਚਨ ਸਿੰਘ ਸੁਲਤਾਨਪੁਰ ਲੋਧੀ ਨੇ ਸਾਡੀ ਕਲਾਸ ਲਾਉਣੀ ਤੇ ਪਹਿਲਾਂ ਅੱਧਾ ਘੰਟਾ ਸਾਨੂੰ ਉਕਤ ਕਹਾਣੀ ਸਮਝਾਉਣੀ। ਇਹ ਕਹਾਣੀ ਸਾਨੂੰ ਜ਼ਬਾਨੀ ਯਾਦ ਹੋ ਗਈ ਸੀ।

ਡਾਰਵਿਨ ਨੇ ਇਸ ਖੋਜ ਨੂੰ ਵੀ ਸਿਰੇ ਚਾੜ੍ਹਿਆ ਕਿ ਜੀਵ, ਜੰਤੂ, ਪਸ਼ੂ, ਪੰਛੀ, ਬਨਸਪਤੀ, ਮਨੁੱਖ ਆਪਣੇ-ਆਪ ਨੂੰ ਤੇ ਆਪਣੀ ਨਸਲ ਨੂੰ ਬਚਾਉਣ ਲਈ ਆਪਸ ਵਿੱਚ ਵੀ ਤੇ ਕੁਦਰਤ ਨਾਲ ਵੀ ਸੰਘਰਸ ਕਰਦੇ ਰਹਿੰਦੇ ਹਨ। ਨਰ ਜੀਵ ਮਾਦੇ ਨੂੰ ਪ੍ਰੇਰ ਕੇ ਮੇਲ ਕਰਦਾ ਹੈ ਤੇ ਤਾਂ ਨਸਲਾਂ ਵਿੱਚ ਵਾਧਾ ਹੁੰਦਾ ਹੈ। ਇਹ ਮੇਲ ਹੁਣ ਵੀ ਜਾਰੀ ਹੈ। ਇਹ ਮੇਲ ਸਾਨੂੰ ਕੁਦਰਤ 'ਚੋਂ ਮਿਲਿਆ ਹੈ। ਇਸ ਕੁਦਰਤੀ ਮੇਲ ਦਾ ਖਾਤਮਾ ਕਰਨਾ ਕੁਦਰਤ ਦਾ ਖਿਲਵਾੜ ਹੈ। ਜੇ ਇਹ ਮੇਲ ਖਤਮ ਕਰ ਦਿੱਤਾ ਗਿਆ ਤਾਂ ਮਨੁੱਖੀ ਨਸਲ ਖਤਮ ਹੋ ਜਾਵੇਗੀ। ਪਾਪੂਲੇਸ਼ਨ ਦੇ ਵਾਧੇ ਨੂੰ ਰੋਕਣ ਦਾ ਢੰਗ ਜੋ ਹੁਣ ਹਿੰਦ ਦੀ ਸਰਕਾਰ ਨੇ ਅਪਣਾਇਆ ਹੋਇਆ ਹੈ, ਇਹ ਹਿੰਦ ਦੀ ਨਸਲ ਵਾਸਤੇ ਘਾਤਕ ਹੈ। ਕੁਦਰਤ ਪਾਪੂਲੇਸ਼ਨ ਆਪਣੇ ਆਪ ਵਧਣ ਤੋਂ ਰੋਕਦੀ ਹੈ।

ਸਾਇੰਸਦਾਨ ਡਾਰਵਿਨ ਨੂੰ ਸਮਾਜ ਵਿੱਚ ਪੱਛੜੇ ਵਿਚਾਰਵਾਨਾਂ ਦੇ ਹਮਲੇ ਤੇ ਗਾਲੀ-ਗਲੋਚ ਵੀ ਝੱਲਣਾ ਪਿਆ, ਪਰ ਉਹ ਅਡੋਲ ਹੋ ਕੇ ਆਪਣੇ ਕਾਰਜ ਵਿੱਚ ਲੱਗੇ ਰਹੇ। ਇੱਥੋਂ ਤੱਕ ਕਿ ਡਾਰਵਿਨ ਦੇ ਬਾਪ ਨੇ ਵੀ ਉਸ ਨੂੰ ਨਹੀਂ ਬਖਸ਼ਿਆ। ਉਸ ਨੇ ਕਿਹਾ, "ਚਾਰਲਸ ਏਨਾ ਪੁੱਠ ਮੱਤਾ ਹੈ ਕਿ ਜੇਕਰ ਇਹਦੇ ਦਿਮਾਗ ਵਿੱਚ ਛੇਕ ਕਰਕੇ ਅਕਲ ਪਾਈ ਜਾਵੇ ਤਾਂ ਵੀ ਇਹਨੂੰ ਅਕਲ ਨਹੀਂ ਆ ਸਕਦੀ।" ਡਾਰਵਿਨ ਸਿਧਾਂਤ ਨੂੰ ਰੱਦ ਕਰਨ ਵਾਸਤੇ ਬਰਤਾਨੀਆ ਹਕੂਮਤ ਨੇ ਸਰਬਸਾਂਝੀ ਮੀਟਿੰਗ ਸੱਦ ਲਈ। ਚਰਚ ਦੇ ਉੱਚ ਕੋਟੀ ਦੇ ਪਾਦਰੀ ਸਰਕਾਰ ਦੇ ਹੱਕ ਵਿੱਚ ਤੇ ਪਹੁੰਚੇ ਹੋਏ ਵਿਗਿਆਨੀ ਡਾਰਵਿਨ ਦੇ ਹੱਕ ਵਿੱਚ ਆਏ। ਮੀਟਿੰਗ ਵਿੱਚ ਡਾਰਵਿਨ ਨਹੀਂ ਸੀ ਆਇਆ। ਉਹ ਨਹੀਂ ਸੀ ਚਾਹੁੰਦਾ ਕਿ ਮੂਲਵਾਦੀਆਂ ਨਾਲ ਆਹਮਣੇ ਸਾਹਮਣੇ ਟੱਕਰ ਲਈ ਜਾਵੇ। ਉਹ ਤਾਂ ਆਪਣੇ ਸਿਧਾਂਤ ਨਾਲ ਇਨ੍ਹਾ ਜਨੂੰਨੀਆਂ ਨੂੰ ਹਰਾ ਚੁੱਕਾ ਸੀ। ਇਸ ਵਿਚਾਰ-ਚਰਚਾ ਵਿੱਚ ਵੀ ਸਰਕਾਰ ਤੇ ਉਸ ਦੇ ਪੱਖੀ ਪਾਦਰੀ ਹਾਰ ਗਏ ਤੇ ਡਾਰਵਿਨ ਦੀ ਜਿੱਤ ਹੋਈ। ਦੂਜੇ ਪਾਸੇ ਦੁਨੀਆ ਭਰ ਦੇ ਸਾਇੰਸਦਾਨਾਂ ਵਿੱਚ ਡਾਰਵਿਨ ਦਾ ਬੜਾ ਮਾਣ ਸਨਮਾਨ ਸੀ।

ਅੰਤ ਇਸ ਧਰਤੀ ਦਾ ਮਹਾਨ ਸਪੂਤ ਤੇ ਉੱਚ ਪਾਏ ਦਾ ਗਿਆਨਵਾਨ ਚਾਰਲਸ ਡਾਰਵਿਨ 19 ਅਪ੍ਰੈਲ 1882 ਨੂੰ ਮੌਤ ਨੂੰ ਪਿਆਰਾ ਹੋ ਗਿਆ।

# ਸੰਪਰਕ : 98760-78731

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਵੱਲੋਂ 4 ਘੰਟੇ ਲਈ ਰੇਲ ਜਾਮ


ਮੋਗਾ


ਬਠਿੰਡਾ


ਧੂਰੀ


ਮਲੋਟ

**ਮੋਗਾ (ਅਮਰਜੀਤ ਬੱਬਰੀ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਮੰਗਲਵਾਰ ਕਿਸਾਨ ਜਥੇਬੰਦੀਆਂ ਵੱਲੋਂ ਮੋਗਾ ਵਿਖੇ 12 ਤੋਂ 4 ਵਜੇ ਤੱਕ ਰੇਲਵੇ ਟਰੈਕ 4 ਘੰਟੇ ਲਈ ਪੂਰਨ ਤੌਰ 'ਤੇ ਜਾਮ ਕਰਕੇ ਭਰਾਤਰੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤਹਿਤ ਸਟੇਜ ਦਾ ਸੰਚਾਲਨ ਕੀਤਾ ਗਿਆ। ਇਸ ਮੌਕੇ ਭਰਾਤਰੀ ਜਥੇਬੰਦੀਆਂ ਦੇ ਵੱਖ-ਵੱਖ ਆਗੂਆਂ ਨੇ ਸੰਬੋਧਨ ਕੀਤਾ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਤੇ ਔਰਤ ਵਿੰਗ ਦੇ ਜ਼ਿਲ੍ਹਾ ਕਨਵੀਨਰ ਛਿੰਦਰਪਾਲ ਕੌਰ ਰੋਡੇ, ਜਗਵਿੰਦਰ ਕੌਰ, ਬੀਕੇਯੂ ਬਹਿਰੂ ਤੋਂ ਜਸਕਰਨ ਸਿੰਘ, ਮੇਜਰ ਸਿੰਘ, ਭਾਰਤੀ ਕਿਸਾਨ ਪੰਜਾਬ ਸੁੱਖ ਗਿੱਲ ਕੁੱਲ ਹਿੰਦ ਕਿਸਾਨ ਸਭਾ ਤੋਂ ਜਗਜੀਤ ਸਿੰਘ ਧੂਰਕੋਟ, ਸੂਰਤ ਸਿੰਘ ਧਰਮਕੋਟ ਭੁਪਿੰਦਰ ਸਿੰਘ ਬੀਕੇਯੂ ਲੱਖੋਵਾਲ, ਕੁਲਦੀਪ ਸਿੰਘ ਭੋਲਾ ਕੁੱਲ ਹਿੰਦ ਕਿਸਾਨ ਸਭਾ, ਸੁੱਖਾ ਵਿਰਕ ਬੀਕੇਯੂ ਪੰਜਾਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਣਕ ਦੇ ਭਾਅ 'ਚੋਂ ਤਕਰੀਬਨ 32 ਰੁਪਏ ਕਟੌਤੀ ਦੇ ਕੀਤੇ ਗਏ ਨਾਦਰਸ਼ਾਹੀ ਫਰਮਾਨ ਖਿਲਾਫ਼ ਅੱਜ ਥਾਂ-ਥਾਂ ਜ਼ਿਲ੍ਹਿਆਂ ਵਿੱਚ ਕਿਸਾਨਾਂ ਵੱਲੋਂ ਰੇਲਵੇ ਟਰੈਕ ਜਾਮ ਕੀਤੇ ਗਏ। ਉਨ੍ਹਾਂ ਕਿਹਾ ਕਿ ਬੇਮੌਸਮੀ ਬਰਸਾਤ, ਗੜੇਮਾਰੀ ਤੇ ਝੱਖੜ ਕਾਰਨ ਕਿਸਾਨਾਂ ਦੀਆਂ ਫਸਲਾਂ ਦਾ ਪਹਿਲਾਂ ਹੀ ਭਾਰੀ ਨੁਕਸਾਨ ਹੋ ਚੁੱਕਿਆ ਹੈ, ਜਿਸ ਕਾਰਨ ਕਿਸਾਨ ਦਾ ਪਹਿਲਾਂ ਹੀ ਕਰਜ਼ੇ ਤੇ ਕੁਦਰਤੀ ਮਾਰ ਨੇ ਲੱਕ ਤੋੜ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਦਿੱਲੀ ਕਿਸਾਨੀ ਸੰਘਰਸ਼ ਦੀ ਜਿੱਤ ਦਾ ਬਦਲਾ ਕੇਂਦਰ ਸਰਕਾਰ ਪੰਜਾਬ ਤੋਂ ਕਿਸਾਨਾਂ ਦੇ ਹੱਕਾਂ ਉਪਰ ਡਾਕਾ ਮਾਰ ਕੇ ਲੈ ਰਹੀ ਹੈ। ਅੱਜ ਪੂਰੇ ਵਿਸ਼ਵ ਵਿੱਚ ਅਨਾਜ ਦੀ ਵੱਡੀ ਪੱਧਰ 'ਤੇ ਮੰਗ ਹੈ, ਪਾਕਿਸਤਾਨ ਵਿੱਚ ਅਨਾਜ ਦੇ ਦਾਮ ਅਸਮਾਨ ਛੂਹ ਰਹੇ ਹਨ, ਜੇ ਵਾਘਾ ਬਾਰਡਰ ਰਾਹੀਂ ਪਾਕਿਸਤਾਨ ਨਾਲ ਵਪਾਰ ਖੋਲ੍ਹ ਦਿੱਤਾ ਜਾਵੇ ਤਾਂ ਅੱਜ ਕਿਸਾਨਾਂ ਦੇ ਆਲੂ ਦੀ ਫਸਲ ਨੂੰ ਗਿਰਾਵਟ ਦਾ ਸਾਹਮਣਾ ਨਾ ਕਰਨਾ ਪੈਂਦਾ। ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਸਲ ਵਿੱਚ ਕੇਂਦਰ ਸਰਕਾਰ ਮੰਡੀ ਬੋਰਡ ਨੂੰ ਅਸਿੱਧੇ ਜਾਂ ਸਿੱਧੇ ਤੌਰ 'ਤੇ ਤੋੜਨਾ ਚਾਹੁੰਦੀ ਹੈ, ਇਸ ਲਈ ਜੋ ਪ੍ਰਾਈਵੇਟ ਅਦਾਰੇ ਹਨ, ਉਹ ਕਿਸਾਨਾਂ ਨੂੰ ਵੱਧ ਰੇਟ ਦੇ ਕੇ ਆਪਣੇ ਵੱਲ ਆਕਰਸ਼ਿਤ ਕਰ ਰਹੇ ਹਨ ਤਾਂ ਜੋ ਭੋਲੇ ਕਿਸਾਨ ਮੰਡੀ ਵਿੱਚ ਕਣਕ ਦੇ ਭਾਅ ਦੀ ਕਟੌਤੀ ਦੇ ਡਰੋਂ ਪ੍ਰਾਈਵੇਟ ਅਦਾਰੇ ਵੱਲ ਆਕਰਸ਼ਿਤ ਹੋ ਰਹੇ ਹਨ।

ਆਗੂਆਂ ਨੇ ਕਿਹਾ ਕਿ ਸਰਕਾਰ ਕਣਕ ਦੀ ਖਰੀਦ ਕੀਮਤ 'ਤੇ ਕੱਟ ਲਾ ਕੇ ਇਸ ਕੁਦਰਤੀ ਆਫਤ ਲਈ ਕਿਸਾਨਾਂ ਨੂੰ ਸਜ਼ਾ ਦੇ ਰਹੀ ਹੈ। ਸਰਕਾਰ ਦਾ ਇਹ ਫੈਸਲਾ ਕਿਸਾਨਾਂ ਨਾਲ ਧੋਖਾ ਹੈ ਤੇ ਉਨ੍ਹਾਂ ਦੇ ਹੱਕਾਂ ਉਪਰ ਡਾਕਾ ਹੈ, ਜੇਕਰ ਕੇਂਦਰ ਸਰਕਾਰ ਵੱਲੋਂ ਕਣਕ ਦੀ ਫਸਲ ਉਪਰ ਕਟੌਤੀ ਦਾ ਇਹ ਫੈਸਲਾ ਵਾਪਸ ਨਾ ਲਿਆ ਗਿਆ ਤਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੰਘਰਸ਼ ਨੂੰ ਵੱਡੀ ਪੱਧਰ 'ਤੇ ਤੇਜ਼ ਕੀਤਾ ਜਾਵੇਗਾ। ਸਟੇਜ ਦਾ ਸੰਚਾਲਨ ਜਸਮੇਲ ਸਿੰਘ ਰਾਜੇਆਣਾ ਬਲਾਕ ਸਕੱਤਰ ਬਾਘਾ ਪੁਰਾਣਾ ਨੇ ਨਿਭਾਇਆ।


ਮੋਗਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ ਵਿੱਚ ਕੀਤੀ ਕਟੌਤੀ ਨੂੰ ਵਾਪਸ ਕਰਾਉਣ ਲਈ ਕੌਮੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਵੱਲੋਂ ਬਠਿੰਡਾ ਦੇ ਰੇਲਵੇ ਸੈਕਸ਼ਨ 'ਤੇ ਰੇਲ ਗੱਡੀਆਂ ਦਾ ਚੱਕਾ ਜਾਮ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਜਰਨਲ ਸਕੱਤਰ ਹਰਜਿੰਦਰ ਸਿੰਘ ਬੱਗੀ ਤੇ ਔਰਤ ਜਥੇਬੰਦੀ ਦੇ ਆਗੂ ਹਰਿੰਦਰ ਬਿੰਦੂ ਨੇ ਕਿਹਾ ਕਿ ਇਸ ਵਾਰ ਕਣਕ ਸਮੇਤ ਹੋਰ ਫਸਲਾਂ ਨੂੰ ਪੱਕਣ ਸਮੇਂ ਦੌਰਾਨ ਆਏ ਮੀਂਹ, ਝੱਖੜ ਤੇ ਗੜੇਮਾਰੀ ਨੇ ਤਬਾਹ ਕਰ ਦਿੱਤਾ। ਕਿਸਾਨ ਆਗੂਆਂ ਨੇ ਕਿਹਾ ਕਿ ਲੋੜ ਤਾਂ ਕੁਦਰਤ ਦੇ ਇਸ ਮੌਸਮੀ ਕਰੋਪੀ ਨੂੰ ਕੌਮੀ ਆਫਤ ਮੰਨਦੇ ਹੋਏ ਕਿਸਾਨਾਂ ਦੇ ਹੋਏ ਨੁਕਸਾਨ ਦੀ ਕੋਈ ਭਰਪਾਈ ਕਰਨ ਦੀ ਸੀ, ਉਲਟਾ ਕਣਕ ਦੇ ਘੱਟੋ ਘੱਟ ਖਰੀਦ ਮੁੱਲ 'ਤੇ ਸ਼ਰਤਾਂ ਮੜ੍ਹ ਕੇ 37 ਰੁਪਏ ਪ੍ਰਤੀ ਕੁਇੰਟਲ ਤੱਕ ਦਾ ਕੱਟ ਲਾ ਦਿੱਤਾ। ਬਸੰਤ ਸਿੰਘ ਕੋਠਾ ਗੁਰੂ, ਦਰਸ਼ਨ ਸਿੰਘ ਤੇ ਪਰਮਜੀਤ ਕੌਰ, ਜਗਦੇਵ ਸਿੰਘ, ਜਗਸੀਰ ਸਿੰਘ, ਕਰਮਜੀਤ ਕੌਰ ਸਮੇਤ ਹੋਰਨਾਂ ਬੁਲਾਰਿਆਂ ਨੇ ਮੰਗ ਕੀਤੀ ਕਿ ਦਾਗੀ ਜਾਂ ਪਿਚਕੇ ਦਾਣਿਆਂ ਦਾ ਦੋਸ਼ ਸਰਾਸਰ ਨਜਾਇਜ਼ ਕਿਸਾਨਾਂ ਸਿਰ ਮੜ੍ਹ ਕੇ ਕੇਂਦਰ ਸਰਕਾਰ ਦਾ ਕਣਕ ਦੇ ਰੇਟ ਵਿੱਚ ਕਟੌਤੀ ਕਰਨ ਦਾ ਫੈਸਲਾ ਤੁਰੰਤ ਵਾਪਸ ਕਰਵਾਉਣ, ਭਾਰੀ ਮੀਂਹ, ਤੂਫਾਨ, ਗੜੇਮਾਰੀ ਨੂੰ ਕੌਮੀ ਆਫਤ ਮੰਨ ਕੇ ਇਸ ਨਾਲ ਹੋਏ ਫਸਲੀ ਨੁਕਸਾਨ ਤੇ ਹੋਰ ਜਾਇਦਾਦ ਮਕਾਨਾਂ ਆਦਿ ਦੇ ਹੋਏ ਨੁਕਸਾਨ ਦੀ ਪੂਰੀ-ਪੂਰੀ ਭਰਪਾਈ ਦੀ ਅਦਾਇਗੀ ਕਾਸ਼ਤਕਾਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਤੁਰੰਤ ਕਰਵਾਉਣ, ਮਿੱਥੇ ਹੋਏ ਸਰਕਾਰੀ ਸਮਰਥਨ ਮੁੱਲ ਮੁਤਾਬਕ ਕਟੌਤੀ ਤੋਂ ਬਿਨਾਂ ਪੂਰੀ ਦੀ ਪੂਰੀ ਕਣਕ ਤੇ ਦੂਜੀਆਂ ਫਸਲਾਂ ਦੀ ਨਿਰਵਿਘਨ ਖਰੀਦ ਯਕੀਨੀ ਬਣਾਉਣ, ਕਿਸਾਨਾਂ ਸਿਰ ਚੜ੍ਹੇ ਕਰਜੇ ਦਾ ਵਿਆਜ ਮੁਆਫ ਕਰ ਕੇ ਇਸ ਦੀਆਂ ਕਿਸਤਾਂ ਅੱਗੇ ਪਾਈਆਂ ਜਾਣ। ਅੱਜ ਦੇ ਧਰਨੇ ਨੂੰ ਨਛੱਤਰ ਸਿੰਘ, ਸੁਖਦੇਵ ਸਿੰਘ ਬਲਦੇਵ ਸਿੰਘ ਚੌਕੇ, ਕੁਲਵੰਤ ਸ਼ਰਮਾ, ਜਸਪਾਲ ਸਿੰਘ, ਹਰਪ੍ਰੀਤ ਸਿੰਘ, ਹਸ਼ਿਆਰ ਸਿੰਘ, ਹਰਪ੍ਰੀਤ ਸਿੰਘ, ਕਲਕੱਤਾ ਸਿੰਘ, ਸੁਖਜੀਤ ਕੌਰ, ਮਾਲਣ ਕੌਰ ਨੇ ਵੀ ਸੰਬੋਧਨ ਕੀਤਾ।


ਮਾਨਸਾ

**ਧੂਰੀ (ਸੁਖਦੇਵ ਧੂਰੀ, ਬਿੰਨੀ ਗਰਗ, ਰਜੇਸ਼ਵਰ ਪਿੰਟੂ)** : ਕੇਂਦਰ ਦੀ ਸਰਕਾਰ ਮੋਦੀ ਸਰਕਾਰ ਵੱਲੋਂ ਕਣਕ ਦੀ ਫਸਲ 'ਤੇ 32 ਰੁਪਏ ਤੱਕ ਦੇ ਲਗਾਏ ਗਏ ਕੱਟ ਦੇ ਰੋਸ ਵਜੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਸੂਬਾ ਪ੍ਰਧਾਨ ਜੋਗਿੰਦਰ ਉਗਰਾਹਾਂ ਦੀ ਅਗਵਾਈ ਹੇਠ ਸਥਾਨਕ ਰੇਲਵੇ ਸਟੇਸ਼ਨ 'ਤੇ ਰੇਲ ਗੱਡੀਆਂ ਜਾਮ ਕਰਕੇ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਧਰਨਾ ਲਗਾ ਕੇ ਕੇਂਦਰ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਕਿਸਾਨਾਂ ਨੂੰ ਭਾਰੀ ਖਾਮਿਆਜ਼ਾ ਭੁਗਤਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਵੱਲੋਂ ਕਣਕ ਦੀ ਫਸਲ 'ਤੇ ਲਗਾਏ ਕੱਟ ਨੂੰ ਤੁਰੰਤ ਵਾਪਸ ਲਵੇ। ਉਨ੍ਹਾਂ ਕਿਹਾ ਕਿ ਭਾਵੇਂ ਇਸ ਕੱਟ ਦੀ ਪੂਰਤੀ ਪੰਜਾਬ ਸਰਕਾਰ ਵੱਲੋਂ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ ਹੈ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਇਸ ਕੱਟ ਦੀ ਪੂਰਤੀ ਨਾਲ ਵੀ ਪੰਜਾਬ ਦੇ ਲੋਕਾਂ 'ਤੇ ਵਾਧੂ ਬੋਝ ਪਵੇਗਾ, ਕਿਉਂਕਿ ਪੰਜਾਬ ਦਾ ਕਿਸਾਨ ਪਹਿਲਾਂ ਹੀ ਕਰਜ਼ੇ ਦੇ ਬੋਝ ਥੱਲੇ ਦੱਬਿਆ ਹੋਇਆ ਹੈ। ਇਸ ਮੌਕੇ ਜਗਤਾਰ ਸਿੰਘ ਕਾਲਾਝਾੜ, ਅਮਰੀਕ ਸਿੰਘ ਗੰਢੂਆਂ, ਦਰਬਾਰਾ ਛਾਜਲਾ, ਹਰਬੰਸ ਸਿੰਘ ਲੱਡਾ ਬਲਾਕ ਪ੍ਰਧਾਨ ਕਿਸਾਨ ਯੂਨੀਅਨ ਉਗਰਾਹਾਂ, ਹਰਪਾਲ ਸਿੰਘ ਪੇਧਨੀ, ਬਲਵਿੰਦਰ ਸਿੰਘ ਕਾਕਾ ਪੇਧਨੀ, ਜਸਵੰਤ ਸਿੰਘ ਤੋਲਾਵਾਲ, ਦਰਸ਼ਨ ਸਿੰਘ ਕਿਲ੍ਹਾ, ਮਨਜੀਤ ਸਿੰਘ ਘਰਾਚੋਂ ਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

**ਮਲੋਟ (ਗੁਰਮੀਤ ਸਿੰਘ ਮੱਕੜ)** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਨੇ ਮਲੋਟ ਰੇਲਵੇ ਲਾਈਨ ਵਿਖੇ ਮੰਗਾਂ ਨੂੰ ਲੈ ਕੇ ਰੋਸ ਧਰਨਾ ਦਿੱਤਾ ਤੇ ਸਰਕਾਰ ਤੋਂ ਮੰਗ ਕੀਤੀ ਉਹ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰੇ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਣਕ ਦੀ ਫਸਲ ਵਿਚ ਕਟੌਤੀ ਕਰਨ ਤੇ ਪੰਜਾਬ ਦੀ ਸਰਕਾਰ ਵੱਲੋਂ ਕੇਂਦਰ ਨੂੰ ਮਿਲ ਕੇ ਅਜਿਹਾ ਨਾ ਕਰਨ ਲਈ ਵੀ ਨਾ ਆਖਣ ਕਰਕੇ ਵੀ ਕਿਸਾਨਾਂ ਨੇ ਪੰਜਾਬ ਸਰਕਾਰ ਤੇ ਨਾਰਾਜ਼ਗੀ ਜ਼ਾਹਰ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੇ ਕਣਕ ਦਾ ਮੁਆਵਜ਼ਾ 50 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਮੰਗ ਕੀਤੀ ਸੀ, ਜਦਕਿ ਸਰਕਾਰ ਚਾਰ ਪੰਜ ਹਜ਼ਾਰ ਰੁਪਏ ਵੀ ਦੇਣ ਦੇ ਰੌਂਅ ਵਿੱਚ ਹੀ ਹੈ। ਅੱਜ ਇਸ ਧਰਨੇ ਨਾਲ 5 ਰੇਲ ਗੱਡੀਆਂ ਪ੍ਰਭਾਵਿਤ ਹੋਈਆਂ, ਜਿਸ ਕਰਕੇ ਹਜ਼ਾਰਾਂ ਰਾਹਗੀਰਾਂ ਨੂੰ ਮੁਸ਼ਕਲ ਆਈ। ਇਸ ਮੌਕੇ ਕਿਸਾਨਾਂ ਨੇ ਕੇਂਦਰ ਸਰਕਾਰ ਦੇ ਨਾਲ ਨਾਲ ਪੰਜਾਬ ਸਰਕਾਰ 'ਤੇ ਵੀ ਨਰਾਜ਼ਗੀ ਜ਼ਾਹਿਰ ਕੀਤੀ ਕਿ ਉਸ ਨੇ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਦੀ ਬਜਾਏ ਖੁਦ ਦੇਣ ਦਾ ਐਲਾਨ ਕੀਤਾ ਜਾ ਰਿਹਾ ਹੈ ਜੋ ਕਿ ਪੂਰੀ ਰਾਜਨੀਤੀ ਹੈ। ਕਿਸਾਨਾਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀ ਆਪਸੀ ਖਿਹਿਬਾਜ਼ੀ ਅਤੇ ਰਾਜਨੀਤੀ ਕਰਕੇ ਪਿਸ ਸਿਰਫ ਕਿਸਾਨ ਹੀ ਰਿਹਾ ਹੈ। ਕਿਸਾਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬਿਜਲੀ ਐਕਟ 'ਤੇ ਪਰਚੇ ਦਰਜ ਵਾਪਸ ਨਹੀਂ ਲਏ, ਜਿਸ ਕਰਕੇ ਕਿਸਾਨਾਂ ਨੇ ਬੜੀ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਸਰਕਾਰਾਂ ਨੇ ਕੀਤੇ ਵਾਅਦੇ ਪੂਰੇ ਨਾ ਕੀਤੇ ਤਾਂ ਉਹ ਵੱਡੇ ਸੰਘਰਸ਼ ਦੇ ਰਾਹ ਪੈਣਗੇ।

**ਮੋਗਾ (ਅਮਰਜੀਤ ਬੱਬਰੀ)** : ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਵੱਲੋਂ ਜ਼ਿਲ੍ਹਾ ਪ੍ਰਧਾਨ ਲਾਭ ਸਿੰਘ ਰੋਡੇ ਦੀ ਅਗਵਾਈ ਵਿੱਚ ਡਗਰੂ ਵਿਖੇ 11 ਵਜੇ ਤੋਂ 3 ਵਜੇ ਤੱਕ ਡਗਰੂ ਰੇਲਵੇ ਟਰੈਕ 'ਤੇ ਧਰਨਾ ਦਿੱਤਾ ਗਿਆ। ਧਰਨੇ 'ਤੇ ਬੈਠੇ ਕਿਸਾਨਾਂ ਨੂੰ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ, ਜ਼ਿਲ੍ਹਾ ਪ੍ਰਧਾਨ ਲਾਭ ਸਿੰਘ ਰੋਡੇ, ਜ਼ਿਲ੍ਹਾ ਸਕੱਤਰ ਪਰਮਿੰਦਰ ਫੌਜੀ, ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਸਿੰਘ ਸੈਦੋਕੇ, ਪ੍ਰੈੱਸ ਸਕੱਤਰ ਗੁਰਸ਼ਰਨ ਢੁੱਡੀਕੇ, ਬਾਘਾਪੁਰਾਣਾ ਬਲਾਕ ਆਗੂ ਅਮਨਾ ਲੰਬੜਦਾਰ ਤੇ ਜਗਤਾਰ ਸਿੰਘ ਮਾਹਲਾ, ਮੋਗਾ-1 ਬਲਾਕ ਦੇ ਇਕਬਾਲ ਧਾਲੀਵਾਲ, ਸਨਦੀਪ ਸਿੰਘ ਚੂਹੜਚੱਕ, ਡਗਰੂ ਬਲਾਕ ਦੇ ਗੁਰਦੌਰ ਸਿੰਘ ਗੋਰਾ, ਜਗਮੋਹਨ ਸਿੰਘ ਕੰਗ, ਧਰਮਕੋਟ ਬਲਾਕ ਦੇ ਗੁਰਜੀਤ ਸਿੰਘ, ਜਸਵੰਤ ਸਿੰਘ, ਗੁਰਚਰਨ ਸਿੰਘ, ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਲਖਵੀਰ ਸਿੰਘ ਲੱਖਾ, ਬੀਬੀ ਕਰਮਜੀਤ ਕੌਰ ਜ਼ਿਲ੍ਹਾ ਕਮੇਟੀ ਮੈਂਬਰ ਤੇ ਸੁਰਿੰਦਰ ਕੌਰ ਢੁੱਡੀਕੇ ਆਦਿ ਨੇ ਸੰਬੋਧਨ ਕੀਤਾ।


ਸਮਰਾਲਾ

**ਸਮਰਾਲਾ (ਸੁਰਜੀਤ ਸਿੰਘ)** : ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਨੇ ਪੂਰੇ ਪੰਜਾਬ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਵੱਖ-ਵੱਖ ਥਾਵਾਂ ਤੇ ਰੇਲਾਂ ਰੋਕ ਕੇ ਕੇਂਦਰ ਸਰਕਾਰ ਦੇ ਖਿਲਾਫ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ, ਜਿਸ ਦੀ ਜਾਣਕਾਰੀ ਹਰਿੰਦਰ ਸਿੰਘ ਲੱਖੋਵਾਲ ਜਨਰਲ ਸਕੱਤਰ ਪੰਜਾਬ ਨੇ ਦਿੰਦਿਆਂ ਕਿਹਾ ਕਿ ਰੇਲਾਂ ਦਾ ਚੱਕਾ ਜਾਮ ਕਰਨ ਲਈ ਉਹ ਸੈਂਕੜੇ ਸਾਥੀਆਂ ਨਾਲ ਖਰੜ ਤੇ ਸਮਰਾਲਾ ਦੇ ਰੇਲਵੇ ਸਟੇਸ਼ਨਾਂ 'ਤੇ ਲੱਗੇ ਧਰਨੇ ਵਿੱਚ ਸ਼ਾਮਲ ਹੋਏ, ਜਿੱਥੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਦੀ ਹਾੜੀ ਦੀ ਮੁੱਖ ਫਸਲ ਕਣਕ ਜਿਸ ਦੀ ਖਰੀਦ ਕੇਂਦਰ ਸਰਕਾਰ ਦੁਆਰਾ ਵੱਖ-ਵੱਖ ਕੱਟ ਲਾ ਕੇ ਕੀਤੀ ਜਾ ਰਹੀ ਹੈ ਜਿਵੇਂ ਕਿ ਕੇਂਦਰ ਸਰਕਾਰ ਦੇ ਨਵੇਂ ਫੁਰਮਾਨ ਮੁਤਾਬਕ ਹੁਣ ਪੰਜਾਬ ਦੀਆਂ ਮੰਡੀਆਂ ਵਿੱਚ 6% ਤੋਂ ਲੈ ਕੇ 8% ਤੱਕ ਮਾਜੂ ਤੇ ਟੁੱਟੇ ਹੋਏ ਦਾਣਿਆਂ ਵਾਲੀ ਕਣਕ ਤੇ 5.31 ਰ: ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਟੌਤੀ ਕੀਤੀ ਜਾਵੇਗੀ ਤੇ 8% ਤੋਂ 10% ਤੱਕ ਮਾਜੂ ਦਾਣਿਆਂ ਤੇ 10.62 ਰ: ਪ੍ਰਤੀ ਕੁਇੰਟਲ ਦੀ ਕਟੌਤੀ ਕੀਤੀ ਜਾਵੇਗੀ ਤੇ ਜਿਵੇਂ ਜਿਵੇਂ ਜ਼ਿਆਦਾ ਮਾਜੂ ਦਾਣਿਆਂ ਦੀ ਦਰ ਵਧਦੀ ਜਾਵੇਗੀ, ਇਸੇ ਤਰ੍ਹਾਂ ਇਹ ਕਟੌਤੀ ਵਧਦੀ ਹੋਈ 31.87 ਪ੍ਰਤੀ ਕੁਇੰਟਲ ਤੱਕ ਪੁੱਜ ਜਾਵੇਗੀ। ਲੱਖੋਵਾਲ ਨੇ ਪੰਜਾਬ ਸਰਕਾਰ ਨੂੰ ਵੀ ਤਾੜਨਾਂ ਕਰਦਿਆਂ ਕਿਹਾ ਕਿ ਉਹ ਝੂਠੀ ਇਸ਼ਤਿਹਾਰਬਾਜ਼ੀ ਛੱਡ ਕੇ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਤੁਰੰਤ ਉਨ੍ਹਾਂ ਦੇ ਖਾਤਿਆਂ ਵਿੱਚ ਪਾਵੇ। ਜੇਕਰ ਸਰਕਾਰਾਂ ਨੇ ਸਾਡੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਤਾਂ ਸੰਯੁਕਤ ਕਿਸਾਨ ਮੋਰਚਾ ਅਗਲੇ ਪ੍ਰੋਗਰਾਮ ਦੀ ਤਿਆਰੀ ਸ਼ੁਰੂ ਕਰ ਦੇਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।


ਰਾਜਪੁਰਾ

**ਮਾਨਸਾ (ਪਮਾਰ)** : ਕੁਦਰਤ ਦੇ ਕਹਿਰ ਨਾਲ ਬਰਬਾਦ ਹੋਈ ਕਣਕ ਦੀ ਖਰੀਦ ਸਬੰਧੀ ਕੀਮਤ ਵਿੱਚ ਕਟੌਤੀ ਵਾਲੇ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਸਥਾਨਿਕ ਰੇਲਵੇ ਸਟੇਸ਼ਨ ਤੇ 12 ਤੋਂ 4 ਵਜੇ ਤੱਕ ਰੇਲਾਂ ਦਾ ਚੱਕਾ ਜਾਮ ਕੀਤਾ ਗਿਆ ਤੇ ਸਮੇਂ ਦੇ ਹਾਕਮਾਂ ਨੂੰ ਚਿਤਾਵਨੀ ਦਿੱਤੀ ਕਿ ਕਿਸਾਨਾਂ ਨਾਲ ਧੱਕੇਸ਼ਾਹੀ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਰੇਲਵੇ ਜਾਮ ਨੂੰ ਸੰਬੋਧਨ ਕਰਦਿਆ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਡਾ. ਦਰਸ਼ਨ ਪਾਲ, ਰੂਲਦੂ ਸਿੰਘ ਮਾਨਸਾ, ਕੁਲਵੰਤ ਸਿੰਘ ਕਿਸ਼ਨਗੜ੍ਹ, ਮਲੂਕ ਸਿੰਘ ਹੀਰਕੇ, ਐਡਵੋਕੇਟ ਕੁਲਵਿੰਦਰ ਉੱਡਤ, ਮਹਿੰਦਰ ਸਿੰਘ ਭੈਣੀਬਾਘਾ, ਗੋਰਾ ਸਿੰਘ ਭੈਣੀਬਾਘਾ, ਜੁਗਰਾਜ ਸਿੰਘ ਹੀਰਕੇ, ਛੱਜੂ ਰਾਮ ਰਿਸ਼ੀ, ਮਹਿੰਦਰ ਸਿੰਘ ਦਿਆਲਪੁਰਾ, ਨਿਰਮਲ ਸਿੰਘ ਝੰਡੂਕੇ, ਲਛਮਣ ਸਿੰਘ ਚੱਕ ਅਲੀਸ਼ੇਰ, ਐਡਵੋਕੇਟ ਸਵਰਨਜੀਤ ਦਲਿਓ, ਦਰਸ਼ਨ ਸਿੰਘ ਜਟਾਣਾ ਨੇ ਕਿਹਾ ਕਿ ਸਮੇਂ ਦੇ ਹਾਕਮਾਂ ਦੀ ਧੱਕੇਸ਼ਾਹੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਕੁਦਰਤੀ ਕਹਿਰ ਨਾਲ ਬਰਬਾਦ ਹੋਈ ਫਸਲ ਲਈ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਲੈਣ ਅਤੇ ਮਜ਼ਦੂਰਾਂ ਲਈ ਘੱਟੋ-ਘੱਟ 20 ਹਜ਼ਾਰ ਪ੍ਰਤੀ ਪਰਿਵਾਰ ਮੁਆਵਜ਼ਾ ਲੈਣ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਲਕੀਤ ਸਿੰਘ ਮੰਦਰਾ, ਨਰਿੰਦਰ ਕੌਰ ਬੁਰਜ ਹਮੀਰਾ, ਡਾਕਟਰ ਧੰਨਾ ਮੱਲ ਗੋਇਲ, ਗੁਰਪਿਆਰ ਸਿੰਘ ਫੱਤਾ, ਮਨਜੀਤ ਸਿੰਘ ਉੱਲਕ, ਬਲਵਿੰਦਰ ਖਿਆਲਾ, ਮੇਜਰ ਸਿੰਘ ਦੂਲੋਵਾਲ, ਅਮਰੀਕ ਫਫੜੇ, ਮਹਿੰਦਰ ਸਿੰਘ ਚੋਟੀਆ, ਸੁਖਦੇਵ ਸਿੰਘ ਅਤਲਾ, ਪਰਮਜੀਤ ਗਾਗੋਵਾਲ ਆਦਿ ਨੇ ਵੀ ਰੇਲਵੇ ਟਰੈਕ 'ਤੇ ਚੱਕਾ ਜਾਮ ਕਰਨ ਵਾਲੇ ਇਕਠ/ਧਰਨੇ ਨੂੰ ਸੰਬੋਧਨ ਕੀਤਾ।

**ਰਾਜਪੁਰਾ (ਰਮੇਸ਼ ਕਟਾਰੀਆ)** : ਕੇਂਦਰ ਸਰਕਾਰ ਵੱਲੋਂ ਕਣਕ ਦੇ ਖਰੀਦ ਮੁੱਲ 'ਚ ਕਟੌਤੀ ਕਰਨ ਦੇ ਫੈਸਲੇ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੇਲਾਂ ਦੇ ਚੱਕਾ ਜਾਮ ਕਰਨ ਦੇ ਦਿੱਤੇ ਸੱਦੇ ਤਹਿਤ ਰਾਜਪੁਰਾ ਵਿਖੇ ਕਿਸਾਨ ਜਥੇਬੰਦੀਆਂ ਨੇ ਦਿੱਲੀ-ਅੰਮ੍ਰਿਤਸਰ ਰੇਲ ਟ੍ਰੈਕ ਜਾਮ ਕੀਤਾ। ਵਾਢੀ ਦੇ ਜ਼ੋਰ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਜਾਮ ਲਈ ਇਕੱਠੇ ਹੋਏ ਕਿਸਾਨਾਂ ਨੇ ਕੇਂਦਰ ਸਰਕਾਰ ਦੇ ਫੈਸਲੇ ਵਿਰੁੱਧ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ। ਸੰਯੁਕਤ ਕਿਸਾਨ ਮੋਰਚਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਟੌਤੀ ਦੀ ਰਕਮ ਦੀ ਅਦਾਇਗੀ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਦਾ ਸਵਾਗਤ ਕਰਦਿਆਂ ਇਸ ਨੂੰ ਕਿਸਾਨਾਂ ਦੀ ਜਿੱਤ ਤਾਂ ਕਿਹਾ, ਪ੍ਰੰਤੂ ਇਸ ਨੂੰ ਪੰਜਾਬ ਦੇ ਖਜ਼ਾਨੇ 'ਤੇ ਬੋਝ ਦੱਸਦਿਆਂ ਇਸ ਨੂੰ ਕੇਂਦਰ ਸਰਕਾਰ ਦਾ ਧੱਕਾ ਕਰਾਰ ਦਿੱਤਾ। ਆਗੂਆਂ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤਿੰਨ ਖੇਤੀ ਕਾਨੂੰਨਾਂ ਦੀ ਜਿੱਤ ਲਈ ਲੜੇ ਗਏ ਇਤਿਹਾਸਕ ਕਿਸਾਨ ਘੋਲ ਵਿੱਚ ਪੰਜਾਬ ਵੱਲੋਂ ਨਿਭਾਈ ਗਈ ਮੋਹਰੀ ਭੂਮਿਕਾ ਕਾਰਨ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ-ਮਜ਼ਦੂਰਾਂ ਦੀ ਭਲਾਈ ਦੇ ਨਾਂ ਹੇਠ ਚੁੱਕੇ ਜਾਣ ਵਾਲੇ ਹਰ ਕਦਮ ਵਿੱਚ ਆਪਣੇ ਕਾਰਪੋਰੇਟ ਮਿੱਤਰਾਂ ਦੇ ਅਰਬਾਂ-ਕਰੋੜਾਂ ਦੇ ਮੁਨਾਫੇ ਦਾ ਖਿਆਲ ਹੀ ਰੱਖਦੀ ਹੈ। ਕਿਸਾਨ ਆਗੂਆਂ ਨੇ ਕਣਕ ਦੇ ਖਰੀਦ ਮੁੱਲ ਵਿੱਚ ਕਟੌਤੀ ਕਰਨ ਦੇ ਫੈਸਲੇ 'ਤੇ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਪ੍ਰਭਾਵ ਤਾਂ ਇਹ ਦੇ ਰਹੀ ਹੈ ਕਿ ਉਸ ਨੇ ਕੁਦਰਤੀ ਕਰੋਪੀ ਦੀ ਮਾਰ ਹੇਠ ਆਏ ਕਿਸਾਨਾਂ ਨੂੰ ਰਾਹਤ ਦਿੱਤੀ ਹੈ, ਪ੍ਰੰਤੂ ਅਸਲ ਵਿੱਚ ਇਹ ਰਾਹਤ ਨਹੀਂ 'ਔਰੰਗਜ਼ੇਬੀ ਜਜ਼ੀਆ' ਹੈ ਜਿਸ ਨਾਲ ਸਰਕਾਰ ਦੇਸ ਦੇ ਕਿਸਾਨਾਂ ਦੀਆਂ ਜੇਬਾਂ 'ਤੇ ਅਰਬਾਂ-ਕਰੋੜਾਂ ਦਾ ਡਾਕਾ ਮਾਰ ਕੇ ਆਪਣੇ ਕਾਰਪੋਰੇਟ ਮਿੱਤਰਾਂ ਦੀਆਂ ਜੇਬਾਂ ਵਿੱਚ ਇਹ ਰਕਮ ਪਾਉਣਾ ਚਾਹੁੰਦੀ ਹੈ। ਅੱਜ ਦੇ ਰੇਲ ਰੋਕੋ ਪ੍ਰੋਗਰਾਮ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਹਰਭਜਨ ਸਿੰਘ ਧੂਹੜ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ, ਬੀ.ਕੇ.ਯੂ. ਡਕੌਂਦਾ ਦੇ ਗੁਰਦਰਸ਼ਨ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਕੁਲਵੰਤ ਸਿੰਘ ਮੌਲਵੀਵਾਲਾ, ਪ੍ਰਧਾਨ ਗੁਰਵਿੰਦਰ ਸਿੰਘ ਧੂਮਾਂ, ਰਜਿੰਦਰ ਸਿੰਘ ਰਾਜਪੁਰਾ, ਲਸ਼ਕਰ ਸਿੰਘ ਰਾਜਪੁਰਾ, ਇੰਡੀਅਨ ਫਾਰਮਰ ਐਸੋਸੀਏਸ਼ਨ ਦੇ ਰਣਜੀਤ ਸਿੰਘ ਆਕੜ, ਬੀਕੇਯੂ ਸਾਦੀਪੁਰ ਦੇ ਪ੍ਰਧਾਨ ਬੂਟਾ ਸਿੰਘ ਸਾਦੀਪੁਰ, ਬੀਕੇਯੂ ਲੱਖੋਵਾਲ ਦੇ ਅਵਤਾਰ ਸਿੰਘ ਭੇਡਪੁਰੀ, ਕੁੱਲ ਹਿੰਦ ਕਿਸਾਨ ਸਭਾ ਦੇ ਧਰਮਪਾਲ ਸੀਲ, ਗੁਰਦਰਸ਼ਨ ਸਿੰਘ ਖਾਸਪੁਰ, ਜਸਵੀਰ ਸਿੰਘ ਖੇੜੀ, ਦਵਿੰਦਰ ਸਿੰਘ ਪੂਨੀਆ, ਚਰਨਜੀਤ ਕੌਰ, ਜਗਮੇਲ ਸਿੰਘ ਸੂਧੇਵਾਲ, ਗੁਰਵਿੰਦਰ ਸਿੰਘ ਦੇਧਨਾ, ਗੁਰਬਚਨ ਸਿੰਘ ਕਨਸੂਹਾ, ਹਰਬੰਸ ਸਿੰਘ ਦਦਹੇੜਾ, ਅਵਤਾਰ ਸਿੰਘ ਕੌਰਜੀਵਾਲਾ, ਗੁਰਮੀਤ ਸਿੰਘ ਰਾਮ ਚੰਦ ਚੁਨਾਗਰਾ, ਮਨਿੰਦਰ ਸਿੰਘ ਤਰਖਾਣ ਮਾਜਰਾ, ਕੁਲਵੀਰ ਸਿੰਘ ਟੋਡਰਪੁਰ, ਸੁਖਵਿੰਦਰ ਸਿੰਘ ਤੁਲੇਵਾਲ ਨੇ ਸੰਬੋਧਨ ਕੀਤਾ।

## ਹੈਰੋਇਨ ਸਮੇਤ ਇੱਕ ਵਿਅਕਤੀ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਲੰਬੀ ਪੁਲਸ ਨੇ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਅਰਨੀਵਾਲਾ ਵਜ਼ੀਰਾ ਸੀ ਤਾਂ ਸਾਹਮਣੇ ਤੋਂ ਇੱਕ ਮੋਟਰਸਾਈਕਲ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਸੁਖਜਿੰਦਰ ਸਿੰਘ ਉਰਫ਼ ਕਾਕਾ ਵਾਸੀ ਖੁੱਡੀਆਂ ਗੁਲਾਬ ਸਿੰਘ ਚਲਾ ਰਿਹਾ ਸੀ, ਜਿਸ ਨੂੰ ਪੁਲਿਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ, ਜੋ ਘਬਰਾ ਕੇ ਇਕਦਮ ਮੋਟਰਸਾਈਕਲ ਨੂੰ ਪਿੱਛੇ ਮੋੜਣ ਲੱਗਾ ਤਾਂ ਪੁਲਸ ਪਾਰਟੀ ਨੇ ਉਸ ਨੂੰ ਕਾਬੂ ਕਰ ਲਿਆ ਅਤੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ।

ਪੁਲਸ ਪਾਰਟੀ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ. 72 ਧਾਰਾ 21ਏ/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵਿਸਾਖੀ ਪ੍ਰੋਗਰਾਮ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-18 ਅਪ੍ਰੈਲ ਨੂੰ ਐੱਸ ਆਰ ਐੱਸ ਵਿੱਦਿਆਪੀਠ ਵਿੱਚ ਵਿਸਾਖੀ ਦੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਪ੍ਰਬੰਧ ਕੀਤਾ ਗਿਆ। ਇਸ ਪ੍ਰਾਰਥਨਾ ਸਭਾ ਵਿੱਚ ਜਿਨ੍ਹਾਂ ਵਿਦਿਆਰਥੀਆਂ ਨੇ ਸ਼ਬਦ ਗਾਇਨ, ਗਿੱਧਾ, ਭੰਗੜਾ, ਸੰਗੀਤ, ਡਾਂਸ, ਪਗੜੀ ਬੰਨ੍ਹਣ, ਪੋਸਟਰ ਬਣਾਉਣ, ਬਾਸਕਿਟ ਗਿਫ਼ਟ ਬਣਾਉਣ ਅਤੇ ਮਾਡਲ ਬਣਾਉਣ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ, ਉਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਦੀ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਅਮਿਤ ਸਿੰਗਲਾ ਤੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਵੱਲੋਂ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ 'ਬਨੇਗਾ' ਪ੍ਰਾਪਤੀ ਸੰਘਰਸ਼ ਵਿਸ਼ੇ 'ਤੇ ਸੈਮੀਨਾਰ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ 23 ਮਾਰਚ ਦੇ ਸ਼ਹੀਦਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਤ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਭਾਵ ਬਨੇਗਾ ਦੀ ਪ੍ਰਾਪਤੀ ਲਈ ਸੰਘਰਸ਼ ਵਿਸ਼ੇ 'ਤੇ ਇੱਕ ਸੈਮੀਨਾਰ ਕਮਿਊਨਿਟੀ ਹਾਲ ਵਿਖੇ ਕੀਤਾ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਛਾਂਗਾ ਰਾਏ ਤੇ ਜ਼ਿਲ੍ਹਾ ਆਗੂ ਰਾਜੂ ਛਿੱਲੀਆਂ ਨੇ ਕੀਤੀ। ਸੈਮੀਨਰ ਵਿੱਚ ਵੱਖ-ਵੱਖ ਪਿੰਡਾਂ ਤੋਂ ਚੁਨਿੰਦਾ ਆਗੂਆਂ ਤੇ ਨੌਜਵਾਨਾਂ ਨੇ ਹਿੱਸਾ ਲਿਆ। ਸੈਮੀਨਾਰ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨ ਲਈ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸ਼ਰੀ ਹਾਜ਼ਰ ਹੋਏ।

ਸੈਮੀਨਰ ਵਿੱਚ ਹਾਜ਼ਰ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਾਥੀ ਸੁਖਜਿੰਦਰ ਮਹੇਸ਼ਰੀ ਨੇ ਕਿਹਾ ਕਿ 23 ਮਾਰਚ ਦੇ ਸ਼ਹੀਦਾਂ ਦੀ ਕੁਰਬਾਨੀ ਨੇ ਉਸ ਵਕਤ ਦੇਸ ਦੀ ਆਜ਼ਾਦੀ ਦੀ ਲਹਿਰ ਨੂੰ ਇੱਕ ਵੱਡਾ ਹੁਲਾਰਾ ਦਿੱਤਾ ਸੀ, ਜਿਸ ਨਾਲ ਨੌਜਵਾਨ ਦੇਸ਼ ਭਗਤਾਂ ਆਪਣੇ ਆਪ ਨੂੰ ਆਜ਼ਾਦੀ ਸੰਗਰਾਮ ਵਿੱਚ ਝੋਕ ਦਿੱਤਾ ਸੀ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਦੇਸ ਆਜ਼ਾਦ ਹੋਇਆ। ਇਹ ਸਾਡਾ ਇਨਕਲਾਬੀ ਵਿਰਸਾ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ, ਪਰ ਅਫ਼ਸੋਸ ਹੈ ਕਿ ਅੰਗਰੇਜ਼ਾਂ/ਸਾਮਰਾਜ ਨਾਲ ਲੋਹਾ ਲੈ ਕੇ ਉਨ੍ਹਾਂ ਨੂੰ ਦੇਸ ਵਿੱਚੋਂ ਕੱਢਣ ਵਾਲੇ ਸ਼ਹੀਦਾਂ ਦੀ ਵਾਰਿਸ ਜਵਾਨੀ ਦੇਸ ਨੂੰ ਛੱਡ ਉਨ੍ਹਾਂ ਅੰਗਰੇਜ਼ਾਂ/ਸਾਮਰਾਜੀ ਦੇਸਾਂ ਵੱਲ ਭੱਜ ਰਹੀ ਹੈ। ਉਨ੍ਹਾਂ ਨੂੰ ਅਜਿਹਾ ਮਜਬੂਰੀ ਵੱਸ ਕਰਨਾ ਪੈ ਰਿਹਾ ਹੈ, ਕਿਉਂਕਿ ਦੇਸ ਦੇ ਮੌਜੂਦਾ ਹਾਕਮਾਂ ਇਥੇ ਅਜਿਹੇ ਹਾਲਾਤ ਬਣਾ ਦਿੱਤੇ ਹਨ ਕਿ ਲੋਕਾਂ ਨੂੰ ਬਾਹਰ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਅੱਗੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਨੂੰ ਦੇਸ ਦੀ ਪਾਰਲੀਮੈਂਟ ਵਿੱਚੋਂ ਪਾਸ ਕਰਾ ਕੇ ਲਾਗੂ ਕਰਾਉਣ ਲਈ ਦੇਸਵਿਆਪੀ ਮੁਹਿੰਮ ਚੱਲ ਰਹੀ ਹੈ। ਜੇਕਰ ਇਹ ਕਾਨੂੰਨ ਲਾਗੂ ਹੁੰਦਾ ਹੈ ਤਾਂ ਬਾਹਰ ਜਾਣ ਦੇ ਰੁਝਾਨ ਨੂੰ ਠੱਲ੍ਹ ਪੈ ਸਕਦੀ ਹੈ ਤੇ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ, ਕਿਉਂਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਹਰ ਇੱਕ ਨੂੰ ਉਹਦੀ ਯੋਗਤਾ ਅਨੁਸਾਰ ਕੰਮ ਭਾਵ ਅਣਸਿੱਖਿਅਤ ਨੂੰ 2500/-, ਅਰਧ ਸਿੱਖਿਅਤ ਨੂੰ 30000/-, ਸਿਖਿਅਤ ਨੂੰ 35000/- ਤੇ ਉੱਚ ਸਿੱਖਿਆ ਨੂੰ 45000/- ਪ੍ਰਤੀ ਮਹੀਨਾ ਤਨਖਾਹ ਅਤੇ ਕੰਮ ਨਾ ਮਿਲਣ ਦੀ ਸੂਰਤ ਵਿੱਚ ਉਕਤ ਤਨਖਾਹ ਦਾ ਅੱਧ ਕੰਮ ਇੰਤਜ਼ਾਰ ਦੇਣ ਦੀ ਵਿਵਸਥਾ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਜਵਾਨੀ ਨੂੰ ਇਸ ਕਾਨੂੰਨ ਦੀ ਪ੍ਰਾਪਤੀ ਲਈ ਸੰਘਰਸ਼ ਦੇ ਮੈਦਾਨ ਵਿੱਚ ਕੁੱਦਣਾ ਚਾਹੀਦਾ ਹੈ। ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾਰਾਏ ਨੇ ਕਿਹਾ ਕਿ ਬਨੇਗਾ ਨੂੰ ਲੋੜਵੰਦ ਜਵਾਨੀ ਦੀ ਸਮਝ ਦਾ ਹਿੱਸਾ ਬਣਾਉਣ ਲਈ ਬਨੇਗਾ ਤੇ ਅਜਿਹੇ ਪ੍ਰੋਗਰਾਮ ਭਵਿੱਖ ਵਿੱਚ ਜੰਗੀ ਪੱਧਰ 'ਤੇ ਕਰਾਏ ਜਾਣਗੇ। ਇਸ ਮੌਕੇ ਉਕਤ ਸੈਮੀਨਾਰ ਨੂੰ ਸਾਬਕਾ ਨੌਜਵਾਨ ਆਗੂ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਭਗਵਾਨ ਦਾਸ ਬਹਾਦਰ ਕੇ, ਨੌਜਵਾਨ ਆਗੂ ਪਰਮਿੰਦਰ ਰਹਿਮੇ ਸ਼ਾਹ, ਵੀਨਾ ਰਾਣੀ ਛਾਂਗਾਰਾਏ ਤੇ ਸਾਬਕਾ ਨੌਜਵਾਨ ਆਗੂ ਡਾਕਟਰ ਸਰਬਜੀਤ ਬੰਨਵਾਲਾ ਨੇ ਵੀ ਸੰਬੋਧਨ ਕੀਤਾ।




## ਸਰਕਾਰੀ ਪ੍ਰਾਇਮਰੀ ਸਕੂਲ ਕਾਂਝਲਾ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਯਾਦਗਾਰੀ ਹੋ ਨਿੱਬੜਿਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਰਕਾਰੀ ਪ੍ਰਾਇਮਰੀ ਸਕੂਲ, ਕਾਂਝਲਾ-1 ਦਾ ਇਨਾਮ ਵੰਡ ਤੇ ਸਾਲਾਨਾ ਸਮਾਰੋਹ ਮੁੱਖ ਅਧਿਆਪਕ ਮਨਦੀਪ ਰਿਖੀ ਤੇ ਸੀਨੀਅਰ ਅਧਿਆਪਕ ਹਰਕੀਰਤ ਕੌਰ ਦੀ ਅਗਵਾਈ ਵਿੱਚ ਹੋਇਆ। ਗਗਨਦੀਪ ਕੌਰ ਤੇ ਨਿਸ਼ਾ ਸ਼ਰਮਾ ਦੇ ਖ਼ੂਬਸੂਰਤ ਅੰਦਾਜ਼ ਨਾਲ ਸਟੇਜ ਸੰਚਾਲਨ ਵਿੱਚ ਸਮਾਗਮ ਦੌਰਾਨ ਸਕੂਲੀ ਬੱਚਿਆਂ ਨੇ ਵੱਖ-ਵੱਖ ਵੰਨਗੀਆਂ ਦੀ ਰੰਗਾਰੰਗ ਪੇਸ਼ਕਾਰੀ ਨਾਲ ਖ਼ੂਬ ਰੰਗ ਬੰਨ੍ਹਿਆ। ਮੁੱਖ ਮਹਿਮਾਨ ਗੁਰਮੀਤ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਸੰਗਰੂਰ-1 ਨੇ ਜਨ ਸਹਾਰਾ ਕਲੱਬ ਕਾਂਝਲਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਸਹਿਤ ਸਮੁੱਚੇ ਪਿੰਡ ਨਿਵਾਸੀਆਂ ਤੇ ਪੰਚਾਇਤ ਦਾ ਇਸ ਸਮਾਰੋਹ ਲਈ ਸਹਿਯੋਗ ਕਰਨ ਹਿਤ ਧੰਨਵਾਦ ਕਰਦਿਆਂ ਸਭਨਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚੇ ਦਾਖਲ ਕਰਾਉਣ ਲਈ ਪ੍ਰੇਰਿਤ ਕੀਤਾ। ਸੈਂਟਰ ਹੈੱਡ ਟੀਚਰ ਕਿਲਾ ਹਕੀਮਾਂ ਅਮਨਦੀਪ ਕੌਰ ਨੇ ਪ੍ਰੋਗਰਾਮ ਤੋਂ ਪ੍ਰਭਾਵਿਤ ਹੋ ਕੇ ਬੱਚਿਆਂ ਵਲੋਂ ਪੇਸ਼ ਕੀਤੀਆਂ ਗਈਆਂ ਆਈਟਮਾਂ ਦੀ ਅਤੇ ਸਕੂਲ ਸਟਾਫ਼ ਵੱਲੋਂ ਕੀਤੇ ਗਏ ਉੱਦਮਾਂ ਦੀ ਵੀ ਵਿਸ਼ੇਸ਼ ਸ਼ਲਾਘਾ ਕੀਤੀ। ਗਰਾਮ ਨੂੰ ਉਸ ਸਮੇਂ ਹੋਰ ਭਰਵਾਂ ਹੁਲਾਰਾ ਮਿਲਿਆ, ਜਦੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜਵੰਤ ਸਿੰਘ ਘੁਲੀ, ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਵਿਸ਼ੇਸ਼ ਮਹਿਮਾਨ ਵਜੋਂ ਡਾ.ਅਨਵਰ ਭਸੌੜ, ਬਲਾਕ ਪ੍ਰਧਾਨ ਗੁਰਜੀਤ ਸਿੰਘ, ਕਰਮਜੀਤ ਸਿੰਘ ਕਾਂਝਲਾ, ਰਵਜੋਤ ਸਿੰਘ, ਸੁਰਿੰਦਰ ਸਿੰਘ ਤੇ ਨਪਿੰਦਰ ਸਿੰਘ ਸਹਿਤ ਸ਼ਿਰਕਤ ਕੀਤੀ।

ਸਮਾਰੋਹ ਦੇ ਵਿਸ਼ੇਸ਼ ਸਹਿਯੋਗੀ ਜਨ ਸਹਾਰਾ ਕਲੱਬ ਦੇ ਪ੍ਰਧਾਨ ਡਾ.ਸੁਖਪਾਲ ਸ਼ਰਮਾ, ਭਗਵੰਤ ਰਾਏ ਜੋਸ਼ੀ, ਜਸਵੀਰ ਸਿੰਘ, ਗੁਰਨਾਮ ਸਿੰਘ, ਹਰਜਿੰਦਰ ਸਿੰਘ ਠੇਕੇਦਾਰ, ਸਰਬਜੀਤ ਸਿੰਘ ਸਿੰਘ ਪੱਪੂ, ਮੱਖਣ ਸਮੇਤ ਪਹੁੰਚੇ ਬਸੰਤ ਲਾਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਸਕੂਲ ਦੀ ਪੁਰਾਣੀ ਇਮਾਰਤ ਦੀ ਮੁਰੰਮਤ ਲਈ ਸਰਕਾਰੀ ਫੰਡਾਂ ਦੀ ਮੰਗ ਕੀਤੀ, ਜਿਸ ਨੂੰ ਰਾਜਵੰਤ ਸਿੰਘ ਘੁਲੀ ਨੇ ਤੁਰੰਤ ਪ੍ਰਵਾਨ ਕਰਦਿਆਂ ਐਲਾਨ ਕੀਤਾ ਕਿ ਮੁੱਖ ਮੰਤਰੀ ਦੇ ਹਲਕੇ ਵਿੱਚ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਇਸ ਸਕੂਲ ਦੇ ਸਟਾਫ਼ ਦੀ ਸਮਰਪਤ ਭਾਵਨਾ ਤੇ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਹੋਰਨਾਂ ਅਧਿਆਪਕਾਂ ਨੂੰ ਇਨ੍ਹਾਂ ਤੋਂ ਸੇਧ ਲੈਣ ਅਤੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਅਪੀਲ ਕੀਤੀ। ਸਕੂਲ ਅਧਿਆਪਕ ਰੇਨੂੰ ਬਾਲਾ ਨੇ ਅਨੁਸ਼ਾਸ਼ਨ ਇੰਚਾਰਜ ਦੀ ਡਿਊਟੀ ਸੁਚੱਜੇ ਢੰਗ ਨਾਲ ਨਿਭਾਈ। ਪਿੰਡ ਨਿਵਾਸੀ ਬਜ਼ੁਰਗ ਜੋਰਾ ਸਿੰਘ ਨੇ ਬੱਚਿਆਂ ਦੀ ਪੇਸ਼ਕਾਰੀ ਤੋਂ ਖੁਸ਼ ਹੋ ਕੇ ਨਕਦ ਇਨਾਮ ਦਿੱਤੇ। ਸਕੂਲ ਪ੍ਰਬੰਧਕ ਕਮੇਟੀ ਦੇ ਚੈਅਰਮੈਨ ਸੁਖਜਿੰਦਰ ਸਿੰਘ ਸਿੰਘ ਸਹਿਤ ਪਰਮਜੀਤ ਕੌਰ, ਰਾਜਵੀਰ ਕੌਰ, ਅਮਨਦੀਪ ਕੌਰ, ਕਰਮਜੀਤ ਕੌਰ, ਆਂਗਣਵਾੜੀ ਸਟਾਫ਼ ਸਰਬਜੀਤ ਕੌਰ, ਦਰਸ਼ਨ ਕੌਰ, ਜਸਪਾਲ ਦੇਵੀ, ਬਲਜੀਤ ਕੌਰ, ਸੁਖਵਿੰਦਰ ਕੌਰ ਦਾ ਇਸ ਸਮਾਰੋਹ ਦੀ ਸਫ਼ਲਤਾ ਲਈ ਵਿਸ਼ੇਸ਼ ਯੋਗਦਾਨ ਰਿਹਾ। ਇਸ ਸਮਾਰੋਹ ਵਿੱਚ ਗੁਰੂਦੁਆਰਾ ਝਿੜਾ ਸਾਹਿਬ ਕਾਂਝਲਾ ਵੱਲੋਂ ਸਭਨਾਂ ਨੂੰ ਲੰਗਰ ਛਕਾਇਆ ਗਿਆ।



## ਮੀਟਿੰਗਾਂ ਤੋਂ ਮੁੱਕਰਨ ਦੇ ਰੋਸ ਵਜੋਂ ਠੇਕਾ ਕਾਮਿਆਂ ਨੇ ਸਰਕਾਰ ਤੇ ਪ੍ਰਸ਼ਾਸਨ ਦੀ ਅਰਥੀ ਫੂਕੀ

### 20 ਨੂੰ ਜਲੰਧਰ 'ਚ ਝੰਡਾ ਮਾਰਚ ਤੇ 25 ਨੂੰ ਪਟਿਆਲਾ ਹੈੱਡ ਆਫਿਸ ਵਿਖੇ ਲਗਾਤਾਰ ਧਰਨਾ ਦੇਣ ਦਾ ਐਲਾਨ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਨੇ ਰੋਸ ਮੁਜ਼ਾਹਰਾ ਕਰਦਿਆਂ ਮੁੱਖ ਮੰਤਰੀ ਸਮੇਤ ਬਿਜਲੀ ਮੰਤਰੀ, ਵਿੱਤ ਮੰਤਰੀ, ਪੰਚਾਇਤ ਮੰਤਰੀ ਤੇ ਪਟਿਆਲਾ ਪ੍ਰਸ਼ਾਸਨ ਦੀ ਅਰਥੀ ਨੂੰ ਲਾਂਬੂ ਲਗਾਇਆ। ਪ੍ਰੈੱਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਡਵੀਜ਼ਨ ਪ੍ਰਧਾਨ ਅੰਗਰੇਜ ਸਿੰਘ ਤੇ ਸਕੱਤਰ ਮਨਿੰਦਰ ਸਿੰਘ ਨੇ ਦੱਸਿਆ ਕਿ ਆਪਣੀ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ 5 ਅਪ੍ਰੈਲ ਨੂੰ ਪਟਿਆਲਾ ਵਿਖੇ ਵੱਡੀ ਗਿਣਤੀ 'ਚ ਪਰਿਵਾਰਾਂ ਤੇ ਬੱਚਿਆਂ ਸਮੇਤ ਧਰਨੇ ਦਾ ਐਲਾਨ ਕੀਤਾ ਹੋਇਆ ਸੀ, ਪਰ ਉਸੇ ਦਿਨ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਤੇ ਹੋਰ ਅਧਿਕਾਰੀ ਆ ਰਹੇ ਸਨ ਤੇ ਪਟਿਆਲਾ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪਈ ਰਹੀ। ਪਟਿਆਲਾ ਪ੍ਰਸ਼ਾਸਨ ਵੱਲੋਂ ਜਥੇਬੰਦੀ ਆਗੂਆਂ ਨੂੰ ਲਿਖਤੀ ਪੱਤਰ ਰਾਹੀਂ 4 ਅਪ੍ਰੈਲ ਨੂੰ ਸਰਕਟ ਹਾਊਸ ਵਿਖੇ ਸੱਦਿਆ, ਜਿਸ 'ਚ ਡਿਪਟੀ ਕਮਿਸ਼ਨਰ ਪਟਿਆਲਾ, ਆਈ.ਜੀ.ਆਈ ਪਟਿਆਲਾ, ਐੱਸ.ਐੱਸ.ਪੀ ਪਟਿਆਲਾ ਤੇ ਹੋਰਨਾਂ ਅਧਿਕਾਰੀਆਂ ਅਤੇ ਜਥੇਬੰਦੀ ਵੱਲੋਂ ਸੂਬਾ ਆਗੂ ਸ਼ਾਮਲ ਸਨ, ਜਥੇਬੰਦੀ ਆਗੂਆਂ ਵੱਲੋਂ ਮੰਗਾਂ ਲੈ ਕੇ ਅਧਿਕਾਰੀਆਂ ਨਾਲ ਚਰਚਾ ਕੀਤੀ ਕਿ ਪਾਵਰਕਾਮ ਆਊਟ-ਸੋਰਸਿੰਗ ਕਾਮਿਆਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ।

ਟਾਲ-ਮਟੋਲ ਦੀ ਨੀਤੀ ਸਰਕਾਰ ਵੱਲੋਂ ਅਪਣਾਈ ਜਾ ਰਹੀ ਹੈ ਤੇ ਸੀ.ਐੱਚ.ਬੀ. ਤੇ ਡਬਲਿਊ ਕਾਮਿਆਂ ਨਾਲ ਲਗਾਤਾਰ ਕਰੰਟ ਲੱਗਣ ਕਾਰਨ ਘਾਤਕ ਤੇ ਗੈਰ-ਘਾਤਕ ਹਾਦਸੇ ਵਾਪਰ ਰਹੇ ਹਨ, ਜਿਨ੍ਹਾਂ ਨੂੰ ਮੁਆਵਜ਼ਾ, ਨੌਕਰੀ, ਪੈਨਸ਼ਨ ਦਾ ਕੋਈ ਠੋਸ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਸਰਕਾਰੀ ਪੋਸਟਾਂ 'ਤੇ ਕੰਮ ਕਰਦੇ ਅਊਟ-ਸੋਰਸਿੰਗ ਕਾਮਿਆਂ ਨੂੰ ਨਜ਼ਰ ਅੰਦਾਜ਼ ਕਰਕੇ ਬਾਹਰੋਂ ਪੱਕੀ ਭਰਤੀ ਕੀਤੀ ਜਾ ਰਹੀ ਹੈ। ਸੰਘਰਸ਼ ਦੌਰਾਨ ਲਗਾਤਾਰ 10 ਵਾਰੀ ਲਿਖਤੀ ਮੀਟਿੰਗ ਪ੍ਰਸ਼ਾਸਨ ਅਧਿਕਾਰੀਆਂ ਵੱਲੋਂ ਦਿੱਤੀਆਂ ਗਈਆਂ, ਪਰ ਮੁੱਖ ਮੰਤਰੀ ਸਾਹਿਬ ਨਾ ਤਾਂ ਮੀਟਿੰਗਾਂ ਕੀਤੀਆਂ ਨਾ ਹੀ ਮੰਗਾਂ ਦਾ ਹੱਲ ਹੋਇਆ, ਜਿਸ ਕਾਰਨ ਠੇਕਾ ਕਾਮਿਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਸੇ ਕਾਰਨ ਅੱਜ ਪੰਜਾਬ ਭਰ 'ਚ ਮੁੱਖ ਮੰਤਰੀ ਤੇ ਵਿੱਤ ਮੰਤਰੀ, ਬਿਜਲੀ ਮੰਤਰੀ, ਪੰਚਾਇਤ ਮੰਤਰੀ ਤੇ ਪਟਿਆਲਾ ਪ੍ਰਸ਼ਾਸਨ ਦੀ ਅਰਥੀ ਨੂੰ ਲਾਂਬੂ ਲਗਾਇਆ ਗਿਆ ਅਤੇ ਰੋਸ ਮੁਜ਼ਾਹਰੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 20 ਅਪ੍ਰੈਲ ਨੂੰ ਜਲੰਧਰ ਸ਼ਹਿਰ 'ਚ ਝੰਡਾ ਮਾਰਚ ਤੇ 25 ਅਪ੍ਰੈਲ ਤੋਂ ਹੈੱਡ ਆਫਿਸ ਪਟਿਆਲਾ ਦਾ ਪਰਿਵਾਰਾਂ ਤੇ ਬੱਚਿਆਂ ਸਮੇਤ ਘਿਰਾਓ ਕੀਤਾ ਜਾਵੇਗਾ।

ਇਹ ਘਿਰਾਓ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਰਕਾਰ ਕਾਮਿਆਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੀ। ਇਸ ਰੋਸ ਮੁਜ਼ਾਹਰੇ ਵਿੱਚ ਡਵੀਜ਼ਨ ਕਮੇਟੀ ਦੇ ਆਗੂ ਮੀਤ ਪ੍ਰਧਾਨ ਵੀਰ ਸਿੰਘ, ਜੁਆਇੰਟ ਸਕੱਤਰ ਜੀਤ ਸਿੰਘ, ਸੈਕਟਰੀ ਮੇਜਰ ਸਿੰਘ, ਖਜ਼ਾਨਚੀ ਗੁਰਵਿੰਦਰ ਸਿੰਘ ਤੇ ਸਾਰੀਆਂ ਸਬ ਡਵੀਜ਼ਨਾਂ ਦੀਆਂ ਕਮੇਟੀਆਂ ਤੇ ਸਾਥੀ ਸ਼ਾਮਲ ਸਨ।

## ਕੱਚੇ ਅਧਿਆਪਕਾਂ ਨੂੰ ਜਾਰੀ ਕਾਰਨ ਦੱਸੋ ਨੋਟਿਸ ਵਾਪਸ ਲਏ ਜਾਣ : ਸਾਂਝਾ ਮੋਰਚਾ

ਮਾਨਸਾ (ਆਤਮਾ ਸਿੰਘ ਪਮਾਰ)-ਸਾਂਝਾ ਅਧਿਆਪਕ ਮੋਰਚਾ ਦੀ ਹੰਗਾਮੀ ਮੀਟਿੰਗ ਦਰਸ਼ਨ ਸਿੰਘ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੋਰਚੇ ਦੇ ਆਗੂਆਂ ਨੇ ਵਲੰਟੀਅਰ ਅਧਿਆਪਕਾਂ ਸੁਖਚੈਨ ਸਿੰਘ ਤੇ ਸੰਦੀਪ ਸਿੰਘ ਨੂੰ ਸੇਵਾਵਾਂ ਖਤਮ ਕਰਨ ਦੀ ਘੋਰ ਨਿੰਦਿਆ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਨਰਿੰਦਰ ਸਿੰਘ ਮਾਖਾ ਤੇ ਪਰਮਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੀ ਬਜਾਇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰਨ ਦੇ ਰਾਹ ਪੈ ਚੁੱਕੀ ਹੈ। ਆਗੂਆਂ ਗੁਰਪ੍ਰੀਤ ਸਿੰਘ ਦਲੇਲ ਵਾਲਾ, ਮੋਲਕ ਸਿੰਘ ਡੇਲੂਆਣਾ ਤੇ ਜਗਜੀਵਨ ਸਿੰਘ ਨੇ ਕਿਹਾ ਕਿ ਵਾਰ-ਵਾਰ ਮੀਟਿੰਗ ਅੱਗੇ ਹੋਣ ਕਰਕੇ ਵਿਰੋਧ ਦਰਜ ਕਰਾਉਣ ਨੂੰ ਸਿੱਖਿਆ ਮੰਤਰੀ ਦੀ ਗੱਡੀ 'ਤੇ ਹਮਲਾ ਕਰਾਰ ਦਿੱਤਾ ਗਿਆ, ਜੋ ਕੋਰਾ ਝੂਠ ਹੈ। ਮੀਟਿੰਗ ਵਿੱਚ ਸ਼ਾਮਲ ਸਾਥੀਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਕਤ ਸਾਥੀਆਂ ਦੇ ਨੋਟਿਸ ਵਾਪਸ ਨਾ ਲਏ ਗਏ ਤਾਂ ਪੰਜਾਬ ਪੱਧਰ 'ਤੇ ਸਰਕਾਰ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਸੁਖਚੈਨ ਸਿੰਘ, ਬਲਕਰਨ ਉੱਭਾ, ਮੱਖਣ ਮੱਲ ਸਿੰਘ ਵਾਲਾ ਅਤੇ ਗਮਦੂਰ ਸਿੰਘ ਸਸਪਾਲੀ ਨੇ ਕਿਹਾ ਕਿ ਸਰਕਾਰ ਸਾਡੇ ਨਾਲ ਕੀਤਾ ਵਾਅਦਾ ਪੂਰਾ ਕਰੇ ਤੇ ਨੋਟਿਸ ਦੇਣ ਦੀ ਬਜਾਏ ਸਾਨੂੰ ਰੈਗੂਲਰ ਕਰੇ।

ਇਸ ਮੌਕੇ ਸਿੱਖਿਆ ਮੰਤਰੀ ਪੰਜਾਬ ਨੂੰ ਡਿਪਟੀ ਕਮਿਸ਼ਨਰ ਦੇ ਨਾਂਅ 'ਤੇ ਡੀ.ਆਰ.ਓ ਰਾਹੀਂ ਇੱਕ ਮੰਗ ਪੱਤਰ ਵੀ ਭੇਜਿਆ ਗਿਆ। ਇਸ ਮੌਕੇ ਜਸਪਾਲ ਕੌਰ, ਹਰਪ੍ਰੀਤ ਕੌਰ ਜਸਵੰਤ ਕੌਰ ਭੁਪਾਲ, ਖੁਸ਼ਪ੍ਰੀਤ ਕੌਰ, ਮੀਨਾ ਰਾਣੀ, ਕੁਲਵਿੰਦਰ ਕੌਰ ਖਿਆਲਾ, ਸੁਨੀਤਾ ਰਾਣੀ, ਵੀਰਪਾਲ ਕੌਰ, ਕਰਮਜੀਤ ਕੌਰ, ਬੂਟਾ ਸਿੰਘ, ਗੁਰਮੀਤ ਸਿੰਘ ਤੇ ਸੁਖਜੀਤ ਸਿੰਘ ਵੀ ਹਾਜ਼ਰ ਸਨ।

## ਦੇਸ਼ ਵੰਡ ਸਮੇਂ ਦਸਮੇਸ਼ ਪਿਤਾ ਦੀ ਨਿਸ਼ਾਨੀ 'ਗੰਗਾ ਸਾਗਰ' ਨੂੰ ਸਾਡਾ ਪਰਵਾਰ ਸਤਿਕਾਰ ਨਾਲ ਲੈ ਗਿਆ ਸੀ : ਰਾਏ ਅਜ਼ੀਜ਼ ਉਲ੍ਹਾ

**ਜਗਰਾਉਂ (ਅਮਿਤ ਖੰਨਾ)**

ਪਿਛਲੀਆਂ ਤਿੰਨ ਸਦੀਆਂ ਤੋਂ ਵੀ ਵੱਧ ਸਮੇਂ ਤੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੀ ਨਿਸਾਨੀ 'ਗੰਗਾ ਸਾਗਰ' ਨੂੰ ਸੰਭਾਲੀ ਬੈਠਾ ਨਵਾਬ ਰਾਏ ਕੱਲਾ ਜੀ ਦਾ ਪਰਵਾਰ ਗੁਰੂ ਸਾਹਿਬ ਜੀ ਵੱਲੋਂ ਮਿਲੀ।

ਪਰਵਾਰ ਦਾ ਕਹਿਣਾ ਹੈ ਕਿ ਵੰਡ ਸਮੇਂ ਭਾਵੇਂ ਉਨ੍ਹਾਂ ਦਾ ਭਰਿਆ ਘਰ ਤੇ ਜਾਇਦਾਦ ਰਾਏਕੋਟ 'ਚ ਰਹਿ ਗਈ, ਪਰ ਉਨ੍ਹਾਂ ਦਾ ਪਰਵਾਰ ਦਸਮੇਸ਼ ਪਿਤਾ ਜੀ ਵੱਲੋਂ ਮਿਲੀ ਨਿਸ਼ਾਨੀ ਨੂੰ ਸੰਭਾਲ ਕੇ ਆਪਣੇ ਨਾਲ ਪਾਕਿਸਤਾਨ ਲੈ ਆਇਆ। ਉਪਰੋਕਤ ਪ੍ਰਗਟਾਵਾ ਰਾਏ ਕੱਲਾ ਜੀ ਦੀ ਨੌਵੀਂ ਪੀੜ੍ਹੀ ਦੇ ਵਾਰਿਸ ਤੇ ਪਾਕਿਸਤਾਨ ਦੇ ਮੈਂਬਰ ਪਾਰਲੀਮੈਂਟ ਸ੍ਰੀ ਰਾਏ ਅਜ਼ੀਜ਼ ਉੱਲਾ ਖਾਨ ਨੇ ਕੈਨੇਡਾ 'ਚ ਪੰਜਾਬ ਤੋਂ ਪੁੱਜੇ।

ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਜੀ ਵੱਲੋਂ ਰਾਏ ਕੱਲਾ ਦੇ ਪਰਵਾਰ ਦੀ ਸੇਵਾ ਤੋਂ ਖੁਸ਼ ਹੋ ਕੇ ਭੇਟ ਇਹ ਨਿਸ਼ਾਨੀ 'ਗੰਗਾ ਸਾਗਰ' ਕੈਨੇਡਾ ਵਿਖੇ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਪਹਿਲਾਂ ਟਰਾਂਟੋ ਏਰੀਏ ਦੀ ਸੰਗਤਾਂ ਲਈ ਲਿਆਂਦਾ ਗਿਆ ਸੀ ਤੇ ਹੁਣ ਗੁਰਦਵਾਰਾ ਸ੍ਰੀ ਦਸਮੇਸ਼ ਦਰਬਾਰ ਸਰੀ ਵਿਖੇ ਸੰਗਤਾਂ ਨੂੰ 'ਗੰਗਾ ਸਾਗਰ' ਦੇ ਦਰਸ਼ਨ ਕਰਾਏ ਜਾ ਰਹੇ ਹਨ। ਸ੍ਰੀ ਰਾਏ ਅਜ਼ੀਜ਼ ਉਲ੍ਹਾ ਖਾਨ ਨੇ ਕਿਹਾ ਉਨ੍ਹਾਂ ਦੇ ਪਰਵਾਰ ਨੂੰ ਪੂਰੀ ਦੁਨੀਆ 'ਚ ਸਿੱਖ ਸੰਗਤਾਂ ਵਲੋਂ ਵੱਡਾ ਮਾਣ ਸਨਮਾਨ ਦਿੱਤਾ ਜਾਂਦਾ ਤੇ ਉਨ੍ਹਾਂ ਦੇ ਪਰਵਾਰ ਪਾਸੋਂ ਗੁਰੂ ਜੀ ਨੇ ਉਦੋਂ ਸੇਵਾ ਲਈ, ਜਦੋਂ ਗੁਰੂ ਜੀ ਦਾ ਪਰਵਾਰ ਵੱਡੇ ਦੁੱਖਾਂ 'ਚੋਂ ਲੰਘ ਰਿਹਾ ਸੀ। ਸ੍ਰੀ ਰਾਏ ਨੇ ਦੱਸਿਆ ਕਿ ਪਹਿਲੀ ਵਾਰ ਉਹ 1993 'ਚ 'ਗੰਗਾ ਸਾਗਰ' ਪੰਜਾਬ ਲੈ ਕੇ ਗਏ ਸਨ ਤੇ ਉਸ ਤੋਂ ਬਾਅਦ 2004 ਵਿਚ ਮੁੜ ਰਾਏਕੋਟ ਵਿਖੇ ਗੁਰੂ ਸਾਹਿਬ ਜੀ ਦੀ ਇਹ ਨਿਸ਼ਾਨੀ ਲੈ ਕੇ ਗਏ ਸਨ, ਜਿਥੇ ਗੁਰੂ ਜੀ ਨੇ ਇਹ ਨਿਸ਼ਾਨੀ ਉਨ੍ਹਾਂ ਦੇ ਵਡੇਰਿਆਂ ਨੂੰ ਦਿੱਤੀ ਸੀ। ਉਨ੍ਹਾਂ ਦੱਸਿਆ ਸਿੱਖ ਸੰਗਤਾਂ ਤੇ ਉਸ ਸਮੇਂ ਦੇ ਇੰਡੀਆ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਪਰਵਾਰ ਵਲੋਂ ਉਨ੍ਹਾਂ ਦੇ ਪਰਵਾਰ ਨੂੰ ਵੱਡਾ ਸਨਮਾਨ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਜੀ ਵੱਲੋਂ 'ਗੰਗਾ ਸਾਗਰ' ਦੇ ਨਾਲ ਛੋਟੀ ਕਿਰਪਾਨ ਵੀ ਉਨ੍ਹਾਂ ਦੇ ਪਰਵਾਰ ਨੂੰ ਦਿੱਤੀ ਸੀ, ਜੋ ਅੰਗਰੇਜ਼ ਸਰਕਾਰ ਜਬਰੀ ਲੈ ਗਈ ਸੀ, ਪਰ ਸਰਕਾਰ ਉਹ ਨਿਸ਼ਾਨੀ ਸੰਭਾਲੀ ਨਹੀਂ ਗਈ ਤੇ ਇੱਕ ਹੋਰ ਨਿਸ਼ਾਨੀ ਪੋਥੀ ਰੱਖਣ ਵਾਲੀ ਲੱਕੜ ਦੀ ਬਣੀ 'ਰੇਰ' ਵੀ ਸੀ, ਜੋ ਲੱਕੜੀ ਦੀ ਹੋਣ ਕਰਕੇ ਨਹੀਂ ਬਚੀ,

ਰਾਏ ਅਜ਼ੀਜ਼ ਨੇ ਕਿਹਾ ਕਿ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਗੁਰੂ ਜੀ ਤੇ ਆਪਣੇ ਪਰਵਾਰ ਨੂੰ ਮਿਲੇ 'ਗੰਗਾ ਸਾਗਰ' ਦਾ ਪੂਰਨ ਸਤਿਕਾਰ ਕਰਦੀਆਂ, ਉਨ੍ਹਾਂ ਇਸ ਮੌਕੇ ਸਿੱਖ ਸੰਗਤਾਂ ਨੂੰ ਖ਼ਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ, ਇਸ ਮੌਕੇ ਜਗਰਾਉਂ ਤੋਂ ਕੈਨੇਡਾ ਪੁੱਜੇ ਪੱਤਰਕਾਰ ਜੋਗਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਤਲਵੰਡੀ ਨੇ ਰਾਏ ਅਜ਼ੀਜ਼ ਉਲ੍ਹਾ ਖਾਨ ਨੂੰ ਫੁੱਲਾਂ ਦਾ ਬੁਕਾ ਭੇਟ ਕਰਕੇ ਸਨਮਾਨਿਤ ਕੀਤਾ।


ਸਰੀ ਸ਼ਹਿਰ ਵਿਖੇ ਰਾਏ ਅਜ਼ੀਜ਼ ਉਲ੍ਹਾ ਖਾਨ ਨੂੰ ਮਿਲਣ ਸਮੇਂ ਫੁੱਲਾਂ ਦਾ ਬੁੱਕਾ ਭੇਟ ਕਰਦੇ ਹੋਏ ਪੱਤਰਕਾਰ ਜੋਗਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਤਲਵੰਡੀ।

# ਅੱਗ ਲੱਗਣ ਕਾਰਨ 14 ਏਕੜ ਕਣਕ ਦੀ ਫਸਲ ਸੜੀ



ਸੜੀ ਕਣਕ ਦੀ ਗਿਰਦਾਵਰੀ ਕਰਦੇ ਕਾਨੂੰਗੋ ਤੇ ਪਟਵਾਰੀ, ਹਾਜ਼ਰ ਕਿਸਾਨ ਤੇ ਸਦਮੇ ਕਾਰਨ ਬੇਹਾਲ ਕਿਸਾਨ ਸੜੀ ਕਣਕ ਨੂੰ ਦੇਖਦਾ ਹੋਇਆ।

**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਬੁਢਲਾਡਾ ਰੋਡ 'ਤੇ ਰਾਤ ਆਏ ਝੱਖੜ ਸਮੇਂ ਕੁੱਝ ਪਰਿਵਾਰਾਂ ਦੀ ਵੱਡੇ ਪੱਧਰ 'ਤੇ ਕਣਕ ਸੜਨ ਦਾ ਮਾਮਲਾ ਪ੍ਰਕਾਸ਼ ਵਿੱਚ ਆਇਆ ਹੈ। ਜਦੋਂ ਤੱਕ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਆਈਆਂ, ਉਦੋਂ ਤੱਕ ਅੱਗ ਭਿਆਨਕ ਰੂਪ ਲੈ ਚੁੱਕੀ ਸੀ ਤੇ ਕਿਸਾਨਾਂ ਨੇ ਆਪਣੇ ਪੱਧਰ 'ਤੇ ਹੀ ਕਣਕ ਦੀ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ, ਜੋ ਕਿ ਲੰਮੇ ਸਮੇਂ ਵਿੱਚ ਅੱਗ ਬੁਝਾਉਣ ਵਿੱਚ ਸਫਲ ਰਹੇ। ਅੱਗ ਲੱਗਣ ਦੇ ਕਾਰਨਾਂ ਦਾ ਹਾਲੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ। ਪ੍ਰਾਪਤ ਜਾਣਕਾਰੀ ਅਨੁਸਾਰ ਬੁਢਲਾਡਾ ਰੋਡ ਤੇ ਠੇਕੇ ਤੇ ਲੈ ਕੇ ਬੀਜੀ ਗਈ ਜ਼ਮੀਨ ਵਿੱਚੋਂ ਕੁੱਝ ਘਰਾਂ ਦੀ ਖੜੀ ਕਣਕ, ਜਿਸ ਵਿੱਚ ਬਹਾਦਰ ਸਿੰਘ ਪੁੱਤਰ ਲਾਲ ਸਿੰਘ ਵਾਸੀ ਭੀਖੀ, ਰਾਮ ਸਿੰਘ ਪੁੱਤਰ ਲਾਭ ਸਿੰਘ ਵਾਸੀ ਭੀਖੀ, ਸੁਖਪਾਲ ਸਿੰਘ ਪੁੱਤਰ ਦੌਲਤ ਸਿੰਘ ਵਾਸੀ ਭੀਖੀ ਦੀ ਲੱਗਭੱਗ 13 ਏਕੜ ਤੇ ਕ੍ਰਿਸ਼ਨ ਸਿੰਘ ਪੁੱਤਰ ਪ੍ਰਲਾਦ ਚੰਦ ਵਾਸੀ ਭੀਖੀ ਸ਼ਾਮਲ ਹਨ, ਦੀ ਇੱਕ ਏਕੜ ਕਣਕ ਨੂੰ ਅੱਗ ਲੱਗ ਜਾਣ ਕਰਕੇ ਪੂਰੀ ਦੀ ਪੂਰੀ ਕਣਕ ਸਵਾਹ ਹੋ ਗਈ। ਉਕਤ ਘਟਨਾ ਦਾ ਪਤਾ ਲੱਗਣ 'ਤੇ ਨੇੜੇ ਦੇ ਲੋਕਾਂ ਤੇ ਅਨਾਊਂਸਮੈਂਟ ਰਾਹੀਂ ਬੁਲਾਏ ਲੋਕਾਂ ਨੂੰ ਅੱਗ ਬੁਝਾਉਣ ਲਈ ਕਾਫੀ ਮੁਸ਼ੱਕਤ ਕਰਨੀ ਪਈ। ਪ੍ਰਸ਼ਾਸਨ ਵੱਲੋਂ ਕਾਨੂੰਗੋ ਮਿੱਠਾ ਸਿੰਘ ਤੇ ਪਟਵਾਰੀ ਰਜਿੰਦਰ ਕੁਮਾਰ ਵੱਲੋਂ ਘਟਨਾ ਸਥਾਨ 'ਤੇ ਪੁੱਜ ਕੇ ਗਿਰਦਾਵਰੀ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਲਿਖ ਕੇ ਭੇਜਿਆ ਜਾਵੇਗਾ ਤਾਂ ਕਿ ਪੰਜਾਬ ਸਰਕਾਰ ਤੋਂ ਪੀੜਤ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਮਿਲ ਸਕੇ।

ਇਸ ਮੌਕੇ ਪੁੱਜੇ ਕਿਸਾਨ ਆਗੂ ਗੁਰਨਾਮ ਭੀਖੀ, ਧੰਨਜੀਤ ਸਿੰਘ, ਬਲਵਿੰਦਰ ਸ਼ਰਮਾ ਸਾਬਕਾ ਐੱਮ ਸੀ, ਸੁਖਦੀਪ ਸਿੰਘ ਸਾਬਕਾ ਐੱਮ ਸੀ, ਮਨਜੀਤ ਸਿੰਘ, ਲਾਲ ਸਿੰਘ ਤੇ ਗੁਰਮੀਤ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਪਰਿਵਾਰਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਤੇ ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਮਾਫ ਕੀਤਾ ਜਾਵੇ। ਇਸ ਮੌਕੇ ਐੱਸ ਐੱਚ ਓ ਕੇਵਲ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਪੁੱਜ ਕੇ ਉਕਤ ਘਟਨਾ ਦਾ ਜਾਇਜ਼ਾ ਲਿਆ ਤੇ ਅੱਗ ਬੁਝਾਉਣ ਵਿੱਚ ਮਦਦ ਕੀਤੀ।

# ਰਾਜਦੀਪ 'ਤੇ ਝੂਠਾ ਪਰਚਾ ਦਰਜ ਕਰਨ 'ਤੇ ਵਕੀਲਾਂ ਵੱਲੋਂ ਹੜਤਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਬੀਤੇ ਦਿਨ ਬਾਰ ਐਸੋਸੀਏਸ਼ਨ ਸਮਾਣਾ ਦੇ ਵਕੀਲਾਂ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤਤਲਾ ਦੀ ਅਗਵਾਈ ਹੇਠ ਹੋਈ। ਬਾਰ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਨੇ ਦੱਸਿਆ ਕਿ ਪੁਲਸ ਵੱਲੋਂ ਕਪੂਰਥਲਾ ਦੇ ਵਕੀਲ ਰਾਜਦੀਪ ਸਿੰਘ ਖਿਲਾਫ ਝੂਠਾ ਮੁਕੱਦਮਾ ਦਰਜ ਕੀਤਾ ਹੈ, ਉਸ ਝੂਠੇ ਮੁਕੱਦਮੇ ਨੂੰ ਕੈਂਸਲ ਕਰਵਾਉਣ ਲਈ ਹੜਤਾਲ ਕੀਤੀ ਗਈ ਹੈ। ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਨੇ ਦੱਸਿਆ ਕਿ ਕਪੂਰਥਲਾ ਦੀ ਬਾਰ ਐਸੋਸੀਏਸ਼ਨ ਦੀ ਸਾਰੇ ਪੰਜਾਬ ਵਿੱਚ ਹੜਤਾਲ ਕਰਨ ਦੀ ਕਾਲ ਸੀ ਕਿ ਰਾਜਦੀਪ ਸਿੰਘ ਵਕੀਲ ਖਿਲਾਫ ਪੁਲਸ ਨੇ ਝੂਠਾ ਮੁਕੱਦਮਾ ਦਰਜ ਕੀਤਾ ਹੈ, ਉਸ ਨੂੰ ਕੈਂਸਲ ਕਰਵਾਉਣ ਲਈ ਸਾਰੇ ਪੰਜਾਬ ਵਿੱਚ ਹੜਤਾਲ ਕੀਤੀ ਜਾਵੇ। ਕਪੂਰਥਲਾ ਬਾਰ ਦੀ ਕਾਲ 'ਤੇ ਉਨ੍ਹਾ ਦੇ ਹੱਕ ਵਿੱਚ ਹੜਤਾਲ ਕੀਤੀ ਗਈ। ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਅਹੁਦੇਦਾਰ ਤੇ ਬਾਰ ਮੈਂਬਰ, ਜਿਨ੍ਹਾਂ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ, ਸੈਕਟਰੀ ਗੁਰਜੋਤ ਸਿੰਘ ਵਿਰਕ, ਜੁਆਇੰਟ ਸੈਕਟਰੀ ਨਵਜੋਤ ਗਰਗ, ਕੈਸ਼ੀਅਰ ਪ੍ਰਿਥਪਾਲ ਸਿੰਘ ਰਵੇਲ, ਲਾਇਬਰੇਰੀਅਨ ਜਗਮੀਤ ਕੌਰ, ਐਗਜੈਕਟਿਵ ਮੈਂਬਰ ਸਿਵਚਰਨ ਵਰਤੀਆ, ਖਵਾਬ ਸੋਨੀ, ਜੁਵਰਾਜ ਸਿੰਘ ਵੜੈਚ ਆਦਿ ਹਾਜ਼ਰ ਸਨ।

### ਭੋਗ 'ਤੇ ਵਿਸ਼ੇਸ਼

# ਗਰੀਬਾਂ ਦੇ ਹਮਦਰਦ ਸਨ ਨੰਬਰਦਾਰ ਜਸਵੰਤ ਸਿੰਘ



ਸਰਦਾਰ ਜਸਵੰਤ ਸਿੰਘ ਨੰਬਰਦਾਰ ਪਿੰਡ ਮੋਹਕਮ ਅਰਾਈਆਂ ਵਾਲਾ ਦਾ ਜਨਮ ਸ੍ਰ. ਬੂੜ ਸਿੰਘ ਨੰਬਰਦਾਰ ਮਾਤਾ ਸ੍ਰੀਮਤੀ ਪ੍ਰੀਤਮ ਕੌਰ ਦੇ ਗ੍ਰਹਿ ਵਿਖੇ 15 ਫਰਵਰੀ 1961 ਨੂੰ ਹੋਇਆ। ਉਨ੍ਹਾ ਨੇ ਮੁੱਢਲੀ ਵਿੱਦਿਆ ਸਰਕਾਰੀ ਪ੍ਰਾਇਮਰੀ ਸਕੂਲ ਸਦਰ ਵਾਲਾ ਤੇ ਮੈਟ੍ਰਿਕ ਸਰਕਾਰੀ ਹਾਈ ਸਕੂਲ ਮੱਖੂ ਤੋਂ ਪਾਸ ਕੀਤੀ। ਆਪ ਚਾਰ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਸੰਨ 1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ ਇਹ ਪਰਵਾਰ ਤੰਗੀਆਂ ਤੁਰਸ਼ੀਆਂ ਕੱਟਦਾ ਹੋਇਆ ਪਿੰਡ ਮੋਹਕਮ ਅਰਾਈਆਂ ਵਾਲਾ ਵਿਖੇ ਆ ਕੇ ਵੱਸਿਆ ਸੀ। ਇਸ ਪਰਵਾਰ ਦਾ ਸੰਬੰਧ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਪਾਕਿਸਤਾਨ ਨਾਲ ਹੈ। ਸ੍ਰ. ਬੂੜ ਸਿੰਘ ਨੰਬਰਦਾਰ ਦੇ ਚਾਚਾ ਸ੍ਰ. ਹਜ਼ਾਰਾ ਸਿੰਘ ਨੇ ਦੇਸ਼ ਭਗਤਾਂ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਵਿੱਚ ਬਹੁਤ ਯੋਗਾਦਨ ਪਾਇਆ, ਜਿਸ ਕਾਰਨ ਸਮੇਂ ਦੀ ਬਰਤਾਨਵੀ ਸਰਕਾਰ ਵੱਲੋਂ ਉਨ੍ਹਾ ਨੂੰ ਅੰਡੇਮਾਨ ਨਿੱਕੋਬਾਰ ਦੀ ਜੇਲ੍ਹ ਵਿੱਚ ਕੈਦ ਕੀਤਾ ਗਿਆ, ਜਿੱਥੇ ਸ੍ਰ. ਹਜ਼ਾਰਾ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ। ਆਪਣੇ ਚਾਚਾ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਸ੍ਰ. ਬੂੜ ਸਿੰਘ ਨੇ ਨੇਕ ਕਮਾਈ ਕੀਤੀ ਤੇ ਹਮੇਸ਼ਾ ਗਰੀਬਾਂ ਦੇ ਹਮਦਰਦ ਰਹੇ। ਸ੍ਰ. ਜਸਵੰਤ ਸਿੰਘ ਆਪਣੇ ਪਿਤਾ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਨੰਬਰਦਾਰੀ ਕਰਦੇ ਰਹੇ ਤੇ ਆਪਣੇ ਪਿਤਾ ਜੀ ਵੱਲੋਂ ਸ਼ੁਰੂ ਕੀਤੀ ਗਈ ਆੜ੍ਹਤ ਵਿੱਚ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਦੇ ਹੋਏ ਮੱਖੂ ਮੰਡੀ ਵਿੱਚ ਸਫਲ ਆੜ੍ਹਤੀਏ ਵਜੋਂ ਸਥਾਪਤ ਹੋਏ। ਸਮਾਜ ਵਿੱਚ ਵਿਚਰਦਿਆਂ ਉਨ੍ਹਾ ਨੇ ਸਦਾ ਹੀ ਲੋਕਾਂ ਦੀ ਮਦਦ ਕੀਤੀ ਤੇ ਸਮਾਜ ਨੂੰ ਇੱਕ ਵਧੀਆ ਸੇਧ ਦੇਣ ਦੀ ਕੋਸ਼ਿਸ਼ ਕੀਤੀ। ਸ੍ਰ. ਜਸਵੰਤ ਸਿੰਘ ਦੇ ਵੱਡੇ ਭਰਾ ਸ੍ਰ. ਕਸ਼ਮੀਰ ਸਿੰਘ ਸੀ ਪੀ ਆਈ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਸਕੱਤਰ ਹਨ ਤੇ ਚੰਗਾ ਸਮਾਜ ਸਿਰਜਣ ਵਿੱਚ ਇੱਕ ਉਸਾਰੂ ਯੋਗਦਾਨ ਪਾ ਰਹੇ ਹਨ। ਸ੍ਰ. ਜਸਵੰਤ ਸਿੰਘ ਵੱਲੋਂ ਆਪਣੀਆਂ ਪਰਵਾਰਕ ਜ਼ਿੰਮੇਵਾਰੀਆਂ ਨੂੰ ਵੀ ਬਾਖੂਬੀ ਨਿਭਾਇਆ ਗਿਆ ਹੈ। ਸ੍ਰ. ਜਸਵੰਤ ਸਿੰਘ ਨੇ 15 ਦਿਨ ਫਿਰੋਜ਼ਪੁਰ ਵਿਖੇ ਤੇ 2 ਮਹੀਨੇ ਦਿੱਲੀ ਵਿਖੇ ਜੇਲ੍ਹ ਕੱਟੀ। ਸ੍ਰ. ਜਸਵੰਤ ਸਿੰਘ ਦੇ ਪ੍ਰੋਤਸਾਹਨ ਕਾਰਨ ਉਨ੍ਹਾ ਦੇ ਪੁੱਤਰ ਸ੍ਰ. ਗੁਰਜੀਤ ਸਿੰਘ ਕੁੱਲ ਹਿੰਦ ਕਿਸਾਨ ਸਭਾ ਦੇ ਉੱਘੇ ਆਗੂ ਹਨ। ਸ੍ਰ. ਗੁਰਜੀਤ ਸਿੰਘ ਵੱਲੋਂ ਕਿਸਾਨ ਵਿਰੋਧੀ ਕਾਨੂੰਨਾਂ ਦੇ ਵਿਰੋਧ ਵਿੱਚ ਦਿੱਲੀ ਦੇ ਸਿੰਘੂ ਬਾਰਡਰ 'ਤੇ ਲਗਾਏ ਗਏ ਧਰਨੇ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਗਿਆ ਹੈ। ਅੱਜ ਵੀ ਇਹ ਪਰਵਾਰ ਸਮਾਜ ਭਲਾਈ ਤੇ ਕਿਸਾਨ ਹਿਤੈਸ਼ੀ ਕੰਮਾਂ ਵਿੱਚ ਸਰਗਰਮ ਹੈ। ਸ੍ਰ. ਜਸਵੰਤ ਸਿੰਘ ਦੀ ਅੰਤਮ ਅਰਦਾਸ 19 ਅਪ੍ਰੈਲ 2023 ਨੂੰ ਗੁਰਦੁਆਰਾ ਬਾਬਾ ਬਾਠਾਂ ਵਾਲਾ ਮਖੂ ਵਿਖੇ ਹੋਵੇਗੀ।

*-ਰਸ਼ਪਾਲ ਸਿੰਘ ਸੰਧੂ*

## ਕਾਤਰਾਂ

### ਫਸਟ ਚੁਆਇਸ ਇਮੀਗ੍ਰੇਸ਼ਨ ਦੇ ਵਿਦਿਆਰਥੀ ਹਰਪ੍ਰੀਤ ਸਿੰਘ ਨੇ 7 ਬੈਂਡ ਲਏ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਨਾਮਵਰ ਇਮੀਗ੍ਰੇਸ਼ਨ ਤੇ ਆਈਲਟਸ ਸੰਸਥਾ ਫਸਟ ਚੁਆਇਸ ਇਮੀਗ੍ਰੇਸ਼ਨ ਅਤੇ ਆਈਲਟਸ ਇੰਸਟੀਚਿਊਟ ਮਹਿਲ ਕਲਾਂ ਨੇ ਫਿਰ ਵੱਡੀ ਸਫਲਤਾ ਹਾਸਲ ਕੀਤੀ। ਫਸਟ ਚੁਆਇਸ ਇਮੀਗ੍ਰੇਸ਼ਨ ਤੇ ਆਈਲਟਸ ਇੰਸਟੀਚਿਊਟ ਮਹਿਲ ਕਲਾਂ (ਬਰਨਾਲਾ) ਦੇ ਵਿਦਿਆਰਥੀ ਹਰਪ੍ਰੀਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਮਹਿਲ ਕਲਾਂ ਨੇ ਸਿਰਫ ਕੁਝ ਮਹੀਨੇ ਦੀ ਕੋਚਿੰਗ ਲੈਣ ਤੋਂ ਬਾਅਦ 7 ਬੈਂਡ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ। ਇਸ ਮੌਕੇ ਵਿਦਿਆਰਥੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੇਰੇ ਵਧੀਆ ਸਕੋਰ ਪ੍ਰਾਪਤ ਕਰਨ ਵਿੱਚ ਇਸ ਸੰਸਥਾ ਦੇ ਮਿਹਨਤੀ ਸਟਾਫ਼ ਦਾ ਵੱਡਾ ਹੱਥ ਹੈ। ਸੰਸਥਾ ਦੇ ਡਾਇਰੈਕਟਰ ਸ੍ਰ. ਜਗਜੀਤ ਸਿੰਘ ਮਾਹਲ ਨੇ ਸਾਰੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਕੋਚਿੰਗ ਤੇ ਆਪਣੀ ਫਾਈਲ ਪ੍ਰੋਸੈਸਿੰਗ ਹਮੇਸ਼ਾ ਮਾਨਤਾ ਪ੍ਰਾਪਤ ਸੰਸਥਾਵਾਂ ਤੋਂ ਹੀ ਕਰਵਾਉਣੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿੱਚ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਮੈਡਮ ਲਵਲੀਨ ਕੌਸ਼ਿਕ, ਲਵਪ੍ਰੀਤ ਕੌਰ, ਰੀਤੂ, ਅਮਨਦੀਪ ਕੌਰ, ਜਸਪ੍ਰੀਤ ਕੌਰ, ਰਾਜ ਸਿੰਘ, ਸੁਖਪ੍ਰੀਤ ਕੌਰ, ਗੁਰਪ੍ਰੀਤ ਕੌਰ ਤੇ ਰਾਣੀ ਕੌਰ ਆਦਿ ਹਾਜ਼ਰ ਸਨ।

### ਇੰਗਲਿਸ਼ ਸਟੂਡੀਓ ਨੇ ਲਵਾਇਆ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ 'ਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦਾ ਵਿਦਿਆਰਥੀ ਕਰਨਵੀਰ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਮਾਹਲਾ ਮੋਗਾ, ਰਾਣੀ ਪੁੱਤਰੀ ਗੋਗੀ ਰਾਮ ਵਾਸੀ ਪਿੰਡ ਰਾਜੇਆਣਾ ਮੋਗਾ ਦਾ ਆਸਟਰੇਲੀਆ ਦਾ ਸਟੱਡੀ ਵੀਜ਼ਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਜ਼ਿੰਦਗੀ ਮਿਊਜ਼ਿਕ ਪਲੇਅਰ ਨਹੀਂ, ਇੱਕ ਰੇਡੀਓ ਹੈ-ਬੀ ਕੇ ਸਾਂਤਨੂੰ



**ਜੈਤੋ (ਸਤੀਸ਼ ਕੁਮਾਰ ਭੀਰੀ)**-ਜਦੋਂ ਇਕੱਲਾਪਣ ਲੱਗਣ ਲੱਗੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਪ੍ਰਮਾਤਮਾ ਨੇ ਤੁਹਾਨੂੰ ਚੁਣ ਲਿਆ ਹੈ, ਇਸ ਲਈ ਭੀੜ 'ਚੋਂ ਬਾਹਰ ਕੱਢ ਕੇ ਇਕੱਲਾ ਕਰ ਦਿੱਤਾ ਅਤੇ ਕਹਿ ਰਿਹਾ ਹੈ ਕਿ ਸਿਰਫ ਤੂੰ ਮੇਰੀ ਰਾਹ ਦਾ ਮੁਸਾਫਰ ਹੈਂ ਜਿੱਥੇ ਮੈਂ ਹਾਂ ਉਹੀ ਤੇਰੀ ਮੰਜ਼ਲ ਹੈ। ਇਹ ਗੱਲਾਂ ਮਾਊਂਟ ਆਬੂ ਈਸ਼ਵਰੀਆ ਵਿਸ਼ਵ ਵਿਦਿਆਲਿਆ ਮੀਡੀਆ ਵਿੰਗ ਦੇ ਰਾਸ਼ਟਰੀ ਇੰਚਾਰਜ ਬੀ ਕੇ ਸਾਂਤਨੂੰ ਨੇ ਮੀਡੀਆ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਕਹੀਆਂ। ਬੀ ਕੇ ਸਾਂਤਨੂੰ ਨੇ ਅੱਗੇ ਕਿਹਾ ਕਿ ਉਚਾਈ ਤੇ ਉਹੀ ਪਹੁੰਚ ਸਕਦੇ ਹਨ ਜੋ ਬਦਲਾ ਲੈਣ ਦੀ ਥਾਂ ਤੇ ਪਰਿਵਰਤਨ ਦੀ ਸੋਚ ਰੱਖਦੇ ਹਨ। ਉਨ੍ਹਾਂ ਨੇ ਕਿਹਾ ਕਿ ਸਾਡੀ ਜ਼ਿੰਦਗੀ ਮਿਊਜ਼ਿਕ ਪਲੇਅਰ ਨਹੀਂ ਹੈ, ਜਿਸ ਵਿੱਚ ਅਸੀਂ ਆਪਣੀ ਮਨ ਪਸੰਦ ਦੇ ਗੀਤ ਸੁਣ ਸਕੀਏ ਬਲਕਿ ਸਾਡੀ ਜ਼ਿੰਦਗੀ ਇੱਕ ਰੇਡੀਓ ਹੈ, ਜਿਸ ਵਿੱਚ ਜੋ ਵੀ ਆ ਰਿਹਾ ਹੈ, ਉਸ ਨਾਲ ਹੀ ਮਨੋਰੰਜਨ ਕਰੀਏ।

### ਮਾਤਾ-ਪਿਤਾ ਦੀ ਯਾਦ 'ਚ ਪੁੰਨ ਦਾ ਕੰਮ ਕਰਨਾ ਸ਼ਲਾਘਾਯੋਗ ਕਦਮ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਆਪਣੇ ਮਾਤਾ ਪਿਤਾ ਦੀ ਯਾਦ ਵਿੱਚ ਪੁੰਨ ਦਾ ਕੰਮ ਕਰਨਾ ਬਹੁਤ ਹੀ ਸ਼ਲਾਘਾਯੋਗ ਕਦਮ ਹੁੰਦਾ ਹੈ ਤੇ ਸਾਨੂੰ ਸਾਰਿਆਂ ਨੂੰ ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਅਜਿਹੇ ਕਾਰਜ ਕਰਦੇ ਰਹਿਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਸਥਾਨਕ ਬਠਿੰਡਾ ਰੋਡ ਵਿਖੇ ਗਿਰਧਰ ਮੈਡੀਕਲ ਸ਼ੌਪ ਦੇ ਬਾਹਰ ਅਜੈ ਗਿਰਧਰ ਤੇ ਸੰਜੇ ਗਿਰਧਰ ਵੱਲੋਂ ਆਪਣੇ ਮਾਤਾ ਸੰਗੀਤਾ ਦੇਵੀ ਤੇ ਪਿਤਾ ਗਿਆਨ ਚੰਦ ਦੀ ਯਾਦ ਵਿੱਚ ਲਗਾਏ ਲੰਗਰ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਕੀਤਾ। ਇਸ ਦੌਰਾਨ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਦਾਲ ਤੇ ਪ੍ਰਸ਼ਾਦੇ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਪ੍ਰਨਾਮ ਗਿਰਧਰ, ਵਿਜੈ ਵਰਮਾ ਐਡਵੋਕੇਟ, ਸੁਰਿੰਦਰ ਗਿਰਧਰ, ਵਿਕਰਮ ਵਰਮਾ ਐਡਵੋਕੇਟ, ਅਸ਼ੋਕ ਨਾਰੰਗ, ਅਜੈ ਨਾਰੰਗ, ਸੰਜੀਵ ਵਧਵਾ, ਸੋਨੂੰ ਖੁਰਾਣਾ, ਕਾਕੂ ਵਰਮਾ, ਰੰਜੀਵ ਵਧਵਾ, ਲੱਕੀ ਸਿੰਗਲਾ, ਵਿਨੋਦ ਲੂਣਾ, ਅਸੋਕ ਗਿਰਧਰ, ਟਿੰਕੂ ਸਚਦੇਵਾ ਆਦਿ ਹਾਜ਼ਰ ਸਨ।

# ਹਰਮਿੰਦਰ ਸਾਹਿਬ ਵਿਖੇ ਪਹਿਰੇਦਾਰ ਨਾਲ ਵਾਦ-ਵਿਵਾਦ ਜਾਣ-ਬੁੱਝ ਕੇ ਖੜ੍ਹਾ ਕੀਤਾ ਗਿਆ : ਸਿੱਧੂ ਲੌਂਗੋਵਾਲ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਹਲਕਾ ਇੰਚਾਰਜ ਸੁਨਾਮ ਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਕਿਹਾ ਹੈ ਕਿ ਸੱਚਖੰਡ ਹਰਮਿੰਦਰ ਸਾਹਿਬ ਦੇ ਚਾਰ ਦਰਵਾਜ਼ੇ ਇਸ ਗੱਲ ਦੇ ਪ੍ਰਤੀਕ ਹਨ ਕਿ ਬਿਨਾਂ ਕਿਸੇ ਭੇਦ ਭਾਵ ਦੇ ਹਰ ਕੋਈ ਪਰਮਾਤਮਾ ਦੇ ਦਰ 'ਤੇ ਸਿਜਦਾ ਕਰ ਸਕਦਾ ਹੈ, ਪਰ ਇਸ ਦਾ ਕਦਾਚਿਤ ਇਹ ਮਤਲਬ ਨਹੀਂ ਕਿ ਕੋਈ ਗੁਰਮਰਿਯਾਦਾ ਦੀ ਉਲੰਘਣਾ ਕਰੇ ਤੇ ਉੱਤੋਂ ਪਹਿਰੇਦਾਰ ਸਿੰਘ ਨਾਲ ਬਦਨੀਤ ਸੋਚ ਤਹਿਤ ਵਾਦ-ਵਿਵਾਦ ਕਰੇ, ਸੋਸ਼ਲ ਮੀਡੀਆ ਦੀ ਵੀਡੀਓ ਅਨੁਸਾਰ ਇੱਕ ਗ਼ੈਰ ਸਿੱਖ ਕੁੜੀ ਨੇ ਮੂੰਹ 'ਤੇ ਤਿੰਨ ਰੰਗਾ ਪੇਂਟ ਕੀਤਾ ਸੀ ਤੇ ਦਰਬਾਰ ਸਾਹਿਬ ਜਾਣ ਦੀ ਕੋਸ਼ਿਸ਼ ਕਰ ਰਹੀ ਸੀ, ਪਹਿਰੇਦਾਰ ਸਿੰਘ ਦੇ ਸਮਝਾਉਣ ਤੇ ਰੋਕਣ 'ਤੇ ਉਸ ਨੇ ਗਲਤ ਭਾਸ਼ਾ ਦੀ ਵਰਤੋਂ ਕੀਤੀ। ਦਰਸ਼ਨੀ ਡਿਉੜੀ 'ਤੇ ਪਹਿਰਾ ਦੇ ਰਹੇ ਸਿੰਘ ਨੇ ਮਰਿਆਦਾ ਅਨੁਸਾਰ ਸੁਚੱਜੀ ਪਹਿਰੇਦਾਰੀ ਕੀਤੀ ਹੈ, ਜੋ ਬੇਹੱਦ ਸ਼ਲਾਘਾਯੋਗ ਕਾਰਜ ਹੈ। ਭਾਰਤ ਵਿੱਚ ਕੁੱਝ ਹਿੰਦੂ ਮੰਦਰਾਂ ਵਿੱਚ ਔਰਤਾਂ ਨੂੰ ਜਾਂ ਵਿਸ਼ੇਸ਼ ਵਰਗ (ਅਖੌਤੀ ਸੂਦਰ ਜਾਤਾਂ) ਨੂੰ ਮੰਦਰ ਵਿੱਚ ਜਾਣ ਦੀ ਮਨਾਹੀ ਹੈ, ਪਰ ਇਹ ਲੋਕ ਕਦੀ ਵੀ ਉੱਥੇ ਜਾ ਕੇ ਇਸ ਤਰ੍ਹਾਂ ਦਾ ਵਿਰੋਧ ਨਹੀਂ ਕਰਦੇ, ਉਨ੍ਹਾਂ ਨੂੰ ਨਹੀਂ ਕਹਿੰਦੇ ਕਿ ਇਹ ਭਾਰਤ ਹੈ ਸਾਨੂੰ ਮੰਦਰ ਵਿੱਚ ਜਾਣ ਦੀ ਕਿਉਂ ਇਜਾਜ਼ਤ ਨਹੀਂ, ਪਰ ਇਹ ਲੋਕ ਸਿੱਖ ਸਿਧਾਂਤਾਂ ਦੇ ਨਿਆਰੇਪਣ ਦਾ ਨਜਾਇਜ਼ ਫ਼ਾਇਦਾ ਚੁੱਕਦੇ ਹਨ। ਕੌਮ ਨੂੰ ਸੁਚੇਤ ਹੋ ਕੇ ਸੱਚਖੰਡ ਹਰਮਿੰਦਰ ਸਾਹਿਬ ਦੀ ਪਵਿੱਤਰਤਾ ਮਰਿਆਦਾ ਦੀ ਪਹਿਰੇਦਾਰੀ ਕਰਦਿਆਂ ਸੰਸਾਰ ਨੂੰ ਦੱਸਣਾ ਪਵੇਗਾ ਕਿ ਇਹ ਗੁਰੂ ਦਾ ਦਰ ਪਿਕਨਿਕ ਸਪੌਟ ਜਾਂ ਸੈਰਗਾਹ ਨਹੀਂ ਹੈ।

ਦੋਵਾਂ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਕਿ ਉਹ ਦਰਬਾਰ ਸਾਹਿਬ ਦੀ ਮਾਣ ਮਰਿਯਾਦਾ ਨੂੰ ਹਰ ਪਲ ਕਾਇਮ ਰੱਖਣ ਲਈ ਬਾਜ ਅੱਖ ਵਾਲੇ ਸੂਝਵਾਨ ਪਹਿਰੇਦਾਰਾ ਦੀ ਡਿਊਟੀ ਨੂੰ ਹੋਰ ਮਜਬੂਤ ਕਰਨ ਤੇ ਜੋ ਚੰਗੀ ਡਿਊਟੀ ਨਿਭਾ ਰਹੇ ਹਨ, ਉਨ੍ਹਾਂ ਨੂੰ ਸ਼ਲਾਘਾਯੋਗ ਸੇਵਾਵਾਂ ਬਦਲੇ ਤਰੱਕੀਆਂ ਦੇਣ।

# ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਤੇ ਪੰਜਾਬ ਪੁਲਸ ਆਹਮੋ-ਸਾਹਮਣੇ ?

**ਜਗਰਾਉਂ (ਨਛੱਤਰ ਸੰਧੂ)**

ਅਨੁਸੂਚਿਤ ਜਾਤੀ ਦੀ ਮਾਂ-ਧੀ ਤੇ ਭਰਾ-ਭਰਜਾਈ ਨੂੰ ਥਾਣੇ ਨਜਾਇਜ਼ ਹਿਰਾਸਤ 'ਚ ਰੱਖ ਕੇ ਅੱਤਿਆਚਾਰ ਕਰਨ ਤੇ ਕਰੰਟ ਲਗਾਉਣ ਸਬੰਧੀ ਦਰਜ ਕੀਤੇ ਮੁਕੱਦਮੇ ਨੂੰ ਖਾਰਜ ਕਰਨ ਦੇ ਸਨਮੁੱਖ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਤੇ ਪੰਜਾਬ ਪੁਲਸ ਆਹਮੋਂ-ਸਾਹਮਣੇ ਖੜ ਗਏ ਲੱਗਦੇ ਹਨ। ਇਸ ਸਬੰਧੀ ਅੱਜ ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਤੇ ਪੀੜਤ ਭਰਾ ਇੰਜੀ. ਦਰਸ਼ਨ ਸਿੰਘ ਧਾਲੀਵਾਲ ਨੇ ਪੰਜਾਬ ਪੁਲਸ ਦੇ ਇੰਟੈਲੀਜੈਂਸ ਅਧਿਕਾਰੀਆਂ ਨਾਲ ਮੁਲਾਕਾਤ ਤੋਂ ਬਾਅਦ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਾਲ੍ਹੀ ਬਣਾਏ ਥਾਣਾ ਸਿਟੀ ਜਗਰਾਉਂ ਦੇ ਜਾਲ੍ਹੀ ਬਣੇ ਰਹੇ ਐੱਸ.ਆਈ./ਐੱਸ.ਐੱਚ.ਓ. ਗੁਰਿੰਦਰ ਬੱਲ ਤੇ ਏ.ਐੱਸ.ਆਈ. ਰਾਜਵੀਰ ਸਿੰਘ ਵੱਲੋਂ ਉਸ ਦੀ ਮਾਤਾ ਤੇ ਭੈਣ ਨੂੰ ਸਮੇਤ ਉਸ ਦੇ ਅਤੇ ਭਰਾ-ਭਰਜਾਈ ਦੇ ਨਜਾਇਜ਼ ਹਿਰਾਸਤ ਵਿੱਚ ਥਾਣੇ ਰੱਖ ਕੇ ਨਾ ਸਿਰਫ ਅੱਤਿਆਚਾਰ ਕੀਤੇ, ਸਗੋਂ ਅੱਤਿਆਚਾਰਾਂ ਨੂੰ ਛੁਪਾਉਣ ਲਈ ਪਰਿਵਾਰ ਨੂੰ ਝੂਠੇ ਕੇਸਾਂ ਵਿੱਚ ਵੀ ਫਸਾਇਆ। ਉਨ੍ਹਾਂ ਦੱਸਿਆ ਕਿ ਪੁਲਸ ਦੇ ਕਰੰਟ ਲਗਾਉਣ ਨਾਲ ਨਕਾਰਾ ਹੋਈ ਉਨ੍ਹਾਂ ਦੀ ਭੈਣ ਕੁਲਵੰਤ ਕੌਰ ਦੀ ਦਸੰਬਰ 2021 ਵਿੱਚ ਮੌਤ ਹੋ ਗਈ ਸੀ ਤੇ ਤੱਤਕਾਲੀ ਜ਼ਿਲ੍ਹਾ ਪੁਲਸ ਮੁਖੀ ਰਾਜਬਚਨ ਸਿੰਘ ਸੰਧੂ ਨੇ ਅੱਤਿਆਚਾਰਾਂ ਲਈ ਜ਼ਿੰਮੇਵਾਰ ਡੀ ਐੱਸ ਪੀ ਗੁਰਿੰਦਰ ਬੱਲ,

### ਮਾਮਲਾ ਮਾਂ-ਧੀ ਨੂੰ ਨਜਾਇਜ਼ ਹਿਰਾਸਤ 'ਚ ਰੱਖ ਅੱਤਿਆਚਾਰ ਕਰਨ ਦਾ



ਜਾਣਕਾਰੀ ਦਿੰਦੇ ਪੀੜਤ ਪਰਵਾਰ ਦੇ ਮੈਂਬਰ।

ਐੱਸ ਆਈ ਰਾਜਵੀਰ ਤੇ ਪੰਚ ਧਿਆਨ ਸਿੰਘ-ਸਰਪੰਚ ਹਰਜੀਤ ਸਿੰਘ ਖਿਲਾਫ ਸੰਗੀਨ ਧਾਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ ਸੀ, ਪਰ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ ਸਬੰਧੀ ਮਾਮਲੇ ਦੀ ਸੁਣਵਾਈ ਕਰਦਿਆਂ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਵੱਲੋਂ 28 ਮਾਰਚ 2023 ਨੂੰ ਜਾਰੀ ਕੀਤੇ ਹੁਕਮਾਂ ਦੇ ਉਲਟ ਦਰਜ ਕੀਤੇ ਮੁਕੱਦਮੇ ਨੂੰ ਖਾਰਜ ਕਰ ਦਿੱਤਾ ਹੈ, ਜੋ ਕਿ ਨਾ ਸਿਰਫ ਪੀੜਤ ਨਾਲ ਧੱਕਾ ਹੈ, ਸਗੋਂ ਕੌਮੀ ਕਮਿਸ਼ਨ ਦੇ ਹੁਕਮਾਂ ਦੀ ਘੋਰ ਅਵੱਗਿਆ ਹੈ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਪਰਿਵਾਰ 'ਤੇ ਅੱਤਿਆਚਾਰ ਸਬੰਧੀ ਡੀਜੀਪੀ/ਇੰਟੈਲੀਜੈਂਸ ਤੇ ਡੀਜੀਪੀ/ਮਨੁੱਖੀ ਅਧਿਕਾਰ ਦੀਆਂ ਪੜਤਾਲਾਂ ਅਤੇ ਦਸਤਾਵੇਜ਼ੀ ਸਬੂਤਾਂ ਨੂੰ ਨਜ਼ਰ ਅੰਦਾਜ਼ ਕਰਦਿਆਂ ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਦੋਸ਼ੀ ਪੁਲਸ ਮੁਲਾਜ਼ਮਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਾਬਲੇਗੌਰ ਹੈ ਕਿ ਪੁਲਸ ਦੇ ਪੱਖਪਾਤੀ ਵਤੀਰੇ ਖਿਲਾਫ ਪਰਿਵਾਰ ਤੇ ਸਮਾਜਸੇਵੀ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਇੱਕ ਸਾਲ ਤੋਂ ਥਾਣੇ ਮੂਹਰੇ ਲਗਾਤਾਰ ਧਰਨਾ ਲਗਾਇਆ ਹੋਇਆ ਹੈ ਤੇ ਪਰਿਵਾਰ 19 ਸਾਲ ਤੋਂ ਨਿਆਂ ਲਈ ਲੜ ਰਿਹਾ ਹੈ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਹਰ ਸੰਭਵ ਲੜਾਈ ਜਾਰੀ ਰੱਖੇਗਾ। ਰਸੂਲਪੁਰ ਅਨੁਸਾਰ ਕੌਮੀ ਕਮਿਸ਼ਨ ਨੇ ਛੂਤਛਾਤ ਰੋਕੂ ਐਕਟ 1989 ਦੀ ਧਾਰਾ 4 ਅਧੀਨ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਚਲਾਣ ਪੇਸ਼ ਕਰਨ ਤੇ ਪੀੜਤਾਂ ਨੂੰ ਰੂਲਜ਼ 1955 ਅਧੀਨ ਬਣਦਾ ਮੁਆਵਜ਼ਾ ਦੇਣ ਦੇ ਅਦੇਸ਼ ਦਿੱਤੇ ਹਨ, ਪਰ ਪੁਲਸ ਨੇ ਹੁਕਮਾਂ ਨੂੰ ਦਰਕਿਨਾਰ ਕਰਦਿਆਂ ਮੁਕੱਦਮੇ ਨੂੰ ਖਾਰਜ ਕਰ ਦਿੱਤਾ ਹੈ। ਪੀੜਤ ਪਰਿਵਾਰ ਅਨੁਸਾਰ ਉਨ੍ਹਾਂ ਅੱਜ ਹੁਕਮਾਂ ਦੀ ਅਵੱਗਿਆ ਸਬੰਧੀ ਇੰਟੈਲੀਜੈਂਸ ਵਿਭਾਗ ਤੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਹੈ।

# ਡਾ. ਅੰਬੇਡਕਰ ਦਾ ਜਨਮ ਦਿਨ ਘਰ ਦੀ ਛੱਤ 'ਤੇ ਬੁੱਤ ਲਾ ਕੇ ਮਨਾਇਆ

**ਧੂਰੀ (ਸੁਖਦੇਵ ਧੂਰੀ)**

ਪਿਛਲੇ ਦਿਨੀਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਪੂਰੀ ਦੁਨੀਆ ਵਿੱਚ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸੇ ਲੜੀ ਤਹਿਤ ਪਿੰਡ ਘਨੌਰੀ ਕਲਾਂ ਵਿਖੇ ਦਰਸ਼ਨ ਸਿੰਘ ਦਰਸੀ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਵੱਖਰੇ ਤੌਰ 'ਤੇ ਮਨਾਇਆ ਗਿਆ। ਉਨ੍ਹਾਂ ਵੱਲੋਂ ਆਪਣੇ ਘਰ ਦੀ ਛੱਤ ਉਪਰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਬੁੱਤ ਸਥਾਪਤ ਕੀਤਾ। ਇਸ ਬੁੱਤ ਦਾ ਉਦਘਾਟਨ ਕਰਨ ਲਈ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਡਾਕਟਰ ਮੱਖਣ ਸਿੰਘ ਹਲਕਾ ਇੰਚਾਰਜ ਨੇ ਕੀਤਾ।



ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੰਗਰੂਰ ਬਹੁਜਨ ਸਮਾਜ ਪਾਰਟੀ ਅਮਰੀਕ ਸਿੰਘ ਕੈਂਥ, ਜ਼ਿਲ੍ਹਾ ਪ੍ਰਧਾਨ ਬਰਨਾਲਾ ਸਰਬਜੀਤ ਸਿੰਘ ਖੇੜੀ, ਬਹੁਜਨ ਸਮਾਜ ਪਾਰਟੀ ਦੇ ਮਿਸਨਰੀ ਆਗੂ ਹਲਕਾ ਮਹਿਲ ਕਲਾਂ ਡਾਕਟਰ ਸੋਮਾ ਸਿੰਘ ਗੰਡੇਵਾਲ, ਪਵਿੱਤਰ ਸਿੰਘ ਹਲਕਾ ਇੰਚਾਰਜ ਸੁਨਾਮ, ਡਾਕਟਰ ਜਗਜੀਵਨ ਸਿੰਘ ਸ਼ੇਰਪੁਰ, ਸਾਬਕਾ ਸਰਪੰਚ ਕਰਮਜੀਤ ਸਿੰਘ ਘਨੌਰੀ ਕਲਾਂ, ਸਾਬਕਾ ਪੰਚ ਬਲਦੇਵ ਸਿੰਘ ਘਨੌਰੀ ਕਲਾਂ, ਬਹੁਜਨ ਸਮਾਜ ਪਾਰਟੀ ਦੇ ਮਿਸਨਰੀ ਆਗੂ ਅਵਤਾਰ ਸਿੰਘ ਘਨੌਰੀ ਕਲਾਂ, ਸਾਬਕਾ ਸੈਨਿਕਾਂ ਨਿਰਭੈ ਸਿੰਘ ਘਨੌਰੀ ਕਲਾਂ, ਸਾਬਕਾ ਸੈਨਿਕ ਪ੍ਰੀਤਮ ਸਿੰਘ ਘਨੌਰੀ ਕਲਾਂ ਤੇ ਪੱਤਰਕਾਰ ਸੱਤਪਾਲ ਕਾਲਾਬੂਲਾ ਵੀ ਹਾਜ਼ਰ ਸਨ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਏ ਡੀ ਸੀ ਨੂੰ ਸੌਂਪਿਆ ਮੰਗ ਪੱਤਰ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਏਡੀਸੀ ਵਿਕਾਸ ਫਾਜ਼ਿਲਕਾ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਕੋਰ ਕਮੇਟੀ ਮੈਂਬਰ ਜਗਦੀਸ਼ ਸਿੰਘ ਮਨਸਾ ਨੇ ਮੰਗਾਂ ਸਬੰਧੀ ਦੱਸਦਿਆਂ ਕਿਹਾ ਕਿ ਬੇਮੌਸਮੀ ਬਾਰਸ਼, ਝੱਖੜ ਤੇ ਗੜਿਆਂ ਨਾਲ ਤਬਾਹ ਹੋਈ ਕਣਕ ਦੀ ਫਸਲ ਦੇ ਦਾਣੇ ਸੁੰਗੜਨ ਤੇ ਬਦਰੰਗ ਹੋਣ ਦਾ ਬਹਾਨਾ ਬਣਾ ਕੇ 6% ਤੋਂ 18% ਤੱਕ 31.87 ਪੈਸੇ ਕੱਟ ਲਾਉਣ ਦਾ ਫੈਸਲਾ ਕੇਂਦਰ ਸਰਕਾਰ ਤੁਰੰਤ ਵਾਪਸ ਲਵੇ। ਬਗੈਰ ਕਿਸੇ ਵੈਲਿਊ ਕੱਟ ਦੇ ਕਿਸਾਨਾਂ ਦੀ ਸਾਰੀ ਕਣਕ ਦੀ ਖ੍ਰੀਦ ਕੀਤੀ ਜਾਵੇ ਤੇ 300/- ਰੁਪਏ ਪ੍ਰਤੀ ਕੁਇੰਟਲ ਕਣਕ ਦੀ ਫਸਲ 'ਤੇ ਬੋਨਸ ਦਿੱਤਾ ਜਾਵੇ। ਭਾਰੀ ਬਾਰਸ਼ਾਂ ਨਾਲ ਤਬਾਹ ਹੋਈ ਕਣਕ ਦੀ ਫਸਲ ਸਮੇਤ ਸਾਰੀਆਂ ਫਸਲਾਂ ਦੀ ਸਪੈਸ਼ਲ ਗਿਰਦਾਵਰੀ ਕਰਵਾ ਕੇ ਖੇਤ ਨੂੰ ਇਕਾਈ ਮੰਨ ਕੇ 50000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਸਰਕਾਰੀ ਤੇ ਨਿੱਜੀ ਬੈਂਕਾਂ ਵਿੱਚ ਕਿਸਾਨਾਂ ਮਜ਼ਦੂਰਾਂ ਦੀਆਂ ਕਰਜ਼ੇ ਦੀਆਂ ਕਿਸ਼ਤਾਂ ਇੱਕ ਸਾਲ ਅੱਗੇ ਪਾਈਆਂ ਜਾਣ ਤੇ ਸਾਰੇ ਕਰਜ਼ੇ ਦਾ ਇਕ ਸਾਲ ਦਾ ਵਿਆਜ ਖਤਮ ਕੀਤਾ ਜਾਵੇ। ਕਿਸਾਨਾਂ ਮਜ਼ਦੂਰਾਂ ਦਾ ਕਾਰਪੋਰੇਟ ਘਰਾਣਿਆਂ ਦੀ ਤਰਜ਼ ਉੱਤੇ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ। ਖੇਤ ਮਜ਼ਦੂਰਾਂ ਵੱਲੋਂ ਫਸਲ ਸੰਭਾਲਣ ਦੇ ਸੀਜ਼ਨ ਵਿੱਚ ਕੀਤੀ ਜਾਣ ਵਾਲੀ ਕਮਾਈ ਦਾ 50% ਮੁਆਵਜ਼ਾ ਪੰਜਾਬ ਸਰਕਾਰ ਵੱਲੋਂ ਦਿੱਤਾ ਜਾਵੇ। ਛੇ ਜ਼ਿਲ੍ਹਿਆਂ 'ਚ 8 ਸਾਈਲ ਗੋਦਾਮਾਂ ਨੂੰ ਨਿੱਜੀ ਮੰਡੀਆਂ ਐਲਾਨਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ ਤੇ ਏ.ਪੀ.ਐੱਮ.ਸੀ. ਐਕਟ ਵਿੱਚ ਨਿੱਜੀ ਮੰਡੀਆਂ ਖੋਲ੍ਹਣ ਵਾਲੀ ਸੋਧ ਰੱਦ ਕੀਤੀ ਜਾਵੇ ਆਦਿ। ਇਸ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਜਲਦੀ ਪੂਰੀਆਂ ਨਹੀਂ ਹੁੰਦੀਆਂ ਤਾਂ ਉਨ੍ਹਾਂ ਵੱਲੋਂ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।



# ਮਾਣੂੰਕੇ ਦੀ ਮਿਹਨਤ ਸਦਕਾ ਵਿਕਾਸ ਕਾਰਜਾਂ 'ਚ ਆਈ ਤੇਜ਼ੀ : ਇੰਦਰਜੀਤ ਲੰਮਾ



**ਜਗਰਾਉਂ (ਅਮਿਤ ਖੰਨਾ)**-ਮੈਡਮ ਸਰਬਜੀਤ ਕੌਰ ਮਾਣੂੰਕੇ ਦੀ ਮਿਹਨਤ ਸਦਕਾ ਹਲਕੇ ਦੇ ਵਿਕਾਸ ਕਾਰਜ ਤੇਜ਼ੀ ਨਾਲ ਹੋ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਮਾਜ ਸੇਵੀ ਇੰਦਰਜੀਤ ਲੰਮਾ ਨੇ ਕਿਹਾ ਕਿ ਬੀਬੀ ਮਾਣੂੰਕੇ ਦਾ ਮੁੱਖ ਮਕਸਦ ਹਲਕੇ ਨੂੰ ਵੱਖਰੀ ਪਛਾਣ ਦੇਣਾ ਹੈ। ਇਸਦੀ ਤਾਜ਼ਾ ਉਦਹਾਰਣ ਜਗਰਾਉਂ ਪੰਜ ਨੰਬਰ ਚੁੰਗੀ ਤੇ ਡਾ. ਅੰਬੇਡਕਰ ਸਾਹਿਬ ਚੌਕ ਦਾ ਕੰਮ ਸ਼ੁਰੂ ਕਰਾਉਣਾ ਤੇ ਪਿੰਡ ਪੋਨਾ ਵਾਸੀਆਂ ਨੂੰ ਗੰਦੇ ਪਾਣੀ ਦੀ ਨਿਕਾਸੀ ਲਈ ਥੋੜ੍ਹੇ ਸਮੇਂ 'ਚ ਨਵਾਂ ਛੱਪੜ ਬਣਵਾ ਕੇ ਦੇਣਾ। ਇਸ ਤੋਂ ਇਲਾਵਾ ਅਖਾੜਾ ਨਹਿਰ ਦੇ ਨਵੇਂ ਪੁਲ ਦਾ ਕੰਮ ਵੀ ਜਲਦੀ ਹੀ ਸ਼ੁਰੂ ਕਰਾ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਮੈਡਮ ਸਰਬਜੀਤ ਕੌਰ ਮਾਣੂੰਕੇ ਦੇ ਕੰਮਾਂ ਦੀ ਗੱਲ ਕਰੀਏ ਤਾਂ ਬਿਜਲੀ ਵਿਭਾਗ ਦਾ ਟੀ.ਆਰ.ਵਾਈ.ਉਪ ਮੰਡਲ (ਜਿੱਥੇ ਲੋਕਾਂ ਦੇ ਸੜੇ ਹੋਏ ਟਰਾਂਸਫਾਰਮਰ ਬਦਲੀ ਕੀਤੇ ਜਾਂਦੇ ਹਨ), ਨੂੰ ਮੁੜ ਚਾਲੂ ਕਰਾਇਆ, ਜਿਸ ਨੂੰ ਕਾਂਗਰਸ ਸਰਕਾਰ ਸਮੇਂ ਬੰਦ ਕਰ ਦਿੱਤਾ ਗਿਆ ਸੀ। ਜਗਰਾਉਂ ਸ਼ਹਿਰ ਦੇ ਕਮਲ ਚੌਕ 'ਤੇ ਪੁਰਾਣੀ ਦਾਣਾ ਮੰਡੀ ਵਿੱਚ ਖੜਦੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਕਰੋੜਾਂ ਰੁਪਏ ਮੰਨਜ਼ੂਰ ਕਰਵਾਏ। ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੀ ਯਾਦ ਵਿੱਚ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਭਵਨ ਦੀ ਉਸਾਰੀ ਦਾ ਕੰਮ ਸ਼ੁਰੂ ਕਰਾਇਆ। ਦਾਣਾ ਮੰਡੀ ਵਿੱਚ ਆੜ੍ਹਤੀਆਂ ਵਾਸਤੇ ਭਵਨ ਮਨਜ਼ੂਰ ਕਰਾਇਆ।

ਜਗਰਾਉਂ ਹਲਕੇ ਦੇ ਪਿੰਡਾਂ ਵਿੱਚ ਨਵੇਂ ਖੇਡ ਗਰਾਊਂਡ ਲਈ ਕਰੋੜਾਂ ਦੀ ਰਾਸ਼ੀ ਮਨਜ਼ੂਰ ਕਰਵਾਈ। ਹਲਕੇ ਦੇ ਨੌਜਵਾਨਾਂ ਨੂੰ ਖੇਡ ਕਿੱਟਾਂ ਮੁਹੱਈਆਂ ਕਰਾਈਆਂ ਅਤੇ ਜਿੰਮ ਸਥਾਪਤ ਕੀਤੇ। ਜਗਰਾਉਂ ਸ਼ਹਿਰ ਵਿੱਚ ਇਨਡੋਰ ਬੈਡਮਿੰਟਨ ਖੇਡ ਸਟੇਡੀਅਮ ਲਈ 37 ਲੱਖ ਰੁਪਏ ਮਨਜ਼ੂਰ ਕਰਾਏ ਅਤੇ ਆਉਣ ਵਾਲੇ ਸਮੇਂ ਵਿੱਚ ਜਗਰਾਉਂ ਸ਼ਹਿਰ ਤੇ ਪਿੰਡਾਂ ਵਿੱਚ ਨਵੇਂ ਪ੍ਰੋਜੈਕਟ ਪਾਸ ਕਰਾ ਕੇ ਕੰਮ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਬੂਟਾ ਸਿੰਘ, ਬਲਵਿੰਦਰ ਸਿੰਘ, ਗਮਦੂਰ ਸਿੰਘ ਤੇ ਸੰਦੀਪ ਸਿੰਘ ਆਦਿ ਹਾਜ਼ਰ ਸਨ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਪ੍ਰਸ਼ਨੋਤਰੀ ਮੁਕਾਬਲਾ

**ਦੋਰਾਹਾ (ਹਰਮਿੰਦਰ ਸਿੰਘ ਸੇਠ)**

ਬੀਤੇ ਦਿਨੀਂ ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਕਾਮਰਸ ਤੇ ਬਿਜ਼ਨੈਸ ਐਡਮਿਨਿਸਟਰੇਸ਼ਨ ਵਿਭਾਗ ਵੱਲੋਂ ਪ੍ਰੋ. ਰਣਜੀਤ ਕੌਰ ਦੀ ਅਗਵਾਈ ਹੇਠ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ। ਪ੍ਰੋਗਰਾਮ ਇੰਚਾਰਜ ਪ੍ਰੋ. ਦੀਪਿਕਾ, ਪ੍ਰੋ. ਅਮਨਦੀਪ ਕੌਰ, ਪ੍ਰੋ. ਗੁਰਪ੍ਰੀਤ ਕੌਰ ਤੇ ਪ੍ਰੋ. ਨੈਨਸੀ ਰਾਣੀ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਬੀ.ਕਾਮ., ਬੀ.ਬੀ.ਏ. ਤੇ ਐੱਮ.ਕਾਮ. ਦੇ ਵਿਦਿਆਰਥੀਆਂ ਨੂੰ 4 ਟੀਮਾਂ ਵਿੱਚ ਵੰਡਿਆ ਗਿਆ। ਇਸ ਮੁਕਾਬਲੇ 'ਚ ਅਕਾਊਂਟਸ, ਮੈਨੇਜਮੈਂਟ, ਆਮ ਗਿਆਨ ਤੇ ਮੌਜੂਦਾ ਮਾਮਲੇ ਦੇ 4 ਰਾਊਂਡ ਕਰਵਾਏ ਗਏ, ਜਿਸ ਦੇ ਅੰਤਰਗਤ ਟੀਮ-ਏ ਦੇ ਕਰਿਸ਼ਮਾ ਪਟੇਲ ਤੇ ਰਾਹੁਲ ਕੁਮਾਰ (ਬੀ.ਕਾਮ.-ਭਾਗ ਪਹਿਲਾ), ਸ਼ੀਤਲ (ਬੀ.ਕਾਮ.-ਭਾਗ ਦੂਜਾ) ਤੇ ਨੈਨਦੀਪ ਕੌਰ ਅਤੇ ਜਸਲੀਨ ਕੌਰ (ਬੀ.ਕਾਮ.-ਭਾਗ ਤੀਜਾ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਟੀਮ-ਸੀ ਜਿਸ ਵਿੱਚ ਸਾਕਸ਼ੀ ਨਥਾਨੀ (ਬੀ.ਕਾਮ.- ਭਾਗ ਪਹਿਲਾ), ਸਿੰਮੀ (ਬੀ.ਕਾਮ.-ਭਾਗ ਦੂਜਾ), ਸਿਮਰਨਜੀਤ ਕੌਰ, ਮਨਪ੍ਰੀਤ ਸਿੰਘ ਤੇ ਗਜੇਂਦਰ (ਕ੍ਰਮਵਾਰ ਬੀ.ਬੀ.ਏ.-ਭਾਗ ਪਹਿਲਾ, ਦੂਜਾ ਤੇ ਤੀਜਾ) ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਟੀਮ-ਬੀ ਦੇ ਵਿਦਿਆਰਥੀ ਪ੍ਰਿਅੰਕਾ (ਬੀ.ਕਾਮ.-ਭਾਗ ਦੂਜਾ), ਰਿਤਿਕ ਭਾਟੀਆ (ਬੀ.ਕਾਮ.-ਭਾਗ ਤੀਜਾ), ਦਮਨਪ੍ਰੀਤ ਕੌਰ (ਬੀ.ਬੀ.ਏ.-ਭਾਗ ਪਹਿਲਾ), ਲਵਪ੍ਰੀਤ ਸਿੰਘ (ਬੀ.ਬੀ.ਏ.-ਭਾਗ ਤੀਜਾ) ਤੇ ਹਿਨਾ (ਐੱਮ.ਕਾਮ.-ਭਾਗ ਪਹਿਲਾ) ਤੀਜੇ ਸਥਾਨ 'ਤੇ ਰਹੇ।



ਅੰਤ ਵਿੱਚ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਤੇ ਵਿਭਾਗ ਮੁਖੀ ਪ੍ਰੋ. ਰਣਜੀਤ ਕੌਰ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰੋ. ਗੁਰਜਿੰਦਰ ਕੌਰ ਤੇ ਸ. ਹਰਪ੍ਰੀਤ ਸਿੰਘ ਹਾਜ਼ਰ ਸਨ।

# ਨਰਮੇ ਦੀ ਤਕਨੀਕੀ ਜਾਣਕਾਰੀ ਦੇਣ ਲਈ ਟ੍ਰੇਨਿੰਗ ਪ੍ਰੋਗਰਾਮ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਮਿਸ਼ਨ ਉੱਨਤ ਕਿਸਾਨ ਤਹਿਤ ਨਰਮੇ ਕਪਾਹ ਦੀ ਫਸਲ ਹੇਠ ਰਕਬਾ ਵਧਾਉਣ ਤੇ ਉਸ ਨੂੰ ਪ੍ਰਫੁਲਤ ਕਰਨ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਲਾਕ ਗਿੱਦੜਬਾਹਾ ਵੱਲੋਂ ਇੱਕ ਹੋਰ ਉਪਰਾਲਾ ਕਰਦੇ ਹੋਏ ਇਸ ਸਕੀਮ ਅਧੀਨ ਰੱਖੇ ਗਏ ਕਿਸਾਨ ਮਿੱਤਰਾਂ ਤੇ ਸੁਪਰਵਾਈਜ਼ਰਾਂ ਨੂੰ ਨਰਮੇ ਦੀ ਫਸਲ ਬਾਬਤ ਤਕਨੀਕੀ ਜਾਣਕਾਰੀ ਦੇਣ ਲਈ ਇੱਕ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਗਿੱਦੜਬਾਹਾ ਵਿਖੇ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਕਿਸਾਨ ਮਿੱਤਰ, ਸਾਰੇ ਸੁਪਰਵਾਈਜ਼ਰ ਤੇ ਬਲਾਕ ਦੇ ਸਾਰੇ ਅਧਿਕਾਰੀ ਕਰਮਚਾਰੀ ਹਾਜ਼ਰ ਹੋਏ। ਇਸ ਸਿਖਲਾਈ ਪ੍ਰੋਗਰਾਮ ਵਿੱਚ ਡਾ. ਵਿਵੇਕ ਕੁਮਾਰ (ਫਸਲ ਵਿਗਿਆਨੀ) ਵੱਲੋਂ ਕਿਸਾਨ ਮਿੱਤਰਾਂ ਨੂੰ ਨਰਮੇ ਦੀ ਬਿਜਾਈ, ਬੀਜ ਦੀ ਮਾਤਰਾ, ਖਾਦ ਦੀ ਵਰਤੋਂ ਨਦੀਨਾਂ ਦਾ ਸੁਚੱਜਾ ਪ੍ਰਬੰਧ ਤੇ ਪਾਣੀ ਪ੍ਰਬੰਧ ਆਦਿ ਬਾਬਤ ਵਿਸਥਾਰ ਨਾਲ ਤਕਨੀਕੀ ਜਾਣਕਾਰੀ ਦਿੱਤੀ ਗਈ। ਡਾ. ਗੁਰਮੇਲ ਸਿੰਘ ਸੰਧੂ (ਪੌਦ ਸੁਰੱਖਿਆ) ਨੇ ਇਸ ਮੌਕੇ ਕਿਸਾਨ ਮਿੱਤਰਾਂ ਨੂੰ ਨਰਮੇ ਦੀ ਫਸਲ ਦੇ ਕੀੜਿਆਂ ਤੇ ਬਿਮਾਰੀਆਂ ਤੋਂ ਸੁਰੱਖਿਆ ਅਤੇ ਉਸ ਦੇ ਅਗਾਊਂ ਪ੍ਰਬੰਧ ਬਾਬਤ ਜਾਣਕਾਰੀ ਦਿੱਤੀ। ਡਾ. ਕਰਮਜੀਤ ਸ਼ਰਮਾ ਇੰਚਾਰਜ ਕ੍ਰਿਸ਼ੀ ਵਿਗਿਆਨ ਕੇਂਦਰ ਗੋਨਿਆਣਾ ਨੇ ਕਿਸਾਨ ਮਿੱਤਰਾਂ ਨੂੰ ਨਰਮੇ ਦੀ ਫਸਲ ਤੋਂ ਵੱਧ ਝਾੜ ਲੈਣ ਬਾਬਤ ਜ਼ਰੂਰੀ ਨੁਕਤੇ ਸਾਂਝੇ ਕੀਤੇ। ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨ ਮਿੱਤਰਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿੱਚ ਜਾ ਕੇ ਅੱਜ ਦੀ ਟ੍ਰੇਨਿੰਗ 'ਚ ਦੱਸੇ ਗਏ ਨੁਕਤੇ ਕਿਸਾਨਾਂ ਨਾਲ ਸਾਂਝੇ ਕਰਨ। ਡਾ. ਭੁਪਿੰਦਰ ਕੁਮਾਰ ਸਹਾਇਕ ਕਪਾਹ ਵਿਸਥਾਰ ਅਫਸਰ ਗਿੱਦੜਬਾਹਾ ਨੇ ਸਮੂਹ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਜ਼ਮੀਨੀ ਪਾਣੀ ਦੇ ਡਿਗਦੇ ਪੱਧਰ ਨੂੰ ਰੋਕਣ ਤੇ ਝੋਨਾ-ਕਣਕ ਫਸਲੀ ਚੱਕਰ ਤੋੜ ਕੇ ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਨਰਮੇ ਦੀ ਫਸਲ ਹੇਠ ਰਕਬਾ ਵਧਾਇਆ ਜਾਵੇ। ਮੰਚ ਦਾ ਸੰਚਾਲਨ ਡਾ. ਸੁਖਜਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਕੀਤਾ।

# ਬੀਬੀ ਪ੍ਰਨੀਤ ਕੌਰ ਨੇ ਸ੍ਰੀ ਖਾਟੂ ਸ਼ਿਆਮ ਦੇ ਮੰਦਰ 'ਚ ਮੱਥਾ ਟੇਕਿਆ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਸ੍ਰੀਮਤੀ ਪ੍ਰਨੀਤ ਕੌਰ ਨੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਦੌਰੇ ਦੌਰਾਨ ਸ਼ਹਿਰ ਵਿੱਚ ਨਵੇਂ ਉਸਾਰੇ ਗਏ ਭਗਵਾਨ ਸ੍ਰੀ ਖਾਟੂ ਸ਼ਿਮ ਜੀ ਦੇ ਮੰਦਰ ਵਿੱਚ ਮੱਥਾ ਟੇਕਿਆ। ਉਪਰੰਤ ਉਨ੍ਹਾਂ ਹਲਕੇ ਵਿੱਚ ਵੱਖ-ਵੱਖ ਥਾਂਵਾਂ 'ਤੇ ਕਈ ਘਰਾਂ ਵਿੱਚ ਪਹੁੰਚ ਕੇ ਵਿੱਛੜ ਚੁੱਕੀਆਂ ਰੂਹਾਂ ਦੇ ਪਰਵਾਰਕ ਮੈਂਬਰਾਂ ਨਾਲ ਅਫ਼ਸੋਸ ਦਾ ਪ੍ਰਗਟਾਵਾ ਕੀਤਾ।



ਗੱਲਬਾਤ ਕਰਦੇ ਹੋਏ ਲੋਕ ਸਭਾ ਮੈਂਬਰ ਪ੍ਰਨੀਤ ਕੌਰ।

ਮੈਂਬਰ ਪਾਰਲੀਮੈਂਟ ਸ੍ਰੀਮਤੀ ਪ੍ਰਨੀਤ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਹਥਿਆ ਲਈ, ਪਰ ਹੁਣ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨਾ ਕੋਈ ਕੰਮ ਨਹੀਂ ਕੀਤਾ ਜਾ ਰਿਹਾ। ਹਲਕਾ ਸ਼ੁਤਰਾਣਾ ਵਿੱਚ ਕੀਤੀਆਂ ਜਾ ਰਹੀਆਂ ਸਰਗਰਮੀਆਂ ਸਬੰਧੀ ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਨਹੀਂ, ਸਗੋਂ ਉਹ ਆਪਣਾ ਮੈਂਬਰ ਪਾਰਲੀਮੈਂਟ ਦਾ ਫ਼ਰਜ਼ ਪੂਰਾ ਕਰ ਰਹੇ ਹਨ। ਅਗਾਮੀ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰ ਹੋਣ ਸਬੰਧੀ ਕੀਤੇ ਗਏ ਸਵਾਲ ਦੇ ਜਵਾਬ ਟਾਲਦਿਆਂ ਉਨ੍ਹਾਂ ਕਿਹਾ ਕਿ ਸਮੇਂ ਤੋਂ ਪਹਿਲਾਂ ਚੋਣਾਂ ਸਬੰਧੀ ਕੁਝ ਵੀ ਨਹੀਂ ਕਿਹਾ ਜਾ ਸਕਦਾ, ਸਮਾਂ ਆਉਣ ਉੱਤੇ ਸਭ ਪਤਾ ਲੱਗ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਜਪਾ ਦੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ, ਸੀਨੀਅਰ ਆਗੂ ਤਰਸੇਮ ਚੰਦ ਬਾਂਸਲ, ਕੀਮਤ ਰਾਏ ਸਿੰਗਲਾ, ਬਗੀਚਾ ਸਿੰਘ ਦੁਗਾਲ, ਸਰਦੂਲ ਸਿੰਘ ਸੰਧੂ, ਸਤੀਸ਼ ਕੁਮਾਰ ਗਰਗ, ਨਰੈਣ ਦਾਸ ਗਰਗ, ਸਾਬਕਾ ਐਮਸੀ ਸੁਖਪਾਲ ਸਿੰਘ, ਸੋਨੂੰ ਮਿੱਤਲ ਤੇ ਗਿਆਨ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਚਿੱਟਾ ਹਾਥੀ ਸਾਬਿਤ ਹੋ ਰਹੀਆਂ ਨੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ !



ਮੀਟਿੰਗ ਦੌਰਾਨ ਹਾਜ਼ਰ ਕਿਸਾਨ ਆਗੂ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੀਆਂ ਚਾਬੀਆਂ ਕਿਸਾਨ ਯੂਨੀਅਨ ਆਗੂਆਂ ਨੂੰ ਸੌਂਪਦੇ ਹੋਏ ਨਗਰ ਪੰਚਾਇਤ ਕਰਮਚਾਰੀ।

**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਨਗਰ ਪੰਚਾਇਤ ਕੋਲ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ ਨਵੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਸਟਾਫ ਨਾ ਹੋਣ ਕਾਰਨ ਜਿੱਥੇ ਕਬਾੜ ਦਾ ਰੂਪ ਧਾਰਨ ਕਰ ਰਹੀਆਂ ਹਨ, ਉੱਥੇ ਉਹ ਲੋਕਾਂ ਲਈ ਚਿੱਟਾ ਹਾਥੀ ਸਾਬਿਤ ਹੋ ਰਹੀਆਂ ਹਨ। ਇਨ੍ਹਾਂ ਵਿੱਚੋਂ 2 ਗੱਡੀਆਂ ਸਥਾਨਕ ਵਾਟਰ ਵਰਕਸ ਵਿਖੇ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਖੜੀਆਂ ਕਬਾੜ ਦਾ ਰੂਪ ਧਾਰਨ ਕਰ ਰਹੀਆਂ ਹਨ ਤੇ ਇੱਕ ਗੱਡੀ ਪਿਛਲੇ ਕੁੱਝ ਸਮੇਂ ਤੋਂ ਸਥਾਨਕ ਨਗਰ ਪੰਚਾਇਤ ਦਫਤਰ ਵਿਖੇ ਧੂੜ ਫੱਕ ਰਹੀ ਹੈ, ਜਿਨ੍ਹਾਂ ਦਾ ਕੋਈ ਵਾਲੀ ਵਾਰਸ ਨਹੀਂ ਹੈ। ਵਾਟਰ ਵਰਕਸ ਵਿਖੇ ਖੜੀਆਂ ਉਕਤ ਗੱਡੀਆਂ ਦੇ ਟਾਇਰਾਂ ਦੀ ਹਵਾ ਨਿਕਲ ਚੁੱਕੀ ਹੈ ਤੇ ਫਿਲਹਾਲ ਸਟਾਰਟ ਹੋਣ ਦੀ ਸਮਰੱਥਾਂ ਵਿੱਚ ਨਹੀਂ ਹੈ ਅਤੇ ਨਗਰ ਪੰਚਾਇਤ ਵਿਖੇ ਖੜੀ ਗੱਡੀ ਦਾ ਜਾਣਕਾਰ ਸੂਤਰਾਂ ਮੁਤਾਬਿਕ ਸਾਮਾਨ ਵੀ ਗਾਇਬ ਹੋਣ ਲੱਗਾ ਹੈ। ਇਸ ਸਬੰਧੀ ਅੱਜ ਪੰਜਾਬ ਕਿਸਾਨ ਯੂਨੀਅਨ ਦੀ ਇੱਕ ਮੀਟਿੰਗ ਸਥਾਨਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਕਿਸਾਨ ਆਗੂ ਗੁਰਨਾਮ ਸਿੰਘ ਭੀਖੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਨਗਰ ਪੰਚਾਇਤ ਕੋਲ ਭੇਜੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲਈ ਸਟਾਫ ਉਪਲਬਧ ਨਾ ਕਰਵਾਏ ਜਾਣ ਦੀ ਨਿੰਦਾ ਕੀਤੀ ਗਈ। ਉਨ੍ਹਾਂ ਵੱਲੋਂ ਡੀ ਸੀ ਮਾਨਸਾ, ਈ ਉ ਭੀਖੀ ਤੇ ਸੈਨਟਰੀ ਇੰਸਪੈਕਟਰ ਭੀਖੀ ਨਾਲ ਰਾਬਤਾ ਕੀਤਾ ਗਿਆ ਤੇ ਆਪਣੇ ਪੱਧਰ ਤੇ ਗੱਡੀਆਂ ਦੇ ਡਰਾਇਵਰ ਉਪਲਬਧ ਕਰਵਾਏ ਜਾਣ ਲਈ ਕਿਹਾ ਅਤੇ ਗੱਡੀਆਂ ਕਿਸੇ ਸਾਂਝੇ ਥਾਂ 'ਤੇ ਖੜਾਉਣ ਲਈ ਕਿਹਾ ਤਾਂ ਕਿ ਕਿਸੇ ਅਣਸੁਖਾਵੀਂ ਘਟਨਾ ਮੌਕੇ ਇਨ੍ਹਾਂ ਨੂੰ ਵਰਤਿਆ ਜਾ ਸਕੇ। ਜਿਸ ਤੋਂ ਬਾਅਦ ਫੈਸਲਾ ਲੈਂਦੇ ਹੋਏ ਨਗਰ ਪੰਚਾਇਤ ਨੇ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਵਾਟਰ ਵਰਕਸ ਵਿਖੇ ਖੜੀਆਂ ਉਕਤ ਗੱਡੀਆਂ ਦੀਆਂ ਚਾਬੀਆਂ ਸੌਂਪ ਦਿੱਤੀਆਂ। ਕਿਸਾਨ ਯੂਨੀਅਨ ਆਗੂਆਂ ਨੇ ਮੰਗ ਕੀਤੀ ਕਿ ਉਕਤ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਲਈ ਸਟਾਫ ਮੁਹੱਈਆ ਕਰਵਾਇਆ ਜਾਵੇ ਤਾਂ ਕਿ ਅਜਿਹੇ ਨੁਕਸਾਨ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਣਕ ਦੇ ਸੀਜ਼ਨ ਦੇ ਨਾਲ ਨਾਲ ਇੱਥੇ ਕੁੱਝ ਕਪਾਹ ਦੀਆਂ ਫੈਕਟਰੀਆਂ ਵੀ ਹਨ, ਜਿਸ ਲਈ ਉਕਤ ਸਟਾਫ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ। ਇਸ ਮੌਕੇ ਕਾ. ਹਰਭਗਵਾਨ ਸ਼ਰਮਾ, ਰਾਮ ਸਿੰਘ ਚਹਿਲ, ਵਰਿੰਦਰ ਸੋਨੀ, ਕਾ. ਧਰਮ ਪਾਲ ਨੀਟਾ, ਸੁੱਖਾ ਪੰਡਤ, ਬਿੰਦਰ ਸਿੰਘ ਬੋਘ ਕਾ, ਅਮਨਦੀਪ ਸ਼ਾਰਦਾ, ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਵਿਨੋਦ ਕੁਮਾਰ ਸਿੰਗਲਾ, ਬਲਵਿੰਦਰ ਸ਼ਰਮਾ ਸਾਬਕਾ ਐੱਮ ਸੀ, ਸੁਖਦੀਪ ਸਿੰਘ ਸਾਬਕਾ ਐੱਮ ਸੀ, ਮੱਖਣ ਹਾਜੀ ਸਾਬਕਾ ਐੱਮ ਸੀ, ਲਾਲ ਸਿੰਘ ਤੇ ਹੋਰ ਵੀ ਹਾਜ਼ਰ ਸਨ।

19-April-PAGE- 8.qxd 4/18/2023 10:24 PM Page 1



# ਹਲਕਾ ਸ਼ਾਹਕੋਟ ਦੇ 95 ਸਰਪੰਚ ਤੇ ਪੰਚਾਇਤ ਮੈਂਬਰ ਮਾਨ ਦੀ ਹਾਜ਼ਰੀ ਦੌਰਾਨ 'ਆਪ' 'ਚ ਹੋਏ ਸ਼ਾਮਲ



**ਜਲੰਧਰ, (ਸ਼ੈਲੀ, ਸੁਰਿੰਦਰ)**—ਆਮ ਆਦਮੀ ਪਾਰਟੀ (ਆਪ) ਦੇ ਕਾਫਲੇ ਨੂੰ ਜਲੰਧਰ ਵਿੱਚ ਸੋਮਵਾਰ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ ਹਲਕਾ ਸ਼ਾਹਕੋਟ ਦੇ ਵੱਖ-ਵੱਖ ਪਿੰਡਾਂ ਦੇ 95 ਸਰਪੰਚ ਅਤੇ ਪੰਚਾਇਤ ਮੈਂਬਰ 'ਆਪ' ਵਿੱਚ ਸ਼ਾਮਲ ਹੋ ਗਏ। ਪਰਟੀ ਦੇ ਪੰਜਾਬ ਪ੍ਰਧਾਨ ਮੁੱਖ-ਮੰਤਰੀ ਭਗਵੰਤ ਮਾਨ ਨੇ ਸਾਰੇ ਨਵੇਂ ਮੈਂਬਰਾਂ ਦਾ 'ਆਪ' ਪਰਵਾਰ ਵਿੱਚ ਸਵਾਗਤ ਕਰਦਿਆਂ ਇਨ੍ਹਾਂ ਸਮੂਹ ਆਗੂਆਂ ਨੂੰ ਪੰਜਾਬ ਦੀ ਬਿਹਤਰੀ ਲਈ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇੰਨੀ ਭਾਰੀ ਗਿਣਤੀ ਵਿੱਚ ਆਮ ਲੋਕ ਅਤੇ ਉਨ੍ਹਾਂ ਦੇ ਆਗੂ ਆਪਣੀ ਮਰਜੀ ਨਾਲ 'ਆਪ' 'ਚ ਸ਼ਾਮਲ ਹੋ ਰਹੇ ਹਨ। ਮਾਨ ਨੇ ਕਿਹਾ ਕਿ ਇਸ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਵੱਡੀ ਜਿੱਤ ਦਰਜ ਕਰੇਗੀ ਅਤੇ ਸੁਸ਼ੀਲ ਕੁਮਾਰ ਰਿੰਕੂ ਪੰਜਾਬ ਅਤੇ ਪੰਜਾਬੀਆਂ ਦਾ ਮੁੱਦਾ ਪਾਰਲੀਮੈਂਟ ਵਿੱਚ ਉਠਾਉਣਗੇ।

ਇਸ ਦੌਰਾਨ ਸੁਖਿਵੰਦਰ ਸਿੰਘ ਸਰਪੰਚ ਮਰੇੜੂ, ਗੁਰਜੀਤ ਸਿੰਘ ਸਰਪੰਚ ਸਮੈਲਪੁਰ, ਹਰਪ੍ਰੀਤ ਸਿੰਘ ਸਰਪੰਚ ਬਾੜਾ, ਬਚਨ ਸਿੰਘ ਸਰਪੰਚ ਰਾਏਪੁਰ ਗੁਜਰਾਂ, ਗੁਰਨਾਮ ਸਿੰਘ ਸਰਪੰਚ ਪਰਜੀਆਂ ਖੁਰਦ, ਕੁਲਵੰਤ ਸਿੰਘ ਸਰਪੰਚ ਰਾਏਪੁਰਮੰਡ, ਜਗਜੀਤ ਸਿੰਘ ਸਰਪੰਚ ਬਘੇਲਾ, ਪਰਮਜੀਤ ਸਿੰਘ ਸਰਪੰਚ ਉਮਰੇਵਾਲਾ, ਅਸ਼ਵਨੀ ਸਰਪੰਚ ਵੇਹਰਾ, ਕਾਲਾ ਸਰਪੰਚ ਬਜਵਾ ਖੁਰਦ, ਸੁਖਰਾਜ ਸਿੰਘ ਸਰਪੰਚ ਬੱਗਾ, ਕਰਮਜੀਤ ਸਿੰਘ ਸਰਪੰਚ ਰਾਮਪੁਰ, ਕਮਲਜੀਤ ਸਿੰਘ ਸਰਪੰਚ ਦਾਨੇਵਾਲ, ਪ੍ਰੇਮ ਸਿੰਘ ਸਰਪੰਚ ਕੁਤਬੀਵਾਲ, ਦਲਬੀਰ ਸਿੰਘ ਸਰਪੰਚ ਮੈਸਮਪੁਰ, ਦਲਜੀਤ ਸਿੰਘ ਸਰਪੰਚ ਤਦਾਉਰਾ,ਸੁਰਜੀਤ ਸਿੰਘ ਸਰਪੰਚ ਗਗੜਵਾਲ, ਬਲਵਿੰਦਰ ਕੌਰ ਸਰਪੰਚ ਉਮਰਵਾਲ ਬਿੱਲਾ, ਨਿਰਮਲ ਸਿੰਘ ਸਰਪੰਚ ਹਰੀਪੁਰ, ਹਰਬੰਸ ਸਿੰਘ ਸਰਪੰਚ ਸਸੀਰਪੁਰ, ਜਸਵੀਰ ਸਿੰਘ ਸਰਪੰਚ ਮਿਆਣੀ, ਦਲਵੀਰ ਕੌਰ ਸਰਪੰਚ ਗੋਬਿੰਦਰਪੁਰ ਨਗਰ, ਹਰਮੇਲ ਸਿੰਘ ਸਰਪੰਚ ਜਾਈਆ, ਸਰਬਜੀਤ ਕੌਰ ਸਰਪੰਚ ਨਵਾਂ ਪਿੰਡ ਅਕਾਲੀਆ, ਕਮਲਜੀਤ ਕੌਰ ਸਰਪੰਚ ਸਰੋਲ ਜਗੀਰ, ਚਰਨਜੀਤ ਕੌਰ ਸਰਪੰਚ ਪੰਡੋਰੀ ਖਾਸ, ਪਰਬਤ ਪਾਲ ਸਿੰਘ ਸਰਪੰਚ ਰਾਏਪੁਰ ਅਕਾਲੀਆ, ਮਾਘ ਸਿੰਘ ਸਰਪੰਚ ਗੋਸੂਵਾਲ, ਦਿਲਬਾਰਾ ਸਿੰਘ ਸਾਬਕਾ ਸਰਪੰਚ ਗਗੜਵਾਲ, ਜੋਗਿੰਦਰ ਸਿੰਘ ਸਰਪੰਚ (ਸਾਬਕਾ) ਮਹੇੜੂ, ਕੁਲਜੀਤ ਸਿੰਘ ਸਰਪੰਚ ਸਲੇਮਾ, ਕਰਤਾਰ ਸਿੰਘ ਨੰਬਰਦਾਰ ਮੰਡਿਆਲਾ, ਜਸਵੀਰ ਸਿੰਘ ਸਰਪੰਚ ਅਕਬਰਪੁਰ ਕਲਾਂ, ਰਣਜੀਤ ਸਿੰਘ ਨੰਬੜਦਾਰ ਤਲਵੰਡੀ ਸੰਘੇੜਾ, ਪਰਮਿੰਦਰ ਸਿੰਘ ਨੰਬਰਦਾਰ ਹਰੀਪੁਰ, ਸਨਦੀਪ ਸਿੰਘ ਲੰਬੜਦਾਰ ਮੋਹਲ ਜਗੀਰ, ਸਤਨਾਮ ਸਿੰਘ ਲੰਬੜਦਾਰ ਰਾਮੂਵਾਲ, ਅਮਰੀਕ ਸਿੰਘ ਸੰਯੁਕਤ ਸਕੱਤਰ ਮੋਹਰੀਵਾਲ, ਤਜਿੰਦਰ ਜੀਤ ਸਿੰਘ ਉਪ ਪ੍ਰਧਾਨ ਪੂਨੀਆ,ਸੁਖਵਿੰਦਰ ਸਿੰਘ ਲੰਬਰਦਾਰ ਵੇਹਰਾਂ, ਬਲਵਿੰਦਰ ਸਿੰਘ ਲੰਬੜਦਾਰ ਮਹਿਮੂਵਾਲ ਮਹਲਾਂ, ਮੱਖਣ ਸਿੰਘ ਸਰਪੰਚ ਰਾਏਪੁਰ ਗੁਜਰਾਂ, ਸ਼ਿੰਦਰਪਾਲ ਲੰਬੜਦਾਰ ਕੰਨੀਆ, ਸੁਖਵਿੰਦਰ ਪਾਲ ਸਿੰਘ ਲੰਬੜਦਾਰ ਤੰਦਾਉਰਾ, ਅਜੈਬ ਸਿੰਘ ਲੰਬੜਦਾਰ ਰਾਏਪੁਰ ਅਗਈਆ, ਕੁਲਵੰਤ ਕੌਰ ਮੈਂਬਰ ਸ਼ਾਹਪੁਰ, ਜਸਪਾਲ ਸਿੰਘ ਬਲਾਕ ਪ੍ਰਧਾਨ ਸ਼ਾਹਪੁਰ, ਬਲਰਾਜ ਸਿੰਘ ਲੰਬੜਦਾਰ ਬੱਗਾ, ਕੁਲਦੀਪ ਸਿੰਘ ਲੰਬੜਦਾਰ ਪਰਜੀਆ ਖੁਰਦ, ਨਰਿੰਦਰ ਸਿੰਘ ਲੰਬੜਦਾਰ ਮੋਹਸ ਜਗੀਰ, ਮੱਖਣ ਅਲੀ ਗੁੱਜਰ ਪ੍ਰਧਾਨ ਪੰਜਾਬ, ਗੁਰਪ੍ਰੀਤ ਸਿੰਘ ਸਮਾਜ ਸੇਵੀ ਅਕਾਲ ਖਾਲਸਾ, ਬੂਟਾ ਸਿੰਘ ਪ੍ਰਧਾਨ ਮਹੇੜੂ, ਮੰਗਾ ਸਿੰਘ ਪ੍ਰਧਾਨ ਮਹਿਤਪੁਰ, ਬਲਵਿੰਦਰ ਸਿੰਘ ਸਾਬਕਾ ਮੈਂਬਰ ਸ਼ਾਹਪੁਰ, ਜਰਨੈਲ ਸਿੰਘ ਮੈਂਬਰ ਪੰਚਾਇਤ ਪੂਰਨੀ ਮੰਡ, ਲਵਪ੍ਰੀਤ ਸਿੰਘ, ਸੁਰਜਤ ਸਿੰਘ, ਕੁਲਵਿੰਦਰ ਸਿੰਘ ਮੈਂਬਰ ਪੰਚਾਇਤ, ਕੁਲਵੰਤ ਸਿੰਘ ਸਰਪੰਚ ਰੌਲੀ, ਹਰਜਿੰਦਰ ਸਿੰਘ ਈਦਾ, ਬਲਜੀਤ ਸਿੰਘ ਫਤਿਹਪੁਰ, ਬਖਸ਼ੀਸ਼ ਸਿੰਘ ਬੱਗਾ, ਜਸਪਾਲ ਕੁਮਾਰ ਮਹੇੜੂ, ਸੁਖਜੀਤ ਸਿੰਘ ਗੋਬਿੰਦਰ ਨਗਰ, ਸੌਨੂੰ ਪੁਰੇਵਾਲ ਮਹੇੜੂ, ਜਸਵੰਤ ਸਿੰਘ ਜਾਣੀਆਂ, ਹਰਜਿੰਦਰ ਸਿੰਘ ਹਰੀਪੁਰ, ਮੁਖਤਿਆਰ ਸਿੰਘ, ਕਿਸ਼ਨ ਸਿੰਘ, ਲਿਆਕਤ ਅਲੀ ਸਾਰੇ ਮੈਂਬਰ ਪੰਚਾਇਤ, ਦੀਨ ਮੁਹੰਮਦ ਆਰੀਆਵਾਲ, ਚਾਕੀ ਮੁਹੰਮਦ ਸ਼ਾਹਕੋਟ, ਮੁਹੰਮਦ ਸਫੀ ਘੁਗਸ਼ੋਰ, ਕਾਸਫ ਕਰਤਾਰਪੁਰ, ਮੰਗਲ ਸਿੰਘ ਰਾਏਪੁਰ ਗੁਜੱਰਾਂ, ਬਲਵਿੰਦਰ ਸਿੰਘ ਨਿਹਾਲੂਵਾਲ ਬਸਤੀ, ਹੈਪੀ ਮਹਿਤਪੁਰ, ਸੂਰਜ ਕੁਮਾਰ ਬਾੜਾ, ਫਤਿਹ ਸਿੰਘ ਕੰਗਾਂ, ਰੇਸ਼ਮ ਸਿੰਘ ਨਿਹਾਲੂਵਾਲ ਬਸਤੀ, ਜਗਦੀਸ਼ ਸਿੰਘ ਮਿਹਸ਼ਨਪੁਰ, ਦਸੌਦਾ ਸਿੰਘ ਬਿੱਲੀ ਬੜੈਚ, ਕੁਲਵਿੰਦਰ ਕੌਰ ,ਬਿੱਲੀ ਬੜੈਚ ਸਾਰੇ ਮੈਂਬਰ ਪੰਚਾਇਤ, ਗੁਰਪ੍ਰੀਤ ਸਿੰਘ ਯੂਥ ਆਗੂ ਕੰਗ ਖੁਰਦ, ਗੁਲਸ਼ਨ, ਮੱਖਣ ਸਿੰਘ ਲੰਬੜਦਾਰ, ਉਂਕਾਰ ਸਿੰਘ ਮੈਂਬਰ ਪੰਚਾਇਤ ਮਾਲੋਵਾਲ, ਕਮਲਜੀਤ ਕੌਰ ਆਲੋਵਾਲ, ਜਸਵਿੰਦਰ ਕੌਰ ਮੈਂਬਰ ਮਹਿਤਪੁਰ, ਗੁਰਮੇਲ ਸਿੰਘ ਗੇਲਾਬਾਬਾ ਆਗੂ ਮਹਿਮੂਵਾਲ ਮਾਹਲਾ, ਗੁਰਮੇਲ ਸਿੰਘ ਸ਼ਾਹਕੋਟ, ਬਲਵਿੰਦਰ ਸਿੰਘ ਲੰਬਰਦਾਰ ਆਦਿ 'ਆਪ' 'ਚ ਸ਼ਾਮਲ ਹੋਏ।

# ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਵਸ ਮਨਾਇਆ




**ਮਹਿਤਪੁਰ (ਰਾਜਾ)** ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦਾ 132ਵਾਂ ਜਨਮ ਦਿੱਨ ਡਾਕਟਰ ਅੰਬੇਡਕਰ ਚੌਕ ਮਹਿਤਪੁਰ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ । ਸਵੇਰੇ ਪਹਿਲਾ ਡਾਕਟਰ ਅੰਬੇਡਕਰ ਚੌਕ ਵਿਖੇ ਝੰਡਾ ਚੜਾਇਆ ਗਿਆ ਅਤੇ ਬਾਅਦ ਆਏ ਹੋਏ ਮੁੱਖ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ ਉਪਰ ਚਾਨਣਾ ਪਾਇਆ । ਇਸ ਮੌਕੇ ਐਸ ਡੀ ਓ ਪਰਮਿੰਦਰ ਸਿੰਘ ਭੁੱਟੇ ਪੀ ਐਸ ਪੀ ਸੀ ਐਲ ਮਹਿਤਪੁਰ,ਲੈਕਚਰਾਰ ਹਰਬੰਸ ਲਾਲ ਪਰਜੀਆ ਮੀਤ ਪ੍ਰਧਾਨ ਐਸ ਸੀ ਬੀ ਸੀ ਅਧਿਆਪਕ ਯੂਨੀਅਨ ਪੰਜਾਬ, ਕੌਂਸਲਰ ਕ੍ਰਾਤੀਜੀਤ ਸਿੰਘ ਚੌਹਾਨ, ਰਾਜ ਕੁਮਾਰ,ਯੂਥ ਆਗੂ ਪ੍ਰਧਾਨ ਦੀਪਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤੀ ਸੰਵਿਧਾਨ ਨਿਰਮਾਤਾ ਅੰਬੇਡਕਰ ਨੇ ਆਪਣਾ ਸਾਰਾ ਜੀਵਨ ਸਾਡੇ ਜੀਵਨ ਨੂੰ ਉਚਾ ਚੁੱਕਣ ਲਈ ਲਗਾ ਦਿੱਤਾ। ਪਰ ਅਸੀਂ ਬਾਬਾ ਸਾਹਿਬ ਨੂੰ ਮੰਨਦੇ ਜ਼ਰੂਰ ਹਾਂ ਪਰ ਉਹਨਾਂ ਦੀਆ ਸਿੱਖਿਆਵਾਂ ਨੂੰ ਨਹੀਂ ਮੰਨਦੇ। ਉਨਾਂ ਕਿਹਾ ਕਿ ਸਾਨੂੰ ਸੰਗਠਨ ਬਣਾ ਕੇ ਅਜੋਕੇ ਸਮੇਂ ਵਿੱਚ ਪੜੋ ਜੁੜੋ ਸੰਘਰਸ਼ ਕਰੋ ਦੀ ਸਿੱਖਿਆ 'ਤੇ ਚੱਲਣਾ ਜ਼ਰੂਰੀ ਹੈ । ਇਸ ਮੌਕੇ ਖੁਸ਼ੀ ਵਿੱਚ ਲੱਡੂ ਵੰਡੇ ਗਏ । ਇਸ ਮੌਕੇ ਕਸ਼ਮੀਰ ਲਾਲ, ਸੰਜੀਵ ਕੁਮਾਰ ਸੋਨੂੰ, ਡਾਕਟਰ ਸੋਮ ਨਾਥ, ਬਾਬਾ ਗੈਜੂ ਰਾਮ, ਸੁਖਵਿੰਦਰ ਕੁਮਾਰ, ਪਰਮਿੰਦਰ ਕੁਮਾਰ, ਨਰਿੰਦਰ ਸਿੰਘ ਗੋਰਾ ਸਰਕਲ ਪ੍ਰਧਾਨ, ਭੁਪਿੰਦਰ ਚੰਦ, ਮਨਿੰਦਰ ਸਹਿਗਲ, ਰਵੀ ਰੱਤੂ, ਸੱਗੂ ਚੌਹਾਨ ਆਦਿ ਹਾਜਰ ਸਨ।

# ਸੁਰਜੀਤ ਸਿੰਘ ਟਿੱਬਾ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਜਲੰਧਰ ਦੇ ਆਗੂ ਚੁਣੇ



**ਜਲੰਧਰ, (ਨਵਾਂ ਜ਼ਮਾਨਾ ਸਰਵਿਸ)**- ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਜਲੰਧਰ ਦਾ ਚੋਣ ਇਜਲਾਸ ਸਟੇਟ ਆਗੂ ਸੁਖਵਿੰਦਰ ਬਾਗਪੁਰਜੀ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਇਆ। ਜਿਸ ਵਿੱਚ ਜੋਨ ਦੀਆਂ ਸਾਰੀਆਂ ਇਕਾਈਆਂ ਦੇ ਡੈਲੀਗੇਟਾਂ ਨੇ ਭਾਗ ਲਿਆ। ਇਸ ਮੌਕੇ ਸੁਰਜੀਤ ਸਿੰਘ ਟਿੱਬਾ ਨੂੰ ਜਥੇਬੰਦਕ ਮੁਖੀ, ਜਸਵਿੰਦਰ ਫਗਵਾੜਾ ਵਿੱਤ ਮੁੱਖੀ, ਸੁਖਦੇਵ ਫਗਵਾੜਾ ਮਾਨਸਿਕ ਸਿਹਤ ਚੇਤਨਾ, ਵਿਜੇ ਰਾਹੀ ਜਲੰਧਰ ਮੀਡੀਆ ਮੁਖੀ ਤੇ ਸੰਦੀਪ ਕੁਮਾਰ ਦਰਦੀ ਨੂੰ ਸਭਿਆਚਾਰ ਮੁਖੀ ਅਗਲੇ ਦੋ ਸਾਲਾਂ ਲਈ ਚੁਣਿਆ ਗਿਆ।

ਇਸ ਤੋਂ ਪਹਿਲਾਂ ਪਿਛਲੇ ਚੁਣੇ ਹੋਏ ਵਿਭਾਗਾਂ ਦੇ ਮੁਖੀਆਂ ਵੱਲੋਂ ਕਾਰਵਾਈ ਰਿਪੋਰਟ ਪੇਸ਼ ਕੀਤੀ ਗਈ। ਜਿਸ ਦੀ ਚਰਚਾ ਵਿੱਚ ਜਸਵਿੰਦਰ ਫਗਵਾੜਾ, ਬਿਟੂ ਰੁਪੇਵਾਲੀ, ਮਾ. ਸੁਖਜੀਤ ਸਿੰਘ, ਸੁਰਿੰਦਰ ਪਾਲ, ਸੰਦੀਪ ਦਰਦੀ ਨੇ ਹਿੱਸਾ ਲਿਆ ਤੇ ਆਪਣੀਆਂ ਟਿੱਪੀਣੀਆਂ ਪੇਸ਼ ਕੀਤੀਆਂ। ਰਿਪੋਰਟ ਪਾਸ ਕਰਨ ਉਪਰੰਤ ਹਾਜ਼ਰ ਡੈਲੀਗੇਟਾਂ ਨੇ ਭਾਰਤ ਦੀ ਮੋਦੀ ਸਰਕਾਰ ਦੁਆਰਾ ਸੰਵਿਧਾਨ ਨੂੰ ਕਮਜ਼ੋਰ ਕਰਨ ਦੀ ਨੀਤੀ 'ਤੇ ਵੀ ਭਰਵੀਂ ਚਰਚਾ ਕੀਤੀ ਜਿਸ ਵਿੱਚ ਜਸਵਿੰਦਰ ਫਗਵਾੜਾ ਨੇ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਦਕਰ ਜੀ ਦੁਆਰਾ ਦਲਿਤਾਂ ਦੇ ਉਥਾਨ ਲਈ ਕੀਤੀਆਂ ਸੰਵਿਧਾਨ ਵਿਵਸਥਾਵਾਂ ਦੇ ਬਾਵਜੂਦ ਭਾਰਤ ਵਿੱਚ ਦਲਿਤਾਂ ਤੇ ਅੱਤਿਆਚਾਰਾਂ ਵਿੱਚ ਕੋਈ ਕਮੀ ਨਹੀਂ ਆਈ ਤੇ ਭਾਰਤ ਦੇ ਸੰਵਿਧਾਨ ਨੂੰ ਦਿਨੋ-ਦਿਨ ਕਮਜ਼ੋਰ ਕਰਦਿਆਂ ਸਰਕਾਰਾਂ ਗੁੰਡਾ ਰਾਜ ਸਥਾਪਤ ਕਰਨ ਵੱਲ ਵੱਧ ਰਹੀਆਂ ਹਨ, ਜਿਸ ਦਾ ਮਜ਼ਦੂਰ, ਕਿਸਾਨਾਂ, ਤਰਕਸ਼ੀਲਾਂ, ਲਿਖਾਰੀਆਂ, ਬੁੱਧੀਜੀਵੀਆਂ ਦੁਆਰਾ ਡਟਵਾਂ ਵਿਰੋਧ ਕੀਤਾ ਜਾ ਰਿਹਾ ਹੈ।

ਹਾਜ਼ਰ ਤਰਕਸ਼ੀਲ ਮੈਂਬਰਾਂ ਨੇ 30 ਅਪ੍ਰੈਲ ਨੂੰ ਬਰਨਾਲਾ ਵਿਖੇ ਹੋ ਰਹੇ ਸੂਬਾ ਇਜਲਾਸ ਵਿੱਚ ਜਾਣ ਲਈ ਤਿਆਰੀ ਸੰਬੰਧੀ ਵਿਚਾਰਾਂ ਕੀਤੀਆਂ।

ਇਸ ਮੌਕੇ ਰਾਮ ਸਿੰਘ, ਪਰਮਜੀਤ ਸਿੰਘ ਜਲੰਧਰ, ਪ੍ਰੇਮ ਕੁਮਾਰ ਜ਼ੀਰਾ, ਸੂਬੇਦਾਰ ਪਰਮਜੀਤ ਸਿੰਘ, ਨਸੀਬ ਚੰਦ, ਵਿਜੇ ਰਾਹੀਂ, ਪ੍ਰਿੰ. ਮਨਜੀਤ ਸਿੰਘ, ਬਲਵਿੰਦਰ ਬੁਲੋਵਾਲ, ਸੁਖਜੀਤ ਸਿੰਘ ਅੱਬੋਵਾਲ, ਰਾਮ ਲੁਭਾਇਆ, ਦਿਲਰਾਜ, ਸੁਰਿੰਦਰ ਪਾਲ ਪੱਦੀ ਜਗੀਰ ਹਾਜ਼ਰ ਸਨ।

# ਸੰਧਰਾਂ 'ਚ ਡਾ. ਅੰਬੇਡਕਰ ਜੈਅੰਤੀ ਮਨਾਈ



**ਅੱਡਾ ਸਰਾਂ ( ਜਸਵੀਰ ਕਾਜਲ )**-ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਗਰੀਬਾਂ ਦੇ ਮਸੀਹਾ ਅਤੇ ਭਾਰਤੀ ਕਾਨੂੰਨ ਦੇ ਪਹਿਲੇ ਮੰਤਰੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ 16 ਅਪ੍ਰੈਲ 2023 ਨੂੰ ਡਾਕਟਰ ਅੰਬੇਡਕਰ ਸਪੋਰਟਸ ਕਲੱਬ ਪਿੰਡ ਸੰਧਰਾਂ ਵਲੋਂ ਮਨਾਇਆ ਗਿਆ। ਇਹ ਪ੍ਰੋਗਰਾਮ ਸ਼ਾਮ 7 ਵਜੇ ਤੋਂ ਦੇਰ ਰਾਤ 11 ਵਜੇ ਤਕ ਚੱਲਿਆ। ਜਿਸ ਵਿੱਚ ਅੰਬੇਡਕਰੀ ਮਿਸ਼ਨਰੀ ਕਲਾਕਾਰ ,ਬੁਲਾਰਿਆਂ ਅਤੇ ਉਚ ਪਦਵੀਆਂ 'ਤੇ ਪਹੁੰਚੇ ਅੰਬੇਡਕਰੀ ਸਾਥੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਡਾਕਟਰ ਹਰਿੰਦਰਪਾਲ ਸਿੰਘ ਸਾਬਕਾ ਸਰਪੰਚ ਪਿੰਡ ਬਘਿਆੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਸਮਾਜ ਨੂੰ ਇਸ ਮੌਜੂਦਾ ਸਮੇਂ ਇਕੱਠੇ ਹੋਣ ਦੀ ਲੋੜ ਹੈ । ਬਾਬਾ ਸਾਹਿਬ ਦੀ ਬਦੌਲਤ ਅਸੀਂ ਪੜ੍ਹ ਲਿਖ ਸਕੇ ਹਾਂ ਤੇ ਉੱਚ ਪਦਵੀਆਂ 'ਤੇ ਪਹੁੰਚੇ ਹਾਂ । ਅਸੀਂ ਉਨ੍ਹਾਂ ਦਾ ਸਮਾਜ ਪ੍ਰਤੀ ਕੀਤੇ ਕੰਮਾ ਦਾ ਦੇਣਾ ਨਹੀਂ ਦੇ ਸਕਦੇ । ਪਰ ਆਪਣੇ ਪਿੰਡਾਂ ਵਿੱਚ ਛੋਟੀਆਂ-ਵੱਡੀਆਂ ਕਮੇਟੀਆਂ,ਸੰਸਥਾਵਾਂ ਸਥਾਪਿਤ ਕਰ ਡਾ. ਅੰਬੇਡਕਰ ਦੇ ਮਿਸ਼ਨ ਨੂੰ ਫੈਲਾਇਆ ਜਾ ਸਕਦਾ ਹੈ। ਬੱਚਿਆਂ ਨੇ ਡਾ. ਅੰਬੇਡਕਰ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਕਵਿਤਾਵਾਂ ਪੇਸ਼ ਕੀਤੀਆਂ । ਪਿੰਡ ਜੌੜਾ ਦੇ ਬੱਚਿਆਂ ਨੇ ਬਾਬਾ ਸਾਹਿਬ ਦੇ ਮਿਸ਼ਨਰੀ ਗੀਤਾਂ ਉਪਰ ਭੰਗੜਾ ਪਾ ਕੇ ,ਆਈਆਂ ਹੋਈਆਂ ਸੰਗਤਾ ਨੂੰ ਕੀਲੀ ਰੱਖਿਆ । ਇਸ ਮੌਕੇ ਪ੍ਰਧਾਨ ਕੈਪਟਨ ਪਰਮਜੀਤ ਸਿੰਘ, ਕਮੇਟੀ ਮੈਂਬਰ ਜਰਨੈਲ ਸਿੰਘ, ਸਰਪੰਚ ਸੁਰਜੀਤ ਸਿੰਘ ਸੰਧਰਾਂ , ਸਰਵਣ ਸਿੰਘ, ਥਾਣੇਦਾਰ ਜਸਪਾਲ ਸਿੰਘ, ਦਿਲਬਾਗ ਸਿੰਘ, ਬਲਬੀਰ ਸਿੰਘ, ਬਲਜਿੰਦਰ ਸਿੰਘ, ਹਰਦੀਪ ਸਿੰਘ, ਮਹਿੰਦਰ ਸਿੰਘ ,ਜਗਦੀਸ਼ ਰਾਮ, ਸਤਨਾਮ ਸਿੰਘ , ਡਾ. ਚਰਨਜੀਤ ਸਿੰਘ ਪੜਬੱਗਾ ਚੇਅਰਮੈਨ ਡਾਕਟਰ ਅੰਬੇਡਕਰ ਯੂਥ ਕਲੱਬ ਰਜਿ ਕੰਧਾਲਾ ਜੱਟਾਂ , ਹਰਪ੍ਰੀਤ ਸਿੰਘ ਹੈਪੀ , ਮਨਿੰਦਰ ਸਿੰਘ ਮੰਗਾ ਅਤੇ ਪਿੰਡ ਦੇ ਬਹੁਤ ਸਾਰੇ ਪਤਵੰਤੇ ਸੱਜਣ, ਬੀਬੀਆਂ ਤੇ ਬੱਚੇ ਹਾਜਰ ਸਨ।

# ਮਹਿੰਦਰਾ ਪਬਲਿਕ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

**ਕਰਤਾਰਪੁਰ (ਹਰਮੇਸ਼ ਦੱਤ)** ਪੰਜਾਬ ਸਕੂਲ ਸਿਖਿਆ ਬੋਰਡ ਵੱਲੋ ਐਲਾਨੇ ਗਏ ਪੰਜਵੀਂ ਸ਼੍ਰੇਣੀ ਦੇ ਨਤੀਜੇ ਵਿੱਚੋਂ ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਦਾ ਰਿਜਲਟ ਸੌ ਫੀਸਦੀ ਰਿਹਾ। ਪਹਿਲੀਆਂ ਪੁਜੀਸ਼ਨਾਂ ਪ੍ਰਪਤ ਕਰਨ ਵਾਲੇ ਵਿਦਿਆਰਥੀਆਂ ਵਿੱਚੋਂ ਦਮਨਪ੍ਰੀਤ ਕੌਰ ਨੇ 98.4 ਫੀਸਦੀ ਅੰਕਾਂ ਨਾਲ ਪਹਿਲਾ,ਸਿਮਰਨਪ੍ਰੀਤ ਕੌਰ ਨੇ 97.6 ਪ੍ਰਤੀਸ਼ਤ ਅੰਕਾਂ ਨਾਲ ਦੂਸਰਾ ਸਥਾਨ ਤੇ ਹਰਵਿੰਦਰ ਕੌਰ ਅਤੇ



ਗੁਰਜੋਤ ਸਿੰਘ ਦੋਵਾਂ ਨੇ 97 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ ਪੱਡਾ ਨੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ। ਇਸ ਮੌਕੇ ਮੈਡਮ ਰੇਣੂ ਸ਼ਰਮਾ,ਕੰਚਨ ਸ਼ਰਮਾ,ਰਾਣੀ ਭਾਟੀਆ,ਪਰਮਜੀਤ ਕੌਰ,ਦਲਵਿੰਦਰ ਕੌਰ,ਰਮਨਦੀਪ,ਕਰਨਜੋਤ ਕੌਰ, ਸੰਗੀਤਾ ਸ਼ਰਮਾ,ਰਜਨੀ ਸ਼ਰਮਾ,ਸ਼ਿਵਾਨੀ, ਨੀਤੂ,ਅਰਚਨਾ,ਰਜਨੀ ਜੋਸ਼ੀ,ਲੀਨਾ ਰੇਣੂ ਬਾਲਾ,ਹਰਦੀਪ ਕੌਰ,ਅਨੂ,ਰਾਜ ਕੁਮਾਰ ਅਤੇ ਵਿਦਿਆਰਥੀ ਹਾਜਰ ਸਨ।

# ਅੰਬੇਡਕਰ ਜੈਅੰਤੀ ਮੌਕੇ ਨਾਟਕ ਮੇਲਾ ਕਰਵਾਇਆ



**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**- ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਪਿੰਡ ਕਾਲੇਵਾਲ ਭਗਤਾਂ ਵੱਲੋਂ ਡੇਰਾ 108 ਸੰਤ ਬਾਬਾ ਪੂਰਨ ਦਾਸ ਹੈੱਡ ਆਫਿਸ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਰਜਿਸਟਰਡ ਦੇ ਮੌਜੂਦਾ ਗੱਦੀਨਸੀਨ ਸੰਤ ਸੀਤਲ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ 132 ਵੀਂ ਜੈਅੰਤੀ ਦੇ ਸਬੰਧ ਵਿਚ ਸਮਾਗਮ ਕਰਵਾਇਆ ਗਿਆ। ਇਸ ਮੌਕੇ ਆਰਟ ਸੈਂਟਰ ਬਾਹੋਵਾਲ ਦੀ ਟੀਮ ਵੱਲੋਂ ਜਗਤਾਰ ਬਾਹੋਵਾਲ ਦੀ ਨਿਰਦੇਸਨਾਂ ਹੇਠ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨਾਲ ਸਬੰਧਤ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਬਾਬਾ ਸਾਹਿਬ ਦੇ ਜੀਵਨ ਨਾਲ ਸਬੰਧਿਤ ਹਰਪ੍ਰੀਤ ਤੇ ਕਿਰਨ ਬਾਲਾ ਵੱਲੋਂ ਤਿਆਰ ਕੀਤੀਆਂ ਕੋਰੀਓਗ੍ਰਾਫੀਆਂ ਵੀ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਵੱਖ-ਵੱਖ ਕਲਾਸਾਂ ਦੇ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਕਮਲਜੀਤ ਜਰਮਨ,ਸੰਨੀ ਜਰਮਨ, ਨਰਿੰਦਰਪਾਲ, ਸੂਰਜ ਕੁਮਾਰ ਆਦਿ ਹਾਜਰ ਹੋਏ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਜਸਵੰਤ ਰਾਏ, ਚੇਅਰਮੈਨ ਸਤਵਿੰਦਰ ਮਿੰਟੂ, ਮਹਿੰਦਰ ਪਾਲ, ਸੋਹਣ ਲਾਲ, ਸੁਖਵਿੰਦਰ ਸਿੰਘ, ਲਵਪ੍ਰੀਤ, ਸਰਵਸਾਬੀ, ਸੰਦੀਪ ਕੁਮਾਰ, ਬਿੰਦਰ ਆਦਿ ਹਾਜਰ ਸਨ। ਸਤਵਿੰਦਰ ਮਿੰਟੂ ਨੇ ਕਿਹਾ ਕਿ ਸਾਨੂੰ ਸੰਵਿਧਾਨ ਨਿਰਮਾਤਾ ਵੱਲੋਂ ਦਰਸਾਏ ਮਾਰਗ 'ਤੇ ਚਲਦੇ ਹੋਏ ਵੱਧ ਤੋਂ ਵੱਧ ਗਿਆਨਵਾਨ ਤੇ ਵਿਵੇਕਸ਼ੀਲ ਬਣਨਾ ਚਾਹੀਦਾ ਹੈ।

# ਸੇਂਟ ਸੋਲਜਰ ਕਾਲਜ ਆਫ਼ ਐਜੂਕੇਸ਼ਨ ਦਾ ਬੀ ਐੱਡ ਨਤੀਜਾ ਸ਼ਾਨਦਾਰ



**ਜਲੰਧਰ, (ਇਕਬਾਲ ਸਿੰਘ ਉੱਭੀ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ.ਐੱਡ ਦੇ ਪਹਿਲੇ ਸਮੈਸਟਰ ਦੇ ਨਤੀਜਿਆਂ 'ਚ ਸੇਂਟ ਸੋਲਜਰ ਕਾਲਜ ਆਫ਼ ਐਜੂਕੇਸ਼ਨ ਦੇ ਨਤੀਜੇ ਸ਼ਾਨਦਾਰ ਅਤੇ 100 ਫ਼ੀਸਦੀ ਰਹੇ। ਚੇਅਰਮੈਨ ਅਨਿਲ ਚੋਪੜਾ, ਵਾਇਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਸਖਤ ਮਿਹਨਤ ਕਰਕੇ ਆਪਣਾ ਨਾਂਅ ਰੌਸ਼ਨ ਕਰਨ ਲਈ ਕਿਹਾ। ਕਾਲਜ ਡਾਇਰੈਕਟਰ ਡਾ. ਅਲਕਾ ਗੁਪਤਾ ਨੇ ਦੱਸਿਆ ਕਿ 475 ਅੰਕਾਂ 'ਚੋਂ ਮਹਿਕ ਖੰਨਾ ਨੇ 349, ਸਮਰਿਧੀ ਸ਼ਰਮਾ ਨੇ 344, ਬਰਲੀਨ ਕੌਰ ਨੇ 343, ਮਾਨਸੀ ਚੌਹਾਨ ਨੇ 337, ਬਿੰਦੀਆ ਨੇ 337, ਆਰਤੀ ਗੁਪਤਾ ਨੇ 336, ਦੀਪਿਕਾ ਨੇ 335, ਗੁਰਪ੍ਰੀਤ ਕੌਰ ਨੇ 334, ਰੁਚੀ ਨੇ 333, ਕੁਮਾਰੀ ਕਾਮਿਨੀ, ਰਮਨਦੀਪ ਕੌਰ ਨੇ 332, ਪਾਇਲ ਨੇ 330 ਅੰਕ ਪ੍ਰਾਪਤ ਕੀਤੇ। ਡਾ. ਗੁਪਤਾ ਨੇ ਦੱਸਿਆ ਕਿ ਕਾਲਜ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਨਾਲ ਪਾਸ ਹੋਏ ਹਨ।

# ਨੌਜਵਾਨ ਵਰਗ ਦਾ ਸਿਹਤਮੰਦ ਲੋਕਤੰਤਰ 'ਚ ਯੋਗਦਾਨ ਵਿਸ਼ੇ 'ਤੇ ਸੈਮੀਨਾਰ



**ਜਲੰਧਰ(ਰਾਜੇਸ਼ ਥਾਪਾ)** ਜਲੰਧਰ ਦੇ ਡੀਏਵੀ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਵਿਖੇ ਜ਼ਿਲ੍ਹਾ ਪ੍ਰਸ਼ਾਸਨ, ਬਹੁਮੰਤਵੀ ਸਮਾਜ ਸੇਵੀ ਸੰਸਥਾ ਦਿਸ਼ਾ ਦੀਪ ਅਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਜਲੰਧਰ ਲੋਕ ਸਭਾ ਹਲਕੇ ਲਈ ਅਗਾਮੀ ਉਪ ਚੋਣਾਂ ਦੇ ਮੱਦੇਨਜਰ ਨੌਜਵਾਨ ਵਰਗ ਨੂੰ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਪ੍ਰਤੀ ਜਾਗਰਿਤ ਕਰਨ ਅਤੇ ਨੌਜਵਾਨ ਵਰਗ ਦਾ ਸਿਹਤਮੰਦ ਲੋਕਤੰਤਰ ਵਿੱਚ ਯੋਗਦਾਨ ਵਿਸ਼ੇ 'ਤੇ ਸੈਮੀਨਾਰ ਦਾ ਸਫਲ ਆਯੋਜਨ ਕੀਤਾ ਗਿਆ। ਡੇਵੀਏਟ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਨਵਲ ਨੇ ਕਿਹਾ ਕਿ ਵੋਟ ਸਾਡੇ ਲੋਕਤੰਤਰ ਦਾ ਇਕ ਮਜਬੂਤ ਥੰਮ੍ਹ ਹੈ ਜਿਸ ਰਾਹੀਂ ਅਸੀਂ ਅਪਣੇ ਪ੍ਰਤੀਨਿਧ ਚੁਣਦੇ ਹਾਂ ਅਤੇ ਉਹ ਚੁਣੇ ਹੋਏ ਪ੍ਰਤੀਨਿਧ ਲੋਕਤੰਤਰ ਨੂੰ ਦਸ਼ਾ ਅਤੇ ਦਿਸ਼ਾ ਪ੍ਰਦਾਨ ਕਰਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਹੱਕ ਦਾ ਸਹੀ ਇਸਤੇਮਾਲ ਕਰਨ ਅਤੇ ਲੋਕਤੰਤਰ ਦੀ ਮਜਬੂਤੀ ਲਈ ਅਤੇ ਇਸ ਦੇ ਉਸਾਰੂ ਭਵਿੱਖ ਲਈ ਆਪਣਾ ਬਣਦਾ ਯੋਗਦਾਨ ਦੇਣ। ਬਹੁਮੰਤਵੀ ਸਮਾਜਸੇਵੀ ਸੰਸਥਾ ਦਿਸਾ ਦੀਪ ਦੇ ਸੰਸਥਾਪਕ ਅਤੇ ਚੀਫ ਐਸ ਐਮ ਸਿੰਘ ਨੇ ਕਿਹਾ ਕਿ ਵੋਟ ਦਾ ਅਧਿਕਾਰ ਮੌਲਿਕ ਅਧਿਕਾਰ ਦੇ ਨਾਲ ਨਾਲ ਸਾਡਾ ਕੌਮੀ ਅਤੇ ਨੈਤਿਕ ਫਰਜ ਵੀ ਹੈ। ਦਿਸ਼ਾ ਦੀਪ ਨਿਰੰਤਰ ਕੋਸ਼ਿਸ਼ ਕਰ ਰਿਹਾ ਹੈ ਕਿ ਸੈਮੀਨਾਰਾਂ ਰਾਹੀਂ ਨੌਜਵਾਨ ਵਰਗ ਨੂੰ ਜਾਗਰੂਕ ਕਰਕੇ ਅਤੇ ਮੁੱਖਧਾਰਾ ਵਿੱਚ ਸ਼ਾਮਲ ਕਰਵਾ ਕੇ ਬਿਨਾਂ ਕਿਸੇ ਭੇਦ ਭਾਵ ਜਾਂ ਲਾਲਚ ਦੇ ਦੇਸ਼ ਦੇ ਨਾਗਰਿਕ ਇਸ ਦਾ ਸਹੀ ਇਸਤੇਮਾਲ ਕਰਨ ਅਤੇ ਰਾਜਸੀ ਪਾਰਟੀਆਂ ਦੇ ਕੀਮਤੀ ਵੋਟ ਪ੍ਰਾਪਤੀ ਲਈ ਵਰਤੇ ਜਾਂਦੇ ਹਥਕੰਡਿਆਂ ਅਤੇ ਪਰਲੋਭਨ ਵਿੱਚ ਨਾ ਫਸਣ। ਇਸ ਸੈਮੀਨਾਰ ਵਿਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਤਿਆਰ ਅਤੇ ਨਿਰਦੇਸ਼ਤ ਕੀਤਾ ਨੁੱਕੜ ਨਾਟਕ "ਮਤਦਾਨ" ਪੇਸ਼ ਕੀਤਾ ਗਿਆ ਅਤੇ ਇੱਕ ਪ੍ਰਸ਼ਨ ਉੱਤਰ ਪ੍ਰੋਗਰਾਮ ਦਾ ਵੀ ਆਯੋਜਨ ਕੀਤਾ ਗਿਆ।

# ਅੰਬੇਡਕਰ ਜੈਅੰਤੀ ਦੀ ਖੁਸ਼ੀ 'ਚ ਲੋੜਵੰਦ ਬੱਚੀ ਨੂੰ ਨਵਾਂ ਸਾਈਕਲ ਭੇਟ

**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**- ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ 132 ਵੀਂ ਜੈਅੰਤੀ ਦੀ ਖੁਸ਼ੀ ਵਿੱਚ ਨਿਰਵਾਣ ਕੁਟੀਆ ਮਾਹਿਲਪੁਰ ਵਿਖੇ ਹੋਏ ਇੱਕ ਸਮਾਗਮ ਦੌਰਾਨ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲੀਏ ਵੈਲਫੇਅਰ ਸੁਸਾਇਟੀ ਵੱਲੋਂ ਇੱਕ ਲੋੜਵੰਦ ਪਰਵਾਰ ਦੀ 7 ਵੀਂ ਕਲਾਸ ਵਿੱਚ ਪੜ੍ਹਦੀ ਬੱਚੀ ਗੁਰਦੀਪ ਕੌਰ ਨੂੰ ਨਵਾਂ ਸਾਈਕਲ ਲੈ ਕੇ ਦਿੱਤਾ ਗਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸੰਤ ਬਾਬਾ ਬਲਬੀਰ ਸਿੰਘ ਲੰਗੇਰੀ, ਸੰਤ ਮੇਜਰ ਦਾਸ, ਲੱਡੂ ਬਾਬਾ ਮੰਨਣਹਾਣਾ, ਸੰਤ ਬਲਵੀਰ ਦਾਸ ਭਾਰਟਾ, ਡਾਕਟਰ ਮਾਰਿਆ, ਸੁਸਾਇਟੀ ਦੇ ਖਜ਼ਾਨਚੀ ਤੀਰਥ ਸਿੰਘ, ਜਨਰਲ ਸਕੱਤਰ ਨਿਰਮਲ ਸਿੰਘ ਮੁੱਗੋਵਾਲ, ਬਲਵਿੰਦਰ ਕੌਰ, ਤਰਸੇਮ ਕੌਰ, ਦੀਆ, ਜੈਸਮੀਨ, ਰਿੰਪੀ, ਸੁਨੀਤਾ, ਗੁਰਮੇਲ ਸਿੰਘ, ਪ੍ਰੀਤਮ ਕੌਰ, ਹਰਦੀਪ ਕੌਰ ਦੀਪੀ, ਮਨਦੀਪ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਸੰਤ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਸੁਸਾਇਟੀ ਨੂੰ ਬਣਿਆਂ ਹਾਲਾਂ ਸਿਰਫ ਇੱਕ ਮਹੀਨਾ ਹੀ ਹੋਇਆ ਹੈ। ਸੁਸਾਇਟੀ ਵੱਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਇਸ ਤੋਂ ਪਹਿਲਾਂ ਇੱਕ ਲੋੜਵੰਦ ਬੱਚੀ ਨੂੰ ਹਰਮੋਨੀਅਮ ਲੈ ਕੇ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਇੱਕ ਲੋੜਵੰਦ ਪਰਵਾਰ ਦੀ ਲੜਕੀ ਦੇ ਵਿਆਹ ਮੌਕੇ ਸਹਾਇਤਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਹਰ ਮਹੀਨੇ ਕਿਸੇ ਇੱਕ ਲੋੜਵੰਦ ਸਾਥੀ ਦੀ ਮਦਦ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਮਦਦ ਕਰਨ ਲਈ ਹਮੇਸ਼ਾ ਹੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਖਾਲਸਾ ਸਾਜਨਾ ਦਿਵਸ, ਅੰਬੇਡਕਰ ਜੈਅੰਤੀ ਅਤੇ ਵਿਸਾਖੀ ਦੀਆ ਵਧਾਈਆਂ ਦਿੰਦਿਆਂ ਕਿਹਾ ਕਿ ਸਾਨੂੰ ਸਭਨਾਂ ਨੂੰ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਹਮੇਸ਼ਾ ਹੀ ਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਨਸ਼ਿਆਂ ਦਾ ਤਿਆਗ ਕਰਦੇ ਹੋਏ ਰੋਜ਼ਾਨਾ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਕਰਨ ਉਪਰੰਤ ਨਿਤਨੇਮ ਅਤੇ ਧਿਆਨ ਸਾਧਨਾ ਕਰਨ ਦੀ ਆਦਤ ਪਾਉਣੀ ਚਾਹੀਦੀ

# ਡਾ. ਅੰਬੇਡਕਰ ਜੈਅੰਤੀ ਮੌਕੇ ਹੋਣਹਾਰ ਵਿਦਿਆਰਥੀਆਂ ਤੇ ਖਿਡਾਰੀਆਂ ਨੂੰ ਕੀਤਾ ਸਨਮਾਨਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ 132ਵੇਂ ਜਨਮ ਦਿਨ ਨੂੰ ਮਨਾਉਂਦਿਆਂ ਪਿੰਡ ਅੱਤੋਵਾਲ ਵਿਖੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਮੇਟੀ ਪ੍ਰਧਾਨ ਜਸਵਿੰਦਰ ਸਿੰਘ ਦੀ ਅਗਵਾਈ ਵਿਚ ਇਕ ਸਮਾਗਮ ਬੜੀ ਧੂਮ-ਧਾਮ ਨਾਲ ਕਰਵਾਇਆ ਗਿਆ। ਸਮਾਗਮ ਦੀ ਆਰੰਭਤਾ ਡਾ.ਅੰਬੇਡਕਰ ਸਾਹਿਬ ਦੀ ਫੋਟੋ ਅੱਗੇ ਸ਼ਰਧਾ ਦੇ ਫੁੱਲ ਅਰਪਣ ਕਰਨ ਉਪਰੰਤ ਅਤੇ ਸਕੂਲੀ ਵਿਦਿਆਰਥਣ ਤਨਵੀਰ ਕੌਰ ਵੱਲੋਂ ਧਾਰਮਿਕ ਸ਼ਬਦ ਗਾਇਨ ਕਰਕੇ ਕੀਤੀ ਗਈ। ਵਿਦਿਆਰਥੀਆਂ ਸਮੇਤ ਵੱਖ ਵੱਖ ਬੁਲਾਰਿਆਂ ਨੇ ਡਾ.ਅੰਬੇਡਕਰ ਸਾਹਿਬ ਦੀ ਜੀਵਨੀ ਅਤੇ ਸੰਘਰਸ਼ ਬਾਰੇ ਜਾਣੂ ਕਰਵਾਇਆ। ਵਿਦਿਆਰਥੀਆਂ ਵਿਚਕਾਰ ਪੇਂਟਿੰਗ ਅਤੇ ਕੁਇਜ ਮੁਕਾਬਲਾ ਵੀ ਕਰਵਾਇਆ ਗਿਆ। ਹੋਣਹਾਰ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਜਸਵਿੰਦਰ ਸਿੰਘ ਪ੍ਰਧਾਨ, ਰਮੇਸ਼ ਕੁਮਾਰ ਖਜਾਨਚੀ, ਧਰਮੇਸ਼ ਸਿੰਘ ਸੰਯੁਕਤ ਖਜਾਨਚੀ, ਅਮਰ ਚੰਦ ਫੌਜੀ, ਜਗਦੀਸ਼ ਲਾਲ, ਸੁਰਜੀਤ ਰਾਮ, ਗੁਰਦੇਵ ਸਿੰਘ, ਰਾਮ ਲਾਲ, ਦੁਆਰਕਾ ਦਾਸ, ਦਲਜਿੰਦਰ ਸਿੰਘ, ਕਮਲਜੀਪ ਕੌਰ ਮੈਂਬਰ ਪੰਚਾਇਤ, ਪ੍ਰਭਜੋਤ ਕੌਰ, ਸੁਖਪ੍ਰੀਤ ਸਿੰਘ, ਹਰਜਿੰਦਰਪਾਲ, ਅਮਰੀਕ ਸਿੰਘ, ਵਿਜੇ ਕੁਮਾਰ, ਮਹਿੰਦਰ ਸਿੰਘ, ਚੰਦਰਪਾਲ ਆਦਿ ਸਮੇਤ ਬੱਚੇ ਵੀ ਹਾਜਰ ਸਨ।

# ਰੂਰਲ ਵੈਟਰਨਰੀ ਦਰਜਾ ਚਾਰ ਕਰਮਚਾਰੀ ਯੂਨੀਅਨ ਜ਼ਿਮਨੀ ਚੋਣ ਤੋਂ ਪਹਿਲਾਂ ਕਰਨਗੇ ਮਹਾਂ ਰੈਲੀ

**ਸ੍ਰੀ ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ )**-ਰੂਰਲ ਵੈਟਰਨਰੀ ਦਰਜਾ ਚਾਰ ਯੂਨੀਅਨ ਦੇ ਸੂਬਾ ਪ੍ਰਧਾਨ ਦਲਵਿੰਦਰ ਸਿੰਘ ਸੋਨੂੰ ਖਮਾਣੋਂ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਅਤੇ ਰਣਜੀਤ ਸਿੰਘ ਹਾਫਿਜਾਬਾਦ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣਾਂ ਤੋਂ ਪਹਿਲਾਂ ਰੂਰਲ ਵੈਟਰਨਰੀ ਦਰਜਾ ਚਾਰ ਕਰਮਚਾਰੀਆਂ ਨਾਲ ਸਰਕਟ ਹਾਊਸ ਲੁਧਿਆਣਾ ਵਿਖੇ ਮੀਟਿੰਗ ਕਰਕੇ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਂਦਿਆਂ ਹੀ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ ਪਰ ਹੁਣ ਇਨ੍ਹਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਇਨ੍ਹਾਂ ਨਾਲ ਇੱਕ ਵਾਰ ਵੀ ਮੀਟਿੰਗ ਨਹੀਂ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਕੱਚੇ ਮੁਲਾਜ਼ਮ 2006 ਤੋਂ ਲਗਾਤਾਰ 17 ਸਾਲਾਂ ਦੇ ਕਰੀਬ ਲੰਬੇ ਅਰਸੇ ਤੋਂ ਬਹੁਤ ਹੀ ਘੱਟ ਤੇ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਾਂ। ਇਸ ਦੇ ਬਾਵਜੂਦ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਤਵੱਜੋ ਨਹੀਂ ਦਿੱਤੀ। ਰੂਰਲ ਵੈਟਰਨਰੀ ਦਰਜਾ ਚਾਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਵਾਅਦੇ ਮੁਤਾਬਕ ਹੁਣ ਵੀ ਮੁੱਖ ਮੰਤਰੀ ਸਾਡੇ ਨਾਲ ਕੋਈ ਮੀਟਿੰਗ ਨਹੀਂ ਕਰਦੇ ਤਾਂ ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ 19 ਅਪ੍ਰੈਲ ਨੂੰ ਜਲੰਧਰ ਵਿਖੇ ਮਹਾਂ ਰੈਲੀ ਕਰਕੇ ਸਰਕਾਰ ਦੇ ਝੂਠੇ ਵਾਅਦਿਆਂ ਦੀ ਪੰਡ ਲੋਕਾਂ ਕੋਲ ਖੋਲ੍ਹਣਗੇ। ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ ਅਤੇ ਲੋੜ ਪੈਣ 'ਤੇ ਆਗੂ ਮਰਨ ਵਰਤ 'ਤੇ ਵੀ ਬੈਠਣਗੇ। ਇਸ ਮੌਕੇ ਗੁਰਦੀਪ ਸਿੰਘ, ਦਰਸ਼ਨ ਸਿੰਘ ਖੇੜੀ ਸਲਾਬਤਪੁਰ ਅਤੇ ਅਲਵਿੰਦਰ ਸਿੰਘ ਗੱਗੋਂ ਵੀ ਹਾਜਰ ਸਨ।

# 403ਵਾਂ ਦੰਦਾਂ ਤੇ ਜਬਾੜਿਆਂ ਦਾ ਲਗਾਇਆ ਕੈਂਪ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਚੇਅਰਮੈਨ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਬਲੱਡ ਬੈਂਕ 'ਚ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਯਾਦ ਵਿਚ 403ਵਾਂ ਦੰਦਾਂ ਦੀਆਂ ਬਿਮਾਰੀਆਂ ਅਤੇ ਜਬਾੜਿਆਂ ਦਾ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਲਗਾਇਆ ਗਿਆ। ਉਦਘਾਟਨ ਉੱਘੇ ਸਮਾਜ ਸੇਵਕ ਮਹਿੰਦਰ ਸਿੰਘ ਭੱਟੀ ਨੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ ਜਦਕਿ ਕੈਂਪ ਦੇ ਆਰਗਨਾਈਜ਼ਰ ਸਤਪਾਲ ਸੇਠੀ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਰਹੇ। ਮੁੱਖ ਮਹਿਮਾਨ ਮਹਿੰਦਰ ਸਿੰਘ ਭੱਟੀ ਨੇ ਬਲੱਡ ਬੈਂਕ ਵਲੋਂ ਸਮਾਜ ਸੇਵਾ 'ਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਦੀ 25 ਮੈਂਬਰੀ ਮੋਬਾਇਲ ਟੀਮ ਨੇ ਲੋੜਵੰਦ ਮਰੀਜਾਂ ਦੇ ਦੰਦਾਂ ਅਤੇ ਜਬਾੜਿਆਂ ਦਾ ਮੁਆਇਨਾ ਕੀਤਾ। ਡਾਕਟਰਾਂ ਵਲੋਂ 141 ਲੋੜਵੰਦਾਂ ਦੇ ਦੰਦਾ ਦੀ ਸਫਾਈ ਤੇ ਭਰਾਈ ਤੋਂ ਇਲਾਵਾ ਮਰੀਜਾਂ ਦੇ ਖਰਾਬ ਦੰਦਾਂ ਨੂੰ ਬਾਹਰ ਕੱਢਿਆ ਗਿਆ ਅਤੇ ਲੋੜਵੰਦਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ।

15 ਨਵੇਂ ਤਿਆਰ ਹੋਏ ਜਬਾੜੇ ਲੋੜਵੰਦਾਂ ਵਿਚ ਤਕਸੀਮ ਕੀਤੇ ਗਏ ਅਤੇ 15 ਹੋਰ ਨਵੇਂ ਜਬਾੜੇ ਲਗਾਉਣ ਦੀ ਪਹਿਲੀ ਪ੍ਰਕ੍ਰਿਆ ਪੂਰੀ ਕੀਤੀ ਗਈ। ਉਹਨਾਂ ਦੱਸਿਆ ਕਿ ਅਗਲਾ ਕੈਂਪ 1 ਮਈ ਨੂੰ ਲਗਾਇਆ ਜਾਵੇਗਾ। ਇਸ ਮੌਕੇ ਮੋਹਨ ਲਾਲ ਤਨੇਜਾ, ਕੁਲਦੀਪ ਦੁੱਗਲ, ਗੁਲਸ਼ਨ ਕਪੂਰ, ਵਿਸ਼ਵਾ ਮਿੱਤਰ ਸ਼ਰਮਾ, ਕ੍ਰਿਸ਼ਨ ਕੁਮਾਰ, ਤਾਰਾ ਚੰਦ ਚੁੰਬਰ, ਅਮਰਜੀਤ ਕੁਮਾਰ, ਸੁਧਾ ਬੇਦੀ, ਰੂਪ ਲਾਲ, ਆਰ.ਪੀ. ਨਹਿਰਾ, ਮਿਸੇਜ ਪੂਨਮ ਆਦਿ ਹਾਜਰ ਸਨ।

# ਡਾਕਟਰ ਅੰਬੇਡਕਰ ਦਾ ਜਨਮ ਦਿਹਾੜਾ ਉਤਸ਼ਾਹ ਨਾਲ ਮਨਾਇਆ



**ਖਰੜ: (ਹਰਨਾਮ ਸਿੰਘ ਡੱਲਾ)** ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ 132ਵੇਂ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਸ੍ਰੀ ਗੁਰੂ ਰਵਿਦਾਸ ਭਵਨ ਖਰੜ ਵਿਖੇ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਓਂਕਾਰ ਨਾਥ ਡਿਪਟੀ ਸੀ ਏ ਜੀ (ਰਿਟਾ:) ਵਲੋਂ ਕੀਤੀ ਗਈ। ਡੀ.ਆਰ.ਪਾਲ ਜਨਰਲ ਸਕੱਤਰ ਫੋਰਮ ਫਾਰ ਵੀਕਰ ਸੈਕਸਨ ਰਜਿ: ਪੰਜਾਬ, ਬੀ.ਡੀ.ਸਵੈਨ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਮੋਹਾਲੀ,ਜੇ.ਪੀ.ਹਾਂਡਾ, ਐਡਵੋਕੇਟ ਆਰ.ਏ.ਸੁਮਨ,ਸੋਨੀ ਰਾਮ,ਕਿਰਪਾਲ ਸਿੰਘ ਮੁੰਡੀ ਖਰੜ, ਕਹਾਣੀਕਾਰ ਗੁਰਮੀਤ ਸਿੰਘ ਸਿੰਗਲ, ਐਡਵੋਕੇਟ ਤਰਸੇਮ ਸਿੰਘ ਸਹੋਤਾ,ਫਤਿਹ ਜੰਗ ਸਿੰਘ, ਗੁਰਵਿੰਦਰ ਸਿੰਘ ਐੱਸ ਡੀ ਓ, ਸੁਰਿੰਦਰ ਸਿੰਘ ਬਡਾਲਾ ਪ੍ਰਧਾਨ ਲੇਬਰ ਚੌਂਕ ਖਰੜ,ਬੀਬੀ ਗੁਰਦੀਪ ਕੌਰ ਵਾਈਸ ਪ੍ਰਧਾਨ ਨਗਰ ਕੌਂਸਲ ਖਰੜ,ਸੋਹਣ ਸਿੰਘ ਐੱਮ ਸੀ, ਸੁਖਵਿੰਦਰ ਸਿੰਘ ਗੁਰੂ,ਜੈ ਜੈ ਪਾਲ ਸਿੰਘ, ਹਰਬੰਸ ਸਿੰਘ ਭੱਟੀ, ਰਾਜਿੰਦਰ ਸਿੰਘ ਘੜੂੰਆਂ ਅਤੇ ਵੱਡੀ ਗਿਣਤੀ ਵਿੱਚ ਸਰੋਤਿਆਂ ਨੇ ਭਾਗ ਲਿਆ। ਡਾਕਟਰ ਟੀ.ਆਰ.ਸਰੰਗਲ ਨੇ ਦਲਿਤ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਡੇ ਪੁਰਖਿਆਂ ਨੇ ਜਾਤ ਪਾਤ ਦੀ ਨਫਰਤ ਹੰਢਾਈ ਹੈ।

ਅਸੀਂ ਵੀ ਦਫਤਰਾਂ ਵਿੱਚ ਉੱਚ ਅਹੁਦਿਆਂ ਉੱਤੇ ਹੋਣ ਦੇ ਬਾਵਜੂਦ ਜਾਤ ਅਧਾਰਤ ਨਫਰਤ ਤੋਂ ਬਚ ਨਹੀਂ ਸਕੇ।

ਡਾਕਟਰ ਭੀਮ ਰਾਓ ਅੰਬੇਡਕਰ ਨੇ ਦਲਿਤਾਂ ਨੂੰ ਹੱਕ ਦਿਵਾ ਕੇ ਸਨਮਾਨ ਯੋਗ ਜਿੰਦਗੀ ਜਿਊਣਾ ਸਿਖਾਇਆ ਹੈ। ਉਨ੍ਹਾਂ ਤੋਂ ਬਿਨਾਂ ਸਭਾ ਦੇ ਪ੍ਰਧਾਨ ਹਰਕਾਦਾਸ, ਗੁਰਮੀਤ ਸਿੰਗਲ,ਡੀ.ਆਰ.ਪਾਲ, ਐੱਚ.ਐੱਲ.ਮਹਿਮੀ,ਮੇਵਾ ਸਿੰਘ ਪੁਰਖਾਲੀ, ਜੇ ਪੀ ਹਾਂਡਾ, ਕਿਰਪਾਲ ਸਿੰਘ ਮੁੰਡੀ ਖਰੜ ਨੇ ਵੀ ਡਾਕਟਰ ਸਾਹਿਬ ਦੀ ਵਿਚਾਰਧਾਰਾ ਅਤੇ ਫਲਸਫੇ ਉੱਤੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ।

# ਸਿੱਧੂ ਸਰਬਸੰਮਤੀ ਨਾਲ ਟਰੱਕ ਯੂਨੀਅਨ ਦੇ ਮੁੜ ਪ੍ਰਧਾਨ ਚੁਣੇ

**ਫਿਲੌਰ (ਨਿਰਮਲ)** ਸਥਾਨਕ ਟਰੱਕ ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਹੋਈ ਤੇ



ਸਰਬਸੰਮਤੀ ਨਾਲ ਰਣਜੀਤ ਸਿੰਘ ਸਿੱਧੂ ਨੂੰ ਯੂਨੀਅਨ ਦਾ 5 ਸਾਲ ਲਈ ਪ੍ਰਧਾਨ ਚੁਣਿਆ ਤੇ ਖੁਸ਼ੀ 'ਚ ਲੱਡੂ ਵੰਡੇ। ਸਿੱਧੂ ਨੇ ਕਿਹਾ ਕਿ ਟਰੱਕ ਮਾਲਕਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਅਧਾਰ 'ਤੇ ਕਰਵਾਂਗਾ। ਉਨਾਂ ਸਮੂਹ ਟਰੱਕ ਯੂਨੀਅਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਲਖਵੀਰ ਸਿੰਘ ਜੌਹਲ ਪ੍ਰਧਾਨ ਦੁਆਬਾ ਟਰੱਕ ਸੁਸਾਇਟੀ ਫਿਲੌਰ, ਪਰਮਿੰਦਰ ਸਿੰਘ, ਚਮਕੌਰ ਸਿੰਘ, ਸਤਿੰਦਰ ਸਿੰਘ ਧੰਜੂ, ਪੰਡਿਤ ਰਾਕੇਸ਼ ਕੁਮਾਰ, ਬਲਜੀਤ ਸਿੰਘ, ਜਗਤਾਰ ਸਿੰਘ,ਪਿੰਕਾ, ਭੁਪਿੰਦਰ ਸਿੰਘ ਸੋਨੂੰ ਮੁਣਸ਼ੀ, ਹਰਦੀਪ ਸਿੰਘ ਦੀਪਾ,ਅਵਤਾਰ ਸਿੰਘ ਲਸਾੜਾ ਤੇ ਟਰੱਕ ਮਾਲਕ ਤੇ ਅਪਰੇਟਰ ਹਾਜਰ ਸਨ।

# ਆਸ਼ਾ ਰਾਣੀ ਮੰਦਰ ਵਿਖੇ ਧਾਰਮਕ ਸਮਾਗਮ ਕਰਵਾਇਆ



**ਸੁਲਤਾਨਪੁਰ ਲੋਧੀ, ( ਹਨੀ )**-ਸ੍ਰੀ ਆਸਾ ਰਾਣੀ ਮੰਦਰ ਕਮੇਟੀ ਰਜਿ: ਵੱਲੋਂ ਸਿਵਿਲ ਰੈਸਟ ਹਾਊਸ, ਸਾਹਮਣੇ ਨਵੀਂ ਦਾਣਾ ਮੰਡੀ ਸੁਲਤਾਨਪੁਰ ਲੋਧੀ ਵਿਖੇ ਬਾਬਾ ਬਾਲਕ ਨਾਥ ਦਾ 39ਵਾਂ ਸਾਲਾਨਾ, ਭਗਵਾਨ ਪਰਸੂ ਰਾਮ ਦਾ 19ਵਾਂ ਸਾਲਾਨਾ ਅਤੇ ਸ੍ਰੀ ਲਕਸ਼ਮੀ ਨਰਾਇਣ ਦਾ 11ਵਾਂ ਸਾਲਾਨਾ ਭੰਡਾਰਾ ਮੰਦਰ ਕਮੇਟੀ ਦੇ ਪ੍ਰਧਾਨ ਤਿਲਕ ਰਾਜ ਜੋਸ਼ੀ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ। ਪ੍ਰਸਿੱਧ ਭਜਨ ਗਾਇਕ ਵਿਜੈ ਕੌੜਾ ਨੇ ਪ੍ਰਭੂ ਦੀ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿਚ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਸਾਥੀਆਂ ਸਮੇਤ ਪੁੱਜੇ। ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਤਿਲਕ ਰਾਜ ਜੋਸ਼ੀ, ਕੈਸ਼ੀਅਰ ਵਰਿੰਦਰ ਸਲਪੋਨਾ, ਪ੍ਰੋਫੈਸਰ ਵਿਜੈ ਬਾਂਸਲ ਆਦਿ ਨੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਸਾਬਕਾ ਚੇਅਰਮੈਨ ਤੇਜਵੰਤ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ, ਸਾਬਕਾ ਪ੍ਰਧਾਨ ਅਸ਼ੋਕ ਕੁਮਾਰ ਮੋਗਲਾ, ਕੌਂਸਲਰ ਪਵਨ ਕਨੋਜੀਆ, ਸਾਬਕਾ ਕੌਂਸਲਰ ਬਾਬਾ ਪ੍ਰਿਤਪਾਲ ਸਿੰਘ, ਸੰਜੀਵ ਮਰਵਾਹਾ ਤੇ ਜੁਗਲ ਕਿਸ਼ੋਰ ਕੋਹਲੀ, ਮੁਕੇਸ਼ ਪਾਠਕ, ਮਾਨਵ ਜੈਲਦਾਰ, ਸੰਜੀਵ ਅਰੋੜਾ, ਨਰੇਸ਼ ਧੀਰ ਆਦਿ ਪਤਵੰਤਿਆਂ ਦਾ ਸਨਮਾਨ ਕੀਤਾ। ਇਸ ਮੌਕੇ ਦਿਵਯਾ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਗੁਰਪ੍ਰੀਤ ਭਾਰਤੀ ਅਤੇ ਤੇਜਸਵਨੀ ਭਾਰਤੀ ਵੱਲੋਂ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਪਦਾਰਥਾਂ ਦੇ ਅਤੁੱਟ ਲੰਗਰ ਵਰਤਾਏ ਗਏ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਯਸ਼ਪਾਲ ਅਰੋੜਾ, ਰਾਕੇਸ਼ ਨੀਟੂ ਪ੍ਰਧਾਨ ਸ਼ਿਵ ਮੰਦਰ ਚੌੜਾ ਖੂਹ, ਭਾਜਪਾ ਦੇ ਮੰਡਲ ਪ੍ਰਧਾਨ ਰਾਕੇਸ਼ ਪੁਰੀ, ਅਮਿਤ ਛੁਰਾ, ਇੰਦਰਜੀਤ ਅਰੋੜਾ, ਓਂਕਾਰ ਧੀਰ, ਵੇਦ ਪ੍ਰਕਾਸ਼ ਥਿੰਦ, ਗੁਲਸ਼ਨ ਧੀਰ, ਸੁਰਿੰਦਰ ਸ਼ਰਮਾ, ਕੁਲਭੂਸ਼ਨ ਸ਼ਰਮਾ, ਸੁਨੀਲ ਜੋਸ਼ੀ, ਬਿਕਰਮਜੀਤ ਦੱਤ, ਪੰਕਜ ਧੀਰ, ਮਾਤਾ ਪਿਆਰ ਕੌਰ ਰਾਜਰਾਣੀ ਦੇਵਾ, ਸੁਨੀਤਾ ਦੇਵਾ, ਜਤਿੰਦਰ ਕੁਮਾਰ ਰਮੇਸ਼ ਕੁਮਾਰ ਭਗਤ ਦਵਿੰਦਰ ਸ਼ਰਮਾ, ਅਸ਼ੋਕ ਕੁਮਾਰ ਡਿਪੂ ਹੋਲਡਰ, ਭਗਤ ਰਾਣਾ ਪ੍ਰਤਾਪ, ਅਸ਼ੋਕ ਗੁਗਲਾਨੀ, ਮਿਸਤਰੀ ਗੁਰਦੀਪ ਰਾਜ, ਬਾਵਾ ਚੱਡਾ, ਲਖਵਿੰਦਰ ਸਿੰਘ ਗਗਨ, ਪਿਯੂਸ਼ ਸਾਲਪੋਨਾ ਆਦਿ ਵੀ ਹਾਜਰ ਸਨ।

# 13 ਚੋਰੀਸ਼ੁਦਾ ਬਿਨਾਂ ਨੰਬਰੀ ਮੋਟਰਸਾਈਕਲਾਂ ਸਮੇਤ 6 ਮੁਲਜ਼ਮ ਕਾਬੂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ)**—ਸਥਾਨਕ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਡੀ ਐਸ ਪੀ ਬੱਬਨਦੀਪ ਦੀ ਅਗਵਾਈ ਵਿੱਚ ਇੱਕ ਵੱਡੇ ਚੋਰ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ। ਜਿਨ੍ਹਾਂ ਕੋਲੋਂ 13 ਮੋਟਰਸਾਈਕਲਾਂ ਦੀ ਬਰਾਮਦਗੀ ਕੀਤੀ ਗਈ। ਡੀ ਐਸ ਪੀ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਸੁਲਤਾਨਪੁਰ ਲੋਧੀ ਇਲਾਕੇ ਵਿੱਚ ਮੋਟਰਸਾਈਕਲ ਲਗਾਤਾਰ ਚੋਰੀ ਹੋ ਰਹੇ ਸਨ। ਜਿਸਨੂੰ ਨੱਥ ਪਾਉਣ ਲਈ ਪੁਲਸ ਵਲੋਂ ਇੱਕ ਐਕਸਨ ਪਲਾਨ ਤਿਆਰ ਕੀਤਾ ਗਿਆ। ਜਿਸਦੇ ਤਹਿਤ ਸੁਲਤਾਨਪੁਰ ਲੋਧੀ ਦੇ ਇਤਿਹਾਸਿਕ ਸਥਾਨ, ਹਸਪਤਾਲ ਤੇ ਤਹਿਸੀਲ ਕੰਪਲੈਕਸ ਬਾਹਰ ਤੋਂ ਜਿੰਨੇ ਵੀ ਮੋਟਰਸਾਈਕਲ ਚੋਰੀ ਹੁੰਦੇ ਸਨ ਉਹਨਾਂ ਨੂੰ ਰੋਕਣ ਲਈ ਪੁਲਸ ਵੱਲੋਂ ਹਰ ਰੋਜ ਵਿਸ਼ੇਸ਼ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਜਾਣ ਲੱਗੀ।

ਜਿਸਦਾ ਨਤੀਜਾ ਬੇਹੱਦ ਅਸਰਦਾਰ ਰਿਹਾ। ਉਹਨਾਂ ਕਿਹਾ ਕਿ ਕੁਝ ਚੋਰ ਐਸੇ ਸਨ ਜਿਨ੍ਹਾਂ ਨੂੰ ਉਹਨਾਂ ਨੇ ਮੌਕੇ ਵਾਰਦਾਤ ਤੋਂ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ। ਸ਼ਰਾਰਤੀ ਅਨਸਰਾਂ, ਲੁਟੇਰਿਆਂ ਅਤੇ ਚੋਰਾਂ ਨੂੰ ਉਹਨਾਂ ਸਿੱਧੀ ਚੇਤਾਵਨੀ ਦਿੰਦਿਆਂ ਕਿਹਾ ਕਿ ਗੁਰੂ ਨਗਰੀ ਵਿਚ ਕਿਸੇ ਵੀ ਗਲਤ ਕੰਮ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ।

# ਗੁਰਮੇਜ ਮੇਹਲੀ ਮੁੜ ਸੀ ਪੀ ਆਈ 'ਚ ਸ਼ਾਮਲ



**ਬਹਿਰਾਮ (ਅਵਤਾਰ ਕਲੇਰ)** ਭਾਰਤੀ ਕਮਿਊਨਿਸਟ ਪਾਰਟੀ ਬ੍ਰਾਂਚ ਮੇਹਲੀ ਵਿੱਚੋ ਕੁਝ ਕਾਰਨਾਂ ਕਰਕੇ ਕੁਝ ਸਮਾਂ ਪਹਿਲਾ ਕਾਮਰੇਡ ਗੁਰਮੇਜ ਮੇਹਲੀ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਵਿੱਚੋ ਬਰਖ਼ਾਸਤ ਕੀਤਾ ਗਿਆ ਸੀ । ਭਾਰਤੀ ਕਮਿਊਨਿਸਟ ਪਾਰਟੀ ਬ੍ਰਾਂਚ ਮੇਹਲੀ ਵਲੋਂ ਸਰਬਸੰਮਤੀ ਨਾਲ ਕਾਮਰੇਡ ਗੁਰਮੇਜ ਮੇਹਲੀ ਦੀ ਮੈਂਬਰਸ਼ਿਪ ਨੂੰ ਮੁੜ ਤੋਂ ਬਹਾਲ ਕੀਤਾ ਗਿਆ ਹੈ।

ਇਸ ਮੌਕੇ ਕਾਮਰੇਡ ਨਰੰਜਣ ਦਾਸ ਮੇਹਲੀ ਸੂਬਾ ਕੌਂਸਲ ਮੈਂਬਰ ਸੀ ਪੀ ਆਈ ਕਾਮਰੇਡ ਸੁਰਿੰਦਰ ਪਾਲ ਸਰਪੰਚ ਮੇਹਲੀ , ਐਨ ਆਰ ਆਈ ਕਾਮਰੇਡ ਬਲਦੇਵ ਸਿੰਘ , ਕਾਮਰੇਡ ਅਮਰਜੀਤ ਬੱਬੀ , ਕਾਮਰੇਡ ਹੁਸਨ ਲਾਲ ਰਾਣਾ ਮੈਂਬਰ ਜ਼ਿਲ੍ਹਾ ਕੌਂਸਲ ਸੀ ਪੀ ਆਈ ਕਾਮਰੇਡ ਪਵਨ ਕੁਮਾਰ ਮੈਂਬਰ ਤਹਿਸੀਲ ਕਮੇਟੀ ਬੰਗਾ ਕਾਮਰੇਡ ਅਸ਼ੋਕ ਕੁਮਾਰ , ਕਾਮਰੇਡ ਸੁਰਜੀਤ ਰਾਮ , ਕਾਮਰੇਡ ਸੁਰਜੀਤ ਸਿੰਘ , ਕਾਮਰੇਡ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਨੇਤਰਦਾਨ ਸੰਸਥਾ ਦੀ ਟੀਮ ਵੱਲੋਂ ਨਵ-ਨਿਯੁਕਤ ਸਿਵਲ ਸਰਜਨ ਨਾਲ ਮੁਲਾਕਾਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਨੇਤਰਦਾਨ ਸੰਸਥਾਂ ਹੁਸ਼ਿਆਰਪੁਰ ਦੀ ਟੀਮ ਵੱਲੋਂ ਨਵ-ਨਿਯੁਕਤ ਸਿਵਲ ਸਰਜਨ ਹੁਸ਼ਿਆਰਪੁਰ ਡਾ: ਬਲਵਿੰਦਰ ਕੁਮਾਰ ਡਮਾਣਾ ਨਾਲ ਮੁਲਾਕਾਤ ਕੀਤੀ ਗਈ। ਸੰਸਥਾ ਦੇ ਪ੍ਰਧਾਨ ਸੁਰੇਸ਼ ਕਪਾਟੀਆ ਨੇ ਸੰਸਥਾ ਦੀਆਂ ਗਤੀਵਿਧੀਆਂ ਬਾਰੇ ਸਿਵਲ ਸਰਜਨ ਨੂੰ ਜਾਣਕਾਰੀ ਦਿੱਤੀ। ਇਸ ਸਮੇਂ ਸੰਸਥਾ ਦੇ ਸਕੱਤਰ ਬਲਜੀਤ ਸਿੰਘ ਪਨੇਸਰ ਨੇ ਸੰਸਥਾ ਦੇ ਕਾਰਜਾ ਦਾ ਵਿਸਥਾਰ ਨਾਲ ਵਰਣਨ ਕੀਤਾ। ਸਿਵਲ ਸਰਜਨ ਨੇ ਸੰਸਥਾ ਨੂੰ ਹਰ ਤਰ੍ਹਾਂ ਦੀ ਵਿਭਾਗੀ ਸਹਾਇਤਾ ਅਤੇ ਮਿਲ ਕੇ ਕਾਰਜ ਕਰਨ ਦਾ ਭਰੋਸਾ ਦਿੱਤਾ। ਇਸ ਮੁਲਾਕਾਤ ਦੌਰਾਨ ਪ੍ਰੋ. ਬਹਾਦਰ ਸਿੰਘ ਸੁਨੇਤ ਪੈਟਰਨ, ਇੰਜ. ਜਸਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਡਾ: ਗੁਰਬਖ਼ਸ਼ ਸਿੰਘ ਸੀਨੀਅਰ ਮੀਤ ਪ੍ਰਧਾਨ ਅਤੇ ਗੁਰਪ੍ਰੀਤ ਸਿੰਘ ਵਿੱਤ ਸਕੱਤਰ ਵੀ ਹਾਜਰ ਸਨ।

19-April--PAGE- 9.qxd 4/18/2023 10:23 PM Page 1



# ਪ੍ਰਧਾਨ ਮੰਤਰੀ ਦੇ ਨਾਂਅ ਮਨਰੇਗਾ ਵਰਕਰਾਂ ਵੱਲੋਂ ਬੀ ਡੀ ਪੀ ਓ ਨੂੰ ਮੰਗ ਪੱਤਰ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**- ਅੱਜ ਇੱਥੇ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ, ਬਲਾਕ ਭੂੰਗਾ ਦੀ ਬਲਾਕ ਪ੍ਰਧਾਨ ਪਰਮਜੀਤ ਕੌਰ ਦੀ ਅਗਵਾਈ ਹੇਠ ਬਲਾਕ ਦਫ਼ਤਰ ਵਿਖੇ ਵਿਸ਼ਾਲ ਇਕਠ ਹੋਇਆ, ਜਿਸ ਵਿੱਚ ਬਲਾਕ ਭੂੰਗਾ ਦੇ ਵੱਖ-ਵੱਖ ਪਿੰਡਾਂ ਤੋਂ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਵਰਕਰਾਂ ਵੱਲੋਂ ਆਪਣੀਆਂ ਮੰਗਾਂ 'ਤੇ ਖੂਬ ਚਰਚਾ ਕੀਤੀ ਅਤੇ ਪ੍ਰਧਾਨ ਮੰਤਰੀ ਦੇ ਨਾਂਅ ਇੱਕ ਮੰਗ ਪੱਤਰ ਕੁਸ਼ਲ ਕੁਮਾਰ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਭੂੰਗਾ ਨੂੰ ਦਿੱਤਾ। ਜਿਸ ਵਿੱਚ ਮੰਗ ਕੀਤੀ ਗਈ ਕਿ ਸਾਲ 2023- 24 ਦੇ ਬਜਟ 'ਚ ਕੀਤੀ 33 ਫੀਸਦੀ ਕਟੌਤੀ ਰੱਦ ਕੀਤੀ ਜਾਵੇ। ਪਿਛਲੇ ਸਾਲ ਰੱਖੇ 90 ਹਜ਼ਾਰ ਕਰੋੜ ਦੇ ਬਜਟ 'ਚ ਵਾਧਾ ਕਰਕੇ 1.25 ਲੱਖ ਕਰੋੜ ਕੀਤਾ ਜਾਵੇ, ਮਨਰੇਗਾ ਵਰਕਰਾਂ ਦੇ ਦਿਨਾਂ 'ਚ ਵਾਧਾ ਕਰਕੇ ਪੂਰਾ ਸਾਲ ਰੁਜ਼ਗਾਰ ਦਿੱਤਾ ਜਾਵੇ, ਮਨਰੇਗਾ ਵਰਕਰਾਂ ਦੀ ਦਿਹਾੜੀ 600 ਰੁਪਏ ਪ੍ਰਤੀ ਦਿਨ ਕੀਤੀ ਜਾਵੇ, ਮਨਰੇਗਾ ਅਧੀਨ ਕੰਮ ਕਰਦੇ ਕਾਮਿਆਂ ਦਾ ਮੁਫ਼ਤ ਸਿਹਤ ਬੀਮਾ/ ਇਲਾਜ ਦਾ ਪ੍ਰਬੰਧ ਕੀਤਾ ਜਾਵੇ, ਮਨਰੇਗਾ ਵਰਕਰਾਂ ਦੀ ਆਨਲਾਈਨ ਹਾਜ਼ਰੀ ਬੰਦ ਕੀਤੀ ਜਾਵੇ, ਮਨਰੇਗਾ ਵਰਕਰਾਂ ਦੀ ਦਿਹਾੜੀ ਵਿੱਚ ਕੀਤੇ ਮਾਮੂਲੀ ਵਾਧੇ ਵਿੱਚ ਹੋਰ ਵਾਧਾ ਕਰਨ ਲਈ ਪੰਜਾਬ ਸਰਕਾਰ ਆਪਣੇ ਹਿਸੇ ਦਾ ਬਣਦਾ ਹਿੱਸਾ ਪਾਵੇ ਅਤੇ ਬੀ.ਡੀ.ਪੀ.ਓ. ਤੋਂ ਮੰਗ ਕੀਤੀ ਕਿ ਕੰਮ ਕਰਨ ਵਾਲੀ ਥਾਂ 'ਤੇ ਮੁਢਲੀ ਮੈਡੀਕਲ ਸੁਵਿਧਾ, ਪੀਣ ਵਾਲੇ ਪਾਣੀ ਅਤੇ ਕੰਮ ਲਈ ਵਰਤੇ ਜਾਣ ਵਾਲੇ ਔਜ਼ਾਰਾਂ ਦਾ ਪ੍ਰਬੰਧ ਕੀਤਾ ਜਾਵੇ, ਵਰਕਰ ਦੇ ਬਿਮਾਰ ਜਾਂ ਹੋਰ ਕੋਈ ਮਜਬੂਰੀ ਹੋਣ ਦੀ ਸੂਰਤ 'ਚ ਘਰ ਦੇ ਕਿਸੇ ਹੋਰ ਮੈਂਬਰ ਨੂੰ ਕੰਮ 'ਤੇ ਹਾਜ਼ਰ ਹੋਣ ਦੀ ਆਗਿਆ ਦਿੱਤੀ ਜਾਵੇ, ਇਸ ਯੋਜਨਾ ਤਹਿਤ ਰੱਖੇ ਮੇਟਾਂ ਨੂੰ ਬਦਲਿਆ ਨਾ ਜਾਵੇ ਅਤੇ ਇਨ੍ਹਾਂ ਵਿੱਚੋਂ ਹੀ ਗਰਾਮ ਰੁਜ਼ਗਾਰ ਸਹਾਇਕਾਂ ਦੀ ਭਰਤੀ ਕੀਤੀ ਜਾਵੇ, ਮੇਟਾਂ ਨੂੰ ਟ੍ਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਜਾਵੇ, ਟ੍ਰੇਂਡ ਮੇਟਾਂ ਨੂੰ ਸਕਿੱਲ ਵਰਕਰ ਦੀ ਤਨਖਾਹ ਦਿੱਤੀ ਜਾਵੇ ਅਤੇ ਮੇਟਾਂ ਨੂੰ ਮੋਬਾਇਲ ਭੱਤਾ ਦਿੱਤਾ ਜਾਵੇ। ਇਸ ਮੌਕੇ ਬੀ.ਡੀ.ਪੀ.ਓ. ਵਲੋਂ ਮੌਕੇ 'ਤੇ ਵਿਸ਼ਵਾਸ ਦੁਆਇਆ ਕਿ ਉਹ ਅਪਣੇ ਪੱਧਰ ਦੀਆਂ ਮੰਗਾਂ ਦਾ ਹੱਲ ਤੁਰੰਤ ਕਰਨਗੇ ਅਤੇ ਬਾਕੀ ਮੰਗਾਂ ਸੰਬੰਧੀ ਮੰਗ ਪੱਤਰ ਉਚ ਅਧਿਕਾਰੀਆਂ ਰਾਹੀਂ ਪ੍ਰਧਾਨ ਮੰਤਰੀ ਨੂੰ ਭੇਜ ਦਿੱਤਾ ਜਾਵੇਗਾ। ਇਸ ਮੌਕੇ ਪਰਮਜੀਤ ਕੌਰ ਜ਼ਿਲ੍ਹਾ ਪ੍ਰਧਾਨ, ਗੁਰਵਿੰਦਰ ਕੌਰ ਸਕੱਤਰ, ਰਾਜ ਰਾਣੀ ਮੁੱਖ ਸਲਾਹਕਾਰ, ਗੀਨਾ ਰਾਣੀ ਕੈਸ਼ੀਅਰ, ਵਰਿੰਦਰ ਕੌਰ, ਦਿਆ ਰਾਣੀ, ਬਲਵੀਰ ਚੰਦ, ਰਾਜ ਕੁਮਾਰ, ਪਰਮਜੀਤ ਕੌਰ ਕਪਾਹਟ, ਗੁਰਦਿਆਲ ਚੰਦ, ਹਰਬੰਸ ਲਾਲ, ਸੂਬਾ ਸਲਾਹਕਾਰ ਮਨਜੀਤ ਸੈਣੀ ਅਤੇ ਸਤੀਸ਼ ਰਾਣਾ ਆਦਿ ਤੋਂ ਇਲਾਵਾ ਊਸ਼ਾ ਰਾਣੀ ਏ.ਪੀ.ਓ. ਹਾਜ਼ਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਦੀਆਂ ਵਿਦਿਆਰਥਣਾਂ ਮੈਰਿਟ 'ਚ



**ਜਲੰਧਰ ਸ਼ੈਲੀ ਐਲਬਰਟ)**- :ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਐਸਸੀ. (ਕੈਮਿਸਟਰੀ) ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ । ਇਸ ਕਲਾਸ ਦੀ ਵਿਦਿਆਰਥਣ ਸਲੋਨੀ ਗੁਪਤਾ ਨੇ 450 ਵਿਚੋਂ 386 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ ਅਤੇ ਵਿਦਿਆਰਥੀ ਸੰਦੀਪ ਸਿੰਘ ਨੇ 365 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ।। ਇਸ ਮੌਕੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ।

ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਰਜਨੀਸ਼ ਮੋਦਗਿਲ ਮੁਖੀ ਕੈਮਿਸਟਰੀ ਵਿਭਾਗ, ਡਾ. ਨਵਜੋਤ ਕੌਰ, ਡਾ. ਭੁਪਿੰਦਰਪਾਲ ਸਿੰਘ, ਡਾ. ਗੀਤਾਂਜਲੀ ਮੋਦਗਿੱਲ, ਡਾ. ਹਰਸ਼ਵੀਰ ਅਰੋੜਾ, ਡਾ. ਵਿਕਾਸ ਕੁਮਾਰ ਅਤੇ ਡਾ. ਹਰਜਿੰਦਰ ਕੌਰ ਵੀ ਹਾਜ਼ਰ ਸਨ ।

# ਮੰਡੀਆਂ 'ਚ ਕਣਕ ਦੀ ਆਮਦ 'ਚ ਤੇਜ਼ੀ

**ਕਪੂਰਥਲਾ ( ਰਵਿੰਦਰ ਸਿੰਘ)** ਕਪੂਰਥਲਾ ਜ਼ਿਲ੍ਹੇ ਦੀਆਂ ਮੰਡੀਆਂ ਵਿਚ ਕਣਕ ਦੀ ਆਮਦ ਵਿਚ ਤੇਜ਼ੀ ਆਈ ਹੈ, ਜਿਸ ਕਰਕੇ ਰੋਜਾਨਾ 25 ਹਜਾਰ ਮੀਟਰਕ ਟਨ ਦੇ ਕਰੀਬ ਕਣਕ ਆ ਰਹੀ ਹੈ। ਡਿਪਟੀ ਕਮਿਸਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਕਣਕ ਦੀ ਖਰੀਦ ਦਾ ਲਗਭਗ 3 ਲੱਖ ਮੀਟਰਕ ਟਨ ਦਾ ਟੀਚਾ ਹੈ, ਜਿਸ ਵਿਚੋਂ ਬੀਤੇ ਕੱਲ੍ਹ ਤੱਕ 53178 ਮੀਟਰਕ ਟਨ ਦੀ ਖਰੀਦ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 42 ਮੰਡੀਆਂ ਵਿਚ ਕਣਕ ਦੀ ਖਰੀਦ ਦਾ ਕੰਮ ਸੁਚਾਰੂ ਤਰੀਕੇ ਨਾਲ ਚੱਲ ਰਿਹਾ ਹੈ। ਜ਼ਿਲ੍ਹੇ ਵਿਚ ਕੁੱਲ 53636 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 53178 ਦੀ ਖਰੀਦ ਹੋ ਗਈ ਹੈ, ਜੋ ਕਿ ਕੁੱਲ ਆਈ ਕਣਕ ਦਾ 99 ਫੀਸਦੀ ਬਣਦਾ ਹੈ। ਇਸੇ ਤਰ੍ਹਾਂ ਕਣਕ ਦੀ ਚੁਕਾਈ ਵੀ ਨਿਰਧਾਰਿਤ ਟੀਚੇ ਦਾ 137 ਫੀਸਦੀ ਹੈ। ਕਣਕ ਦੀ ਖਰੀਦ ਦੇ 48 ਘੰਟੇ ਦੇ ਅੰਦਰ ਚੁਕਾਈ ਦਾ ਟੀਚਾ 5925 ਮੀਟਰਕ ਟਨ ਸੀ ਜਦਕਿ 8156 ਮੀਟਰਕ ਟਨ ਦੀ ਚੁਕਾਈ ਹੋ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਕਣਕ ਦੀ ਖਰੀਦ ਬਦਲੇ ਅਦਾਇਗੀ ਵੀ ਤੁਰੰਤ ਕੀਤੀ ਜਾ ਰਹੀ ਹੈ ਅਤੇ ਖਰੀਦ ਦੇ 48 ਘੰਟੇ ਦੇ ਸਮੇਂ ਅੰਦਰ ਕੀਤੀ ਜਾਣ ਵਾਲੀ ਅਦਾਇਗੀ 34.38 ਕਰੋੜ ਰੁਪਏ ਦੇ ਮੁਕਾਬਲੇ 53.33 ਕਰੋੜ ਰੁਪਏ ਦੀ ਅਦਾਇਗੀ ਹੋ ਚੁੱਕੀ ਹੈ ਜੋ ਕਿ 155.12 ਫੀਸਦੀ ਬਣਦੀ ਹੈ।

# ਵਾਇਰਲ ਵੀਡੀਓ ਵਾਲੀ ਲੜਕੀ ਦਾ ਵਤੀਰਾ ਸ਼ਰਧਾ ਭਾਵਨਾ ਵਾਲਾ ਨਹੀਂ ਸਗੋਂ ਸ਼ਾਜ਼ਿਸ਼ੀ : ਸਿੰਗੜੀਵਾਲਾ

**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**-ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਵਾਇਰਲ ਹੋ ਰਹੀ ਵੀਡੀਓ 'ਤੇ ਪ੍ਰਤੀਕਿਰਿਆ ਦਿੰਦਿਆਂ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਕਿ ਵੀਡੀਓ ਵਿਚ ਲੜਕੀ ਦਾ ਵਤੀਰਾ ਗੁਰੂ ਘਰ ਪ੍ਰਤੀ ਸ਼ਰਧਾ ਭਾਵਨਾ ਵਾਲਾ ਨਹੀਂ ਸੀ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੱਕ ਲੜਕੀ ਜੋ ਮੂੰਹ 'ਤੇ ਤਿਰੰਗੇ ਦਾ ਨਿਸ਼ਾਨ ਬਣਾ ਕੇ ਇੱਕ ਆਦਮੀ ਦੇ ਨਾਲ ਘੰਟਾ-ਘਰ ਡਿਉੜੀ ਵਾਲੀ ਸਾਈਡ ਤੋਂ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਲੱਗੀ ਨੂੰ ਡਿਊਟੀ 'ਤੇ ਹਾਜਰ ਸੇਵਾਦਾਰ ਨੇ ਮੂੰਹ 'ਤੇ ਤਿਰੰਗੇ ਦੇ ਨਿਸ਼ਾਨ ਦਾ ਨੋਟਿਸ ਲੈਂਦਿਆਂ ਅੰਦਰ ਜਾਣ 'ਤੇ ਇਤਰਾਜ ਕੀਤਾ। ਇਹ ਲੜਕੀ ਸਬੰਧਤ ਸੇਵਾਦਾਰ ਨਾਲ ਗਲਤ ਭਾਸ਼ਾ ਨਾਲ ਪੇਸ਼ ਆਈ ਜਿਸਦੀ ਸ਼ਬਦਾਵਲੀ ਮੀਡੀਏ 'ਤੇ ਸਪੱਸ਼ਟ ਸੁਣਾਈ ਦੇ ਰਹੀ ਹੈ। ਇਹ ਲੜਕੀ ਆਪਣੇ ਸਾਥੀ ਨਾਲ ਕਿਸੇ ਸ਼ਰਾਰਤੀ ਤੇ ਸ਼ਾਜ਼ਿਸ਼ੀ ਨਜਰੀਏ ਤੋਂ ਹੀ ਸ੍ਰੀ ਦਰਬਾਰ ਸਾਹਿਬ ਆਈ ਹੈ ਕੇਵਲ ਸ਼ਰਧਾ ਭਾਵਨਾ ਨਾਲ ਨਹੀਂ। ਸ੍ਰੀ ਦਰਬਾਰ ਸਾਹਿਬ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਭਾਵਨਾ ਨਾਲ ਦਰਸ਼ਨ ਕਰਨ ਆਂਉਂਦੀਆਂ ਹਨ। ਕਿਸੇ ਨਾਲ ਕਿਸੇ ਤਰ੍ਹਾਂ ਦਾ ਕੋਈ ਮੱਤ ਭੇਦ ਜਾਂ ਵਿਤਕਰਾ ਨਹੀਂ ਕੀਤਾ ਜਾਂਦਾ। ਸ਼ਰਾਰਤੀ ਅਨਸਰਾਂ 'ਤੇ ਨਜਰ ਰੱਖਣਾ ਪ੍ਰਬੰਧ ਦਾ ਹਿੱਸਾ ਹੈ।

# ਜਥੇਬੰਦੀ ਸਾਡਾ ਏਕਾ ਜ਼ਿੰਦਾਬਾਦ ਮੋਰਚਾ ਪੰਜਾਬ ਨੇ ਬਾਬਾ ਅੰਬੇਡਕਰ ਦਾ ਜਨਮ ਦਿਨ ਮਨਾਇਆ



**ਅੱਡਾ ਸਰਾਂ (ਜਸਵੀਰ ਕਾਜਲ)**- ਸਾਡਾ ਏਕਾ ਜਿੰਦਾਬਾਦ ਮੋਰਚਾ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਸੇਖੋਂ ਅਤੇ ਪ੍ਰਧਾਨ ਬੀਬੀ ਰਣਜੀਤ ਕੌਰ ਨੇ ਪ੍ਰੈਸ ਨੋਟ ਜਾਰੀ ਕਰਦੇ ਕਿਹਾ ਕਿ ਬਾਬਾ ਅੰਬੇਡਕਰ ਜੀ ਦਾ 13 ਵਾਂ ਜਨਮ ਦਿਨ ਜੱਥੇਬੰਦੀ ਵੱਲੋ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਹਾਰਦੋਖਾਨਪੁਰ ਵਿੱਚ ਮਨਾਇਆ ਗਿਆ । ਬਾਬਾ ਸਾਹਿਬ ਜੀ ਦੀ ਭਾਰਤੀ ਸੰਵਿਧਾਨ ਨੂੰ ਬਹੁਤ ਵੱਡੀ ਦੇਣ ਹੈ। ਬਾਬਾ ਸਾਹਿਬ ਜੀ ਨੇ ਹਰ ਇੱਕ ਇਨਸਾਨ ਨੂੰ ਸਮਾਜ ਵਿੱਚ ਬਰਬਾਰੀ ਦਾ ਹੱਕ ਦੇਣ ਲਈ ਹਾਂ ਦਾ ਨਾਹਰਾ ਲਾਇਆ ਤੇ ਸਤੀ ਪ੍ਰਥਾ ਨੂੰ ਖਤਮ ਕੀਤਾ, ਔਰਤ ਨੂੰ ਆਪਣੀ ਪਛਾਣ ਬਨਾਉਣ ਦਾ ਪੂਰਾ ਹੱਕ ਹੈ ਜਿਥੇ ਬਾਬਾ ਸਾਹਿਬ ਦੀ ਬਦੋਲਤ ਔਰਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਬਾਬਾ ਸਾਹਿਬ ਨੇਂ ਲੋਕਾਂ ਨੂੰ ਪੜ੍ਹਾਈ ਲਈ ਵੀ ਜਾਗਰੂਕ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ , ਗੁਰਮੀਤ ਸਿੰਘ ,ਲਖਵਿੰਦਰ ਸਿੰਘ ,ਸੁੱਖਵਿੰਦਰ ਸਿੰਘ, ਨਰਿੰਦਰ ਸਿੰਘ, ਬੀਬੀ ਸਿਮਰਨ ਕੌਰ, ਬੀਬੀ ਗਿਆਨ ਕੌਰ, ਅਮਨਦੀਪ ਕੌਰ ,ਪਰਮਜੀਤ ਕੌਰ ਰਾਜਵੰਤ ਕੌਰ ਮਨਜੀਤ ਕੌਰ, ਹਰਮਨ ਕੌਰ, ਸੋਨੀਆ ਰਾਣੀ, ਕਮਲੇਸ਼ ਰਾਣੀ, ਬਿਮਲਾ ਰਾਣੀ, ਜਸਵੀਰ ਕੌਰ ਤੇਜਸਵਿੰਦਰ ਕੌਰ ਸ਼ਾਮਲ ਸਨ।

# ਮਲਸੀਆਂ-ਸ਼ਾਹਕੋਟ ਦੇ ਰੇਲਵੇ ਸਟੇਸ਼ਨ 'ਤੇ ਰੋਕੀਆਂ ਰੇਲ ਗੱਡੀਆਂ



ਮਲਸੀਆ- ਸ਼ਾਹਕੋਟ ਰੇਲਵੇ ਸਟੇਸ਼ਨ 'ਤੇ ਧਰਨੇ ਦੌਰਾਨ ਕਿਸਾਨ ਆਗੂ ।

**ਸ਼ਾਹਕੋਟ (ਗਿਆਨ ਸੈਦਪੁਰੀ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਮੰਗਲਵਾਰ ਨੂੰ ਪੂਰੇ ਭਾਰਤ ਵਿੱਚ 12 ਤੋਂ 4 ਵਜੇ ਤੱਕ ਰੇਲਾਂ ਰੋਕਣ ਦਾ ਸੱਦਾ ਦਿੱਤਾ ਗਿਆ ਸੀ। ਇਸ ਪ੍ਰੋਗਰਾਮ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ -ਉਗਰਾਹਾਂ ਜ਼ਿਲ੍ਹਾ ਜਲੰਧਰ ਵੱਲੋਂ ਮਲਸੀਆਂ-ਸ਼ਾਹਕੋਟ ਦੇ ਰੇਲਵੇ ਸਟੇਸ਼ਨ 'ਤੇ ਧਰਨਾ ਲਗਾ ਕੇ ਮੰਗ ਕੀਤੀ ਗਈ ਕਿ

ਦਾਗੀ ਜਾਂ ਪਿਚਕੇ ਦਾਣਿਆਂ ਦਾ ਦੋਸ਼ ਸਰਾਸਰ ਨਜਾਇਜ ਕਿਸਾਨਾਂ ਸਿਰ ਮੜ੍ਹ ਕੇ ਕੇਂਦਰ ਸਰਕਾਰ ਦਾ ਕਣਕ ਦੇ ਰੇਟ ਵਿੱਚ ਕਟੌਤੀ ਕਰਨ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ। ਭਾਰੀ ਮੀਂਹ ਤੂਫਾਨ ਗੜੇਮਾਰੀ ਨੂੰ ਕੌਮੀ ਆਫਤ ਮੰਨ ਕੇ ਇਸ ਨਾਲ ਹੋਏ ਫਸਲੀ ਨੁਕਸਾਨ ਅਤੇ ਹੋਰ ਜਾਇਦਾਦ ਮਕਾਨਾਂ ਆਦਿ ਦੇ ਹੋਏ ਨੁਕਸਾਨ ਦੀ ਪੂਰੀ-ਪੂਰੀ ਭਰਪਾਈ ਦੀ ਅਦਾਇਗੀ ਕਾਸ਼ਤਕਾਰ ਕਿਸਾਨਾਂ ਤੇ ਖੇਤ ਮਜਦੂਰਾਂ ਨੂੰ ਔਰਤਾਂ ਸਮੇਤ ਤੁਰੰਤ ਕੀਤੀ ਜਾਵੇ। 15000 ਰੁਪਏ ਪ੍ਰਤੀ ਏਕੜ ਦੇ ਨਿਗੂਣੇ ਮੁਆਵਜੇ ਦੀ ਅਦਾਇਗੀ ਵੀ ਸਿਰਫ ਪੰਜ ਏਕੜ ਤੱਕ ਕਰਨ ਦੀ ਬੇਤੁਕੀ ਕਿਸਾਨ ਵਿਰੋਧੀ ਸ਼ਰਤ ਤੁਰੰਤ ਵਾਪਸ ਲਈ ਜਾਵੇ। ਮਿਥੇ ਹੋਏ ਸਰਕਾਰੀ ਸਮਰਥਨ ਮੁੱਲ ਮੁਤਾਬਕ ਕਟੌਤੀ ਤੋਂ ਬਿਨਾਂ ਪੂਰੀ ਦੀ ਪੂਰੀ ਕਣਕ ਅਤੇ ਦੂਜੀਆਂ ਫਸਲਾਂ ਦੀ ਨਿਰਵਿਘਨ ਖਰੀਦ ਯਕੀਨੀ ਬਣਾਈ ਜਾਵੇ।

ਧਰਨੇ ਨੂੰ ਮੋਹਣ ਸਿੰਘ ਬੱਲ ਜ਼ਿਲ੍ਹਾ ਪ੍ਰਧਾਨ, ਗੁਰਚਰਨ ਸਿੰਘ ਚਾਹਲ ਸਕੱਤਰ, ਬਲਕਾਰ ਸਿੰਘ ਬਲਾਕ ਪ੍ਰਧਾਨ, ਬਲਵੰਤ ਸਿੰਘ ਮਲਸੀਆਂ, ਮਨਜੀਤ ਸਿੰਘ ਸਾਬੀ, ਮਨਜੀਤ ਸਿੰਘ ਮਲਸੀਆਂ ਅਤੇ ਹਰਨੇਕ ਸਿੰਘ ਮਾਲੜੀ ਨੇ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਪਾਲ ਸਿੰਘ ਸੰਢਾਵਾਲ, ਪਰਮਿੰਦਰ ਸਿੰਘ, ਨਰਿੰਦਰ ਜੀਤ ਢਿੱਲੋਂ, ਨਿਰਮਲ ਸਿੰਘ, ਜਸਪਾਲ ਸਿੰਘ, ਅਵਤਾਰ ਸਿੰਘ, ਸੁਖਵਿੰਦਰ ਮਝੈਲ, ਅਵਤਾਰ ਸਿੰਘ, ਨਿਰਮਲ ਸਿੰਘ, ਹਜੂਰਾ ਸਿੰਘ, ਬਲਵਿੰਦਰ ਸਿੰਘ, ਪ੍ਰੀਤਮ ਸਿੰਘ,ਹਰਨੇਕ ਸਿੰਘ, ਤਾਰਾ ਸਿੱਧੂ, ਗੁਰਚਰਨ ਸਿੰਘ, ਰਣਜੀਤ ਸੋਹਲ , ਹਰਜਿੰਦਰ ਸਿੰਘ, ਤਰਸੇਮ ਸਿੰਘ ਅਤੇ ਕੋਟਲਾ ਹੇਰਾਂ ਦੀ ਨਵੀਂ ਗਠਿਤ ਇਕਾਈ ਦੇ ਮੈਂਬਰ ਸ਼ਾਮਲ ਸਨ।

# ਦਾਖਲਿਆਂ ਸੰਬੰਧੀ ਅਧਿਆਪਕਾਂ ਉਪਰ ਬੇਲੋੜਾ ਦਬਾਅ ਪਾਉਣਾ ਗਲਤ- ਗੌਰਮਿੰਟ ਟੀਚਰਜ਼ ਯੂਨੀਅਨ



**ਜਲੰਧਰ/ਫਿਲੌਰ (ਸ਼ੈਲੀ ਐਲਬਰਟ, ਨਿਰਮਲ)**- ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਨੇ ਪੰਜਾਬ ਭਰ 'ਚ ਦਾਖਲਿਆਂ ਨੂੰ ਲੈ ਕੇ ਮਾਨਸਿਕ ਦਬਾਅ ਹੇਠ ਕੰਮ ਕਰ ਰਹੇ ਅਧਿਆਪਕਾਂ ਦੀ ਮਾਨਸਿਕ ਪ੍ਰੇਸ਼ਾਨੀ ਨੂੰ ਲੈਕੇ ਸਰਕਾਰ ਤੋ ਮੰਗ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ 'ਚ ਭਰਤੀ ਅਧਿਆਪਕ ਬਹੁਤ ਪੜ੍ਹੇ ਲਿਖੇ ਤੇ ਮਿਆਰੀ ਸਿਖਿਆ ਦੇਣ ਵਾਲੇ ਹਨ ਜੋ ਭਰਤੀ ਸਿਖਿਆ ਦੇਣ ਲਈ ਕੀਤੇ ਹਨ, ਗੈਰ ਵਿਦਿਅਕ ਕੰਮਾਂ ਲਈ ਨਹੀ। ਸਰਕਾਰ ਤੋਂ ਪੁਰਜੋਰ ਮੰਗ ਕਰਦਿਆਂ ਕਿਹਾ ਕਿ ਹਰੇਕ ਸਕੂਲ ਚ ਪ੍ਰੀ ਪ੍ਰਾਇਮਰੀ ਅਧਿਆਪਕਾਂ ,ਹੈਲਪਰਾਂ ਦੀ ਘਾਟ, ਜਮਾਤਵਾਰ ਅਧਿਆਪਕ ਦਾ ਨਾ ਹੋਣਾ, ਕਲਰਕ /ਡਾਟਾ ਐਂਟਰੀ ਅਪਰੇਟਰਜ ਨਾ ਦੇ ਕੇ ਅਧਿਆਪਕਾਂ ਨੂੰ ਗੈਰ ਵਿਦਿਅਕ ਕੰਮਾਂ, ਸਾਰਾ ਸਾਰਾ ਦਿਨ ਆਨਲਾਈਨ ਕੰਮਾਂ ,ਗੂਗਲ ਸ਼ੀਟਾਂ ਭਰਨ ,ਗ੍ਰਾਂਟਾਂ ਖਰਚਣ 'ਚ ਉਲਝਾਈ ਰੱਖਣ ਤੋਂ ਇਲਾਵਾ ਹੋਰ ਕਈ ਕੁਝ ਡਾਟੇ ਦੀ ਖੇਡ 'ਚ ਘੁਮਾਈ ਫਿਰਨਾ ਸਰਕਾਰੀ ਸਕੂਲ੍ਹਾਂ ਦੀ ਪੜਾਈ ਨੂੰ ਪ੍ਰਭਾਵਿਤ ਕਰ ਰਹੀ ਹੈ । ਜਿਸ ਤਹਿਤ ਬੱਚਿਆਂ ਦਾ ਪ੍ਰਾਈਵੇਟ ਸਕੂਲਾਂ ਵੱਲ ਜਾਣ ਦਾ ਰੁਝਾਨ ਵੱਧਦਾ ਹੈ ।ਜਿਸਦਾ ਸਿੱਧਾ ਅਸਰ ਦਾਖਲੇ 'ਤੇ ਪੈਂਦਾ ਹੈ।ਜਦੋ ਕਿ ਜਨਮ ਦਰ ਵੀ ਘੱਟ ਰਹੀ ਹੈ । 100 ਪ੍ਰਤੀਸ਼ਤ ਦਾਖਲੇ ਲਈ ਸਰਕਾਰ ਵਿਧਾਨ ਸਭਾ 'ਚ ਮਤਾ ਪਾਸ ਕਰਕੇ ਖਜਾਨੇ ਵਿੱਚੋਂ ਲਾਭ ਲੈਣ ਵਾਲੇ ਹਰੇਕ ਵਿਅਕਤੀ ਦੇ ਬੱਚਿਆਂ ਲਈ ਸਰਕਾਰੀ ਸਕੂਲਾਂ 'ਚ ਸਿਖਿਆ ਲਾਜਮੀ ਕਰੇ ਤੇ ਗੈਰ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਬੰਦ ਕੀਤਾ ਜਾਵੇ, ਸਭ ਘਾਟਾਂ ਤੁਰੰਤ ਦੂਰ ਕਰੇ । ਇਸ ਸਮੇਂ ਸੂਬਾਈ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਕਾਰਜਕਾਰੀ ਸਕੱਤਰ ਗੁਰਬਿੰਦਰ ਸਿੰਘ ਸਸਕੌਰ,ਵਿੱਤ ਸਕੱਤਰ ਅਮਨਦੀਪ ਸ਼ਰਮਾ,ਪ੍ਰੈੱਸ ਸਕੱਤਰ ਸੁਰਜੀਤ ਮੁਹਾਲੀ ਤੇ ਸਹਾਇਕ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋ ਬਿਨਾਂ ਕਿਸੇ ਤਰਕ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਸਿੱਖਿਆ ਅਧਿਕਾਰੀਆ ਵੱਲੋ ਦਬਾਅ ਬਣਾਉਣਾ ਤਾਨਾਸ਼ਾਹੀ ਤੇ ਗੈਰ ਲੋਕਤੰਤਰਿਕ ਵਰਤਾਰਾ ਹੈ।

# ਗਊਆਂ ਦੇ ਚਾਰੇ ਲਈ ਸੇਵਕ ਕਰਨ ਵੱਡਾ ਸਹਿਯੋਗ- ਮੈਹਨ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਕਣਕ ਦੀ ਵਾਢੀ ਤੋਂ ਬਾਅਦ ਤੂੜੀ ਦੀ ਆਮਦ ਸ਼ੁਰੂ ਹੋ ਗਈ ਹੈ ਜਿਸ ਕਰਕੇ ਸ੍ਰੀ ਬਾਬਾ ਭੂਤਨਾਥ ਗਊਸਾਲਾ ਨੂਰਮਹਿਲ ਲਈ ਤੂੜੀ ਇਕੱਠੀ ਕਰਨ ਦੀ ਮੁਹਿਮ ਸ਼ੁਰੂ ਕੀਤੀ ਗਈ ਹੈ, ਜਿਸ ਲਈ ਗਊ ਭਗਤਾਂ ਦੇ ਸਹਿਯੋਗ ਦੀ ਲੋੜ ਹੈ । ਇਹ ਪ੍ਰਗਟਾਵਾ ਮੰਦਰ ਸ੍ਰੀ ਬਾਬਾ ਭੂਤਨਾਥ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਮੈਹਨ ਨੇ ਕਰਦਿਆਂ ਗਊ ਭਗਤਾਂ ਨੂੰ ਅਪੀਲ ਕੀਤੀ ਕਿ ਹੈ ਇਸ ਵਾਰ 6 ਕੁਇੰਟਲ ਤੂੜੀ ਦੀ ਟਰਾਲੀ ਦਾ ਮੰਡੀ ਰੇਟ 3000 ਰੁਪਏ ਹੈ। ਉਹਨਾਂ ਕਿਹਾ ਕਿ ਤੂੜੀ ਤੋਂ ਇਲਾਵਾ ਗਲ, ਚੋਕਰ, ਹਰਾ ਚਾਰਾ ਤੇ ਹੋਰ ਸਮਾਨ ਸਿੱਧਾ ਗਊਸ਼ਾਲਾ ਵਿੱਚ ਪਹੁੰਚਾਉਣ। ਤੂੜੀ ਦੇ ਮਿਸ਼ਨ ਨੂੰ ਐੱਨ.ਆਰ.ਆਈ ਲੋਕਾਂ ਦੇ ਸਹਿਯੋਗ ਤੋਂ ਬਿਨ੍ਹ ਪੂਰਾ ਨਹੀਂ ਕੀਤਾ ਜਾ ਸਕਦਾ ਇਸ ਲਈ ਉਹ ਵੱਧ ਤੋਂ ਵੱਧ ਸਹਿਯੋਗ ਕਰਨ ਕਿਉਂਕਿ ਤੂੜੀ ਦਾ ਸੀਜਨ ਕੇਵਲ 15 ਤੋਂ 20 ਦਿਨਾਂ ਦਾ ਹੀ ਹੁੰਦਾ ਹੈ।

# ਪੀ ਸੀ ਐਮ ਐਸ ਡੀ ਕਾਲਜ ਵੱਲੋਂ ਪੋਸਟਰ ਮੇਕਿੰਗ ਮੁਕਾਬਲਾ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਕੀਤੇ ਗਏ ਬੱਡੀ ਪ੍ਰੋਗਰਾਮ ਤਹਿਤ ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ, ਜਲੰਧਰ ਵੱਲੋਂ 'ਸੇ ਨੋ ਟੂ ਡਰੱਗਜ਼' ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਨਸ਼ਿਆਂ ਦੀ ਦੁਰਵਰਤੋਂ ਪੰਜਾਬ ਦੀ ਚਿੰਤਾ ਹੈ ਅਤੇ ਨੌਜਵਾਨ ਇਸ ਦਾ ਸਭ ਤੋਂ ਵੱਧ ਸ਼ਿਕਾਰ ਹਨ। ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਪੀ.ਸੀ.ਐਮ ਐਸ ਡੀ ਕਾਲਜ ਨੇ ਇਸ ਭੈੜੀ ਪ੍ਰਥਾ ਦੇ ਵਿਰੁੱਧ ਲੜਨ ਦਾ ਪ੍ਰਣ ਕੀਤਾ ਹੈ ਅਤੇ ਆਪਣੀ ਕਿਸਮ ਦੇ ਪਹਿਲੇ ਮਿਸ਼ਨ ਤਹਿਤ ਕਾਲਜ ਨੇ 45 ਤੋਂ ਵੱਧ ਵਿਦਿਆਰਥੀਆਂ ਦੇ 9 ਗਰੁੱਪ ਬਣਾਏ ਹਨ। ਹਰੇਕ ਸਮੂਹ ਵਿੱਚ 5 ਵਿਦਿਆਰਥੀ ਹਨ ਅਤੇ ਇਹਨਾਂ 45 ਵਿਦਿਆਰਥੀਆਂ ਵਿੱਚੋਂ ਇੱਕ ਸੀਨੀਅਰ ਬੱਡੀ ਹੈ ਜੋ ਆਪਣੇ ਸਮੂਹ ਮੈਂਬਰਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਦੀ ਰੋਕਥਾਮ ਅਤੇ ਜਾਗਰੂਕਤਾ ਸੰਬੰਧੀ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਅਗਵਾਈ ਕਰਦਾ ਹੈ।

ਉਹਨਾਂ ਨੇ ਉਤਸ਼ਾਹਜਨਕ ਪੋਸਟਰ ਅਤੇ ਪੇਂਟਿੰਗਜ ਬਣਾ ਕੇ ਪੂਰੇ ਦਿਲ ਨਾਲ ਭਾਗ ਲਿਆ। ਇਸ ਮੁਕਾਬਲੇ ਵਿੱਚ ਬੀਏ ਸਮੈਸਟਰ ਚੌਥੇ ਦੀ ਰੀਆ ਨੇ ਪਹਿਲਾ, ਬੀ.ਕਾਮ ਸਮੈਸਟਰ ਛੇਵੇਂ ਦੀ ਡੌਲੀ ਨੇ ਦੂਜਾ ਅਤੇ ਬੀਏ ਸਮੈਸਟਰ ਛੇਵੇਂ ਦੀ ਸਿਮਰਨ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਰਹਿਣ ਲਈ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਂਦੇ ਰਹਿਣ ਲਈ ਪ੍ਰੇਰਿਤ ਕੀਤਾ।

# ਵਿਸਾਖੀ ਦਿਹਾੜੇ ਮੌਕੇ ਗੁਰੂ ਜੀ ਦੇ ਲੰਗਰ ਲਗਾਏ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਹੁਸ਼ਿਆਰਪੁਰ ਤੋਂ ਸਿੰਗੜੀਵਾਲਾ ਬਾਈਪਾਸ ਤੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਡੁਗਾਣਾ ਕਲਾਂ ਵੱਲੋਂ ਵਿਸਾਖੀ ਦੇ ਦਿਹਾੜੇ ਮੌਕੇ 16 ਦਿਨ ਗੁਰੂ ਜੀ ਦੇ ਲੰਗਰ ਲਗਾਏ ਗਏ। ਮੁੱਖ ਸੇਵਾਦਾਰ ਸੰਤ ਬਾਬਾ ਪਰਮਿੰਦਰ ਸਿੰਘ ਡੁਗਾਣਾ ਕਲਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਸਾਲਾਨਾ 13ਵਾਂ 16 ਦਿਨ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਜੀ ਦੇ ਲੰਗਰ ਚਲਾਏ ਗਏ। ਇਸ ਮੌਕੇ ਸੰਤ ਬਾਬਾ ਸਰਵਣ ਸਿੰਘ ਜੱਬੜ, ਬਾਬਾ ਜਨਕ ਸਿੰਘ ਜੱਬੜ, ਸੰਤ ਬਾਬਾ ਨਿਰਮਲ ਸਿੰਘ ਢਾਹਾਂ, ਸੰਤ ਬਾਬਾ ਨਰਿੰਦਰ ਸਿੰਘ ਖਾਨਪੁਰ, ਜਥੇਦਾਰ ਉਂਕਾਰ ਸਿੰਘ ਧਾਮੀ, ਸੰਤ ਬਾਬਾ ਰਣਜੀਤ ਸਿੰਘ ਡੁਗਾਣਾ, ਜਥੇਦਾਰ ਹਰਜੀਤ ਸਿੰਘ ਨੰਗਲ, ਸੰਤ ਬਾਬਾ ਯੋਗਰਾਜ ਸਿੰਘ ਸੇਰਪੁਰ, ਸੰਤ ਬਾਬਾ ਸੀਤਲ ਸਿੰਘ ਨੂਰਪੁਰ, ਸੰਤ ਬਾਬਾ ਨਰਿੰਦਰ ਸਿੰਘ ਕੰਦੋਲਾ, ਸੰਤ ਬਾਬਾ ਗੁਰਚਰਨ ਦਾਸ ਚੱਕ ਲਾਧੀਆ, ਸਤਨਾਮ ਸਿੰਘ ਹਰਗੜ, ਬਲਵਿੰਦਰ ਸਿੰਘ ਹਰਗੜ, ਜਸਵੰਤ ਸਿੰਘ, ਅਭੀ ਸਿੰਘ, ਸਿੰਦੀ ਸਿੰਘ, ਗੁਰਸੇਵਕ ਸਿੰਘ, ਗਰਜੀਤ ਕੌਰ, ਜਸਪ੍ਰੀਤ ਸਿੰਘ, ਅਮਰਜੀਤ ਸਿੰਘ, ਕਸਮੀਰ ਸਿੰਘ, ਧਰਮਿੰਦਰ ਸਿੰਘ, ਸ਼ਿੰਦਾ ਸਿੰਘ, ਜਸਵੀਰ ਕੌਰ, ਲਤਾ ਰਾਣੀ,ਜਸਵੀਰ ਸਿੰਘ ਸੇਰਪੁਰ, ਮਨਪ੍ਰੀਤ ਕੌਰ, ਹਰਜੀਤ ਕੌਰ, ਕਮਲਜੀਤ ਕੌਰ ਜਰਨੈਲ ਸਿੰਘ, ਮਨਜੀਤ ਸਿੰਘ ਬਿਬਕਪੁਰ ਆਦਿ ਹਾਜਰ ਸਨ।

# ਵਿਪਨ ਸੱਭਰਵਾਲ ਨੇ ਝਾੜੂ ਛੱਡ ਫੜਿਆ ਭਾਜਪਾ ਦਾ ਕਮਲ

**ਜਲੰਧਰ (ਸੁਰਿੰਦਰ ਕੁਮਾਰ, ਸੌਰਬ ਖੰਨਾ)**- ਸਥਾਨਕ ਜਲੰਧਰ ਦੀ ਪਾਰਲੀਮੈਂਟ ਸੀਟ 'ਤੇ ਦਸ ਮਈ ਹੋਣ ਵਾਲੀ ਉਪ ਚੋਣ ਦੇ ਸੰਬੰਧ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਭਾਰਤੀ ਜਨਤਾ ਪਾਰਟੀ ਦੀ ਲੋਕਪ੍ਰਿਅਤਾ ਅਤੇ ਵੱਡੇ ਜਨਾਧਾਰ ਨੂੰ ਦੇਖਦਿਆਂ ਜਲੰਧਰ ਤੋਂ ਮਸ਼ਹੂਰ 'ਆਪ' ਆਗੂ ਨੇ ਆਮ ਆਦਮੀ ਪਾਰਟੀ ਦਾ ਝਾੜੂ ਛੱਡ ਕੇ ਆਪਣੇ ਸਮਰਥਕਾਂ ਸਮੇਤ ਭਾਜਪਾ ਦਾ ਪੱਲਾ ਫੜ ਲਿਆ। ਭਾਜਪਾ ਜਲੰਧਰ ਦੇ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ ਦੀ ਪ੍ਰਧਾਨਗੀ ਹੇਠ ਜਲੰਧਰ 'ਚ ਉਲੀਕੇ ਗਏ ਪ੍ਰੋਗਰਾਮ ਦੌਰਾਨ ਭਾਜਪਾ ਪੰਜਾਬ ਦੇ ਇੰਚਾਰਜ ਅਤੇ ਸਾਬਕਾ ਮੁੱਖ ਮੰਤਰੀ ਗੁਜਰਾਤ ਵਿਜੇ ਰੁਪਾਨੀ, ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਜਲੰਧਰ ਲੋਕ ਸਭਾ ਉਪ ਚੋਣ ਦੇ ਇੰਚਾਰਜ ਡਾ. ਮਹਿੰਦਰ ਸਿੰਘ ਨੇ 'ਆਪ' ਆਗੂ ਵਿਪਨ ਸੱਭਰਵਾਲ, ਚੇਤਨ ਹਾਂਡਾ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਭਾਜਪਾ ਪਰਵਾਰ ਵਿੱਚ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਨੂੰ ਪਾਰਟੀ ਦਾ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਬਿਕਰਮਜੀਤ ਸਿੰਘ ਚੀਮਾ, ਗੁਰਦੀਪ ਸਿੰਘ ਗੋਸ਼ਾ, ਕੇਵਲ ਸਿੰਘ ਢਿੱਲੋਂ, ਮਨੋਰੰਜਨ ਕਾਲੀਆ, ਕੇ ਡੀ ਭੰਡਾਰੀ, ਜਨਾਰਦਨ ਸ਼ਰਮਾ ਆਦਿ ਵੀ ਹਾਜ਼ਰ ਸਨ। ਜੀਵਨ ਗੁਪਤਾ ਨੇ ਇਸ ਮੌਕੇ ਵਿਪਨ ਸੱਭਰਵਾਲ, ਚੇਤਨ ਹਾਂਡਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਭਾਜਪਾ ਪਰਵਾਰ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਵਿਪਨ ਸੱਭਰਵਾਲ ਜ਼ਮੀਨ ਅਤੇ ਲੋਕਾਂ ਨਾਲ ਜੁੜੇ ਆਗੂ ਹਨ। ਵਿਪਨ ਸੱਭਰਵਾਲ ਭਗਵਾਨ ਵਾਲਮੀਕਿ ਆਸ਼ਰਮ ਸ਼ਕਤੀ ਨਗਰ ਦੇ ਚੇਅਰਮੈਨ ਹਨ ਅਤੇ ਧਾਰਮਕ, ਸਮਾਜਕ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਹਰ ਕਿਸੇ ਦਾ ਸਾਥ ਦੇਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਵਿਪਨ ਸੱਭਰਵਾਲ ਆਮ ਆਦਮੀ ਪਾਰਟੀ 'ਚ ਰਹਿੰਦਿਆਂ ਕਈ ਅਹਿਮ ਅਹੁਦਿਆਂ 'ਤੇ ਰਹਿ ਚੁੱਕੇ ਹਨ ਅਤੇ 'ਆਪ' ਸਰਕਾਰ ਦੀਆਂ ਲੋਕ ਵਿਰੋਧੀ, ਦਲਿਤ ਵਿਰੋਧੀ ਅਤੇ ਪੰਜਾਬ ਵਿਰੋਧੀ ਨੀਤੀਆਂ ਕਾਰਨ ਹੁਣ ਭਾਜਪਾ ਪਰਵਾਰ 'ਚ ਸ਼ਾਮਲ ਹੋਏ ਹਨ। ਇਹ ਸਾਰੇ ਇਸ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹੋਏ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਲਈ ਭਾਰੀ ਬਹੁਮਤ ਹਾਸਲ ਕਰਨਗੇ ਅਤੇ ਭਾਜਪਾ ਉਮੀਦਵਾਰ ਦੀ ਜਿੱਤ ਨੂੰ ਯਕੀਨੀ ਬਣਾਉਣਗੇ।

# ਰੌਇਲ ਸਿੱਖ ਯੂਥ ਕਲੱਬ ਵੈਲਫੇਅਰ ਸੁਸਾਇਟੀ ਨੂੰ ਕੈਬਨਿਟ ਮੰਤਰੀ ਜ਼ਿੰਪਾ ਵੱਲੋਂ 2 ਲੱਖ ਦਾ ਚੈੱਕ

**ਹੁਸ਼ਿਆਰਪੁਰ(ਬਲਵੀਰ ਸਿੰਘ ਸੈਣੀ)**-ਸਮਾਜ ਸੇਵੀ ਕਾਰਜਾਂ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਰੌਇਲ ਸਿੱਖ ਯੂਥ ਕਲੱਬ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਨੂੰ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਵੱਲੋਂ ਆਪਣੇ ਅਖਤਿਆਰੀ ਫੰਡ ਵਿੱਚੋਂ 2 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਨੇ ਰੌਇਲ ਸਿੱਖ ਯੂਥ ਕਲੱਬ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਕਲੱਬ ਦੇ ਮੈਂਬਰਾਂ ਨੇ ਸੁਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਕਰੋਨਾ ਕਾਲ ਦੌਰਾਨ ਜ਼ਿਕਰਯੋਗ ਭੂਮਿਕਾ ਨਿਭਾਈ ਹੈ। ਜਿਸ ਨੂੰ ਵੇਖਦਿਆਂ ਉਨ੍ਹਾਂ ਵੱਲੋਂ ਸਮਾਜ ਦੇ ਹਿੱਤ ਵਿੱਚ ਇਨ੍ਹਾਂ ਸਰਗਰਮੀਆਂ ਨੂੰ ਸੁਚਾਰੂ ਰੂਪ ਵਿੱਚ ਜਾਰੀ ਰੱਖਣ ਲਈ 2 ਲੱਖ ਰੁਪਏ ਦੀ ਆਰਥਕ ਸਹਾਇਤਾ ਕੀਤੀ ਗਈ ਹੈ। ਇਸ ਮੌਕੇ ਕਲੱਬ ਪ੍ਰਧਾਨ ਸੁਪ੍ਰੀਤ ਸਿੰਘ ਨੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ੁਭਮ ਸਿੰਗਲਾ, ਮਨੂ ਅਰੋੜਾ ਆਦਿ ਵੀ ਹਾਜ਼ਰ ਸਨ।

# ਅਕਾਲੀ-ਬਸਪਾ ਗੱਠਜੋੜ ਵੱਲੋਂ ਚੋਣ ਪ੍ਰਚਾਰ ਜ਼ੋਰਾਂ 'ਤੇ



**ਨੂਰਮਹਿਲ ( ਬਾਲੀ )** -ਖੀਵਾ,ਰਸੂਲਪੁਰ ਕਲਾਂ,ਉੱਗੀ,ਮੀਰਪੁਰ ਮਾੜੀ,ਆਧੀ,ਬੱਲਕੋਨਾ,ਕੰਗ ਸਾਹਿਬ ਰਾਏ,ਟੁੱਟ ਕਲਾਂ,ਕੰਗ ਸਾਹਬੂ ਹਲਕਾ ਨਕੋਦਰ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਜਲੰਧਰ ਦੀਆਂ ਉਪ ਚੋਣ ਦੇ ਸੰਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਚੋਣ ਪ੍ਰਚਾਰ ਬੜੇ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਚੁੱਕਿਆ ਹੈ। ਹਲਕਾ ਵਾਸੀਆਂ ਦਾ ਪਿਆਰ ਦੱਸਦਾ ਹੈ ਕਿ ਜਲੰਧਰ ਵਿੱਚ ਵੱਡੀ ਜਿੱਤ ਹਾਸਲ ਕਰਾਂਗੇ।



ਮੋਗਾ ਰੇਲਵੇ ਸਟੇਸ਼ਨ 'ਤੇ ਗੱਡੀ ਅੱਗੇ ਅੜ ਕੇ ਖੜੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਸੂਰਤ ਸਿੰਘ ਧਰਮਕੋਟ ਸੁੱਖ ਗਿੱਲ ਤੋਤਾ ਸਿੰਘ ਵਾਲਾ ਪੰਜਾਬ ਦੀ ਅਗਵਾਈ ਵਿੱਚ ਆਗੂ ਵਰਕਰ।

# ਨਗਰ ਨਿਗਮ ਦੀ ਆਮਦਨ 'ਚ ਰਿਕਾਰਡ ਵਾਧਾ

**ਕਪੂਰਥਲਾ, ( ਪ੍ਰੀਤ ਸੰਗੋਜਲਾ )**-ਨਗਰ ਨਿਗਮ ਕਪੂਰਥਲਾ ਵਿਖੇ ਕਮਿਸ਼ਨਰ ਅਨੁਪਮ ਕਲੇਰ ਦੀ ਅਗਵਾਈ ਹੇਠ ਨਗਰ ਨਿਗਮ ਨੇ ਪਿਛਲੇ ਵਿੱਤੀ ਸਾਲ 2022-23 ਵਿੱਚ ਨਗਰ ਨਿਗਮ ਦੀਆਂ ਵੱਖ-ਵੱਖ ਮੱਦਾਂ ਦੀ ਆਮਦਨ 'ਚ ਪਿਛਲੇ ਸਾਲ ਦੀ ਆਮਦਨ ਨਾਲੋਂ ਵੱਧ ਆਮਦਨ ਪ੍ਰਾਪਤ ਕਰਦੇ ਹੋਏ ਰਿਕਾਰਡ ਕਾਇਮ ਕੀਤੇ ਹਨ। ਕਮਿਸ਼ਨਰ ਨੇ ਦੱਸਿਆ ਕਿ ਪ੍ਰਾਪਰਟੀ ਟੈਕਸ ਦਾ ਸਾਲ 2022-23 ਦਾ ਬਜਟ ਟੀਚਾ ਰੁ. 190.00 ਲੱਖ ਦਾ ਰੱਖਿਆ ਗਿਆ ਸੀ ਮਿਤੀ 31.03.2023 ਤੱਕ ਰੁ. 411,62 ਲੱਖ ਆਮਦਨ ਪ੍ਰਾਪਤ ਕੀਤੀ ਗਈ ਹੈ ਜੋ ਕਿ ਵਿੱਤੀ ਸਾਲ ਦੇ ਬਜਟ ਟੀਚੇ ਦਾ 217% ਪ੍ਰਤੀਸ਼ਤ ਹੈ। ਨਗਰ ਨਿਗਮ ਨੇ ਪਿਛਲੇ ਸਾਲ ਦੀ ਆਮਦਨ ਨਾਲੋਂ 141% ਪ੍ਰਤੀਸ਼ਤ ਵੱਧ ਆਮਦਨ ਪ੍ਰਾਪਰਟੀ ਟੈਕਸ ਦੇ ਮੱਦ ਵਿੱਚ ਹੀ ਹਾਸਲ ਕੀਤੀ ਹੈ ਜਿਸ ਵਿੱਚ ਲੰਬੇ ਸਮੇਂ ਤੋਂ ਕਈ ਅਦਾਰਿਆਂ ਵੱਲੋਂ ਪ੍ਰਾਪਰਟੀ ਟੈਕਸ ਨਾ ਦੇਣ ਕਾਰਨ ਨਗਰ ਨਿਗਮ ਦੀ ਆਮਦਨ ਘੱਟ ਹੋ ਰਹੀ ਸੀ ਜਿਸ ਵਿੱਚ ਰਿਕਾਰਡ ਤੋੜ ਵਾਧਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਿਰਾਏ ਅਤੇ ਤਹਿਬਜ਼ਾਰੀ ਦਾ ਸਾਲ 2022-23 ਦਾ 23 ਲੱਖ ਦਾ ਬਜਟ ਟੀਚਾ ਰੱਖਿਆ ਗਿਆ ਸੀ 31.03.2023 ਤੱਕ ਰੁ. 45:72 ਲੱਖ ਆਮਦਨ ਪ੍ਰਾਪਤ ਕੀਤੀ ਗਈ ਹੈ ਜੋ ਕਿ ਬਜਟ ਦਾ ਟੀਚੇ ਦਾ 183% ਹੈ । ਨਗਰ ਨਿਗਮ ਨੇ ਪਿਛਲੇ ਸਾਲ ਦੀ ਆਮਦਨ ਨਾਲੋਂ 60% ਪ੍ਰਤੀਸ਼ਤ ਵੱਧ ਆਮਦਨ ਰੈਂਟ ਅਤੇ ਤਹਿਬਜ਼ਾਰੀ ਦੀ ਮੱਦ ਵਿੱਚ ਵੀ ਹਾਸਲ ਕੀਤੀ ਹੈ। ਵਿਗਿਆਪਨ ਕਰ ਦਾ ਸਾਲ 2022-23 ਦਾ ਰੁ. 45.00 ਲੱਖ ਦਾ ਬਜਟ ਟੀਚਾ ਰੱਖਿਆ ਗਿਆ ਸੀ 31,03,2023 ਤੱਕ ਰੁ. 47,60 ਲੱਖ ਆਮਦਨ ਪ੍ਰਾਪਤ ਕੀਤੀ ਗਈ ਹੈ ਜੋ ਕਿ ਬਜਟ ਦਾ ਟੀਚੇ ਦਾ 16% ਹੈ। ਲਾਇਸੈਂਸ ਫੀਸ ਦਾ ਸਾਲ 2022-23 ਦਾ ਰੁ. 5.10 ਲੱਖ ਦਾ ਬਜਟ ਟੀਚਾ ਰੱਖਿਆ ਗਿਆ ਸੀ, 31.03.2023 ਤੱਕ ਰੁ. 10.11 ਲੱਖ ਆਮਦਨ ਪ੍ਰਾਪਤ ਕੀਤੀ ਗਈ ਹੈ ਜੋ ਕਿ ਬਜਟ ਦਾ ਟੀਚੇ ਦਾ 202% ਹੈ। ਕਮਿਸ਼ਨਰ ਨਗਰ ਨਿਗਮ ਵੱਲੋਂ ਕੋਈ ਵੀ ਨਵਾਂ ਟੈਕਸ ਦਾ ਬੋਝ ਪਾਏ ਬਿਨਾਂ ਨਗਰ ਨਿਗਮ ਦੀ ਆਮਦਨ 'ਚ ਵਾਧਾ ਕੀਤਾ ਗਿਆ ਹੈ ਅਤੇ ਨਗਰ ਨਿਗਮ ਦੇ ਲੰਬੇ ਸਮੇਂ ਤੋਂ ਸੇਵਾਮੁਕਤ ਮ੍ਰਿਤਕ ਕਰਮਚਾਰੀਆਂ ਦੀਆਂ ਦੇਣਦਾਰੀਆਂ ਦਾ ਨਿਪਟਾਰਾ ਵੀ ਕੀਤਾ ਗਿਆ। ਨਗਰ ਨਿਗਮ ਕਮਿਸ਼ਨਰ ਵੱਲੋਂ ਇਸ ਵਿੱਤੀ ਸਾਲ ਵਿੱਚ ਹਰ ਮੱਦ ਅਧੀਨ ਬਜਟ ਟੀਚਿਆਂ ਤੋਂ ਵੱਧ ਆਮਦਨ ਪ੍ਰਾਪਤ ਕਰਦੇ ਹੋਏ ਹੁਣ ਮੌਜੂਦਾ ਵਿੱਤੀ ਸਾਲ ਵਿੱਚ ਹਰ ਮੱਦ ਦੇ ਆਮਦਨ ਦੇ ਬਜਟ ਟੀਚੇ ਵਧਾ ਕੇ ਰੱਖੇ ਗਏ ਹਨ ਤਾਂ ਜੋ ਇਸ ਵਿੱਤੀ ਸਾਲ ਵਿੱਚ ਨਗਰ ਨਿਗਮ ਦੀ ਆਮਦਨ 'ਚ ਹੋਰ ਵਾਧਾ ਕੀਤਾ ਜਾ ਸਕੇ ਅਤੇ ਸ਼ਹਿਰ ਵਾਸੀਆਂ ਨੂੰ ਮੁਢਲੀਆਂ ਸਹੂਲਤਾਂ ਜੋ ਕਿ ਨਗਰ ਨਿਗਮ ਦੇ ਪੱਧਰ 'ਤੇ ਦਿੱਤੀਆਂ ਜਾਣੀਆਂ ਹੁੰਦੀਆਂ ਹਨ ਵੱਧ ਤੋਂ ਵੱਧ ਮੁਹੱਈਆ ਕਰਵਾਉਂਦੇ ਹੋਏ ਸ਼ਹਿਰ ਨੂੰ ਵਿਕਾਸ ਦੇ ਰਾਹ 'ਤੇ ਤੋਰਿਆ ਜਾ ਸਕੇ ਅਤੇ ਵੱਧ ਤੋਂ ਵੱਧ ਵਿਕਾਸ ਦੇ ਕੰਮ ਕਰਵਾਏ ਜਾ ਸਕਣ । ਇਸ ਦੇ ਨਾਲ ਹੀ ਕਮਿਸ਼ਨਰ ਅਨੁਪਮ ਕਲੇਰ ਨੇ ਸ਼ਹਿਰ ਵਾਸੀਆਂ ਨੂੰ ਵੀ ਨਗਰ ਨਿਗਮ ਦੇ ਬਣਦੇ ਟੈਕਸ ਜਾਂ ਦੇਣਦਾਰੀਆਂ ਸਮੇਂ ਸਿਰ ਅਦਾ ਕਰਨ ਦੀ ਅਪੀਲ ਕੀਤੀ ਅਤੇ ਸ਼ਹਿਰ ਵਾਸੀਆਂ ਨੂੰ ਸ਼ਹਿਰ ਨੂੰ ਸਾਫ ਸੁਥਰਾ ਬਣਾ ਕੇ ਰੱਖਣ ਲਈ ਵੀ ਨਗਰ ਨਿਗਮ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

# ਐੱਲ ਪੀ ਯੂ ਨੂੰ ਰਿਸਰਚ ਪਬਲੀਕੇਸ਼ਨਜ਼ ਲਈ ਸ਼ਾਨਦਾਰ ਪ੍ਰਾਪਤੀ



**ਜਲੰਧਰ (ਸ਼ੈਲੀ ਐਲਬਰਟ)**- : ਗੁਣਾਤਮਕ ਅਤੇ ਮਾਤਰਾਤਮਕ ਵਿਗਿਆਨਕ ਖੋਜ ਦੇ ਯਤਨਾਂ ਨੂੰ ਲਗਾਤਾਰ ਵਧਾਉਂਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ ) ਨੇ ਹੁਣ ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਦੇ ਖੋਜ ਪ੍ਰਕਾਸ਼ਨਾਂ ਦੇ ਸਕੋਪਸ ਡੇਟਾਬੇਸ ਵਿੱਚ 100 ਦਾ ਓਵਰਆਲ ਐਚ-ਇੰਡੈਕਸ ਹਾਸਲ ਕਰ ਲਿਆ ਹੈ। ਇਸ ਵਾਧੇ ਨੂੰ ਪ੍ਰਾਪਤ ਕਰਨ ਵੱਲ ਇਹ ਇੱਕ ਯੁਵਾ ਯੂਨੀਵਰਸਿਟੀ ਲਈ ਕਮਾਲ ਦਾ ਮੀਲ ਪੱਥਰ ਹੈ, ਜੋ ਕਿ ਸਿਰਫ਼ ਇੱਕ ਦਹਾਕਾ ਅਤੇ ਕੁਝ ਸਾਲ ਪਹਿਲਾਂ ਹੀ ਸ਼ੁਰੂ ਹੋਈ ਹੈ। ਇਸ ਥੋੜੇ ਸਮੇਂ ਵਿੱਚ ਹੀ, ਬਹੁ-ਅਨੁਸ਼ਾਸਨੀ ਅਤੇ ਅੰਤਰ-ਅਨੁਸ਼ਾਸਨੀ ਖੋਜ ਤੇ ਐਲ.ਪੀ.ਯੂ ਦੇ ਫੋਕਸ ਨੇ ਉੱਚ ਪ੍ਰਭਾਵ ਵਾਲੇ ਰਸਾਲਿਆਂ ਵਿੱਚ ਪ੍ਰਕਾਸ਼ਨ ਕੀਤੇ ਹਨ, ਅਤੇ ਨਤੀਜੇ ਵਜੋਂ ਇਸਦੇ 100 ਪ੍ਰਕਾਸ਼ਨਾਂ ਵਿੱਚ 100 ਹਵਾਲੇ ਹਨ।। ਇੱਥੇ, ਕਿਸੇ ਵੀ ਸੰਸਥਾ ਦਾ ਐੱਚ-ਇੰਡੈਕਸ ਸੰਸਥਾ ਤੋਂ ਪੈਦਾ ਹੋਣ ਵਾਲੇ ਪ੍ਰਕਾਸ਼ਨਾਂ ਲਈ ਪ੍ਰਾਪਤ ਕੀਤੇ ਹਵਾਲਿਆਂ ਦੀ ਵੱਧ ਤੋਂ ਵੱਧ ਸੰਖਿਆ ਨੂੰ ਦਰਸਾਉਂਦਾ ਹੈ । ਐਚ -ਇੰਡੈਕਸ ਸੰਸਾਰ ਵਿੱਚ ਸੰਸਥਾ ਅਤੇ ਇਸਦੇ ਵਿਗਿਆਨੀਆਂ ਦੇ ਪ੍ਰਭਾਵ ਨੂੰ ਮਾਪਦਾ ਹੈ ।ਐਲ.ਪੀ.ਯੂ ਦੁਨੀਆ ਭਰ ਦੀਆਂ ਪ੍ਰਮੁੱਖ ਸੰਸਥਾਵਾਂ ਅਤੇ ਉਦਯੋਗਾਂ ਨਾਲ ਸਹਿਯੋਗ ਕਰਕੇ ਖੋਜ ਲਈ ਯਤਨ ਕਰਦਾ ਹੈ। ਜਿਵੇਂ ਕਿ, ਇਸਨੇ ਖੋਜ ਵਿੱਚ ਦ੍ਰਿਸ਼ਟੀ ਅਤੇ ਧਾਰਨਾ ਨੂੰ ਵਧਾਇਆ ਹੈ। ਅੱਜ ਤੱਕ, ਐਲਪੀਯੂ ਕੋਲ ਸਕੋਪਸ ਵਿੱਚ ਸੂਚੀਬੱਧ ਕੀਤੇ 11000 ਤੋਂ ਵੱਧ ਪ੍ਰਕਾਸ਼ਨ ਅਤੇ 84000 ਤੋਂ ਵੱਧ ਹਵਾਲੇ ਹਨ ।

# ਟੀਕਾਕਰਨ ਪ੍ਰਤੀ ਜਾਗਰੂਕਤਾ ਲਈ ਯਤਨ ਤੇਜ਼ ਕੀਤੇ ਜਾਣ : ਸਿਵਲ ਸਰਜਨ

**ਕਪੂਰਥਲਾ, ( ਪ੍ਰੀਤ ਸੰਗੋਜਲਾ )** ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਨੇ ਕਿਹਾ ਹੈ ਕਿ ਬੱਚਿਆ ਦਾ ਸੰਪੂਰਨ ਟੀਕਾਕਰਨ ਬਹੁਤ ਜ਼ਰੂਰੀ ਹੈ। ਉਨ੍ਹਾ ਦੱਸਿਆ ਕਿ ਟੀਕਾਕਰਨ ਬੱਚਿਆ ਵਿੱਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧਾਉਂਦੇ ਹਨ ਤੇ ਬਹੁਤ ਸਾਰੀਆਂ ਖਤਰਨਾਕ ਬਿਮਾਰੀਆਂ ਤੋਂ ਇਸ ਦਾ ਇਲਾਜ ਸੰਭਵ ਹੈ। ਉਨ੍ਹਾ ਇਹ ਵੀ ਨਿਰਦੇਸ਼ ਦਿੱਤੇ ਕਿ ਲੋਕਾਂ ਵਿੱਚ ਟੀਕਾਕਰਨ ਪ੍ਰਤੀ ਵੱਧ ਤੋਂ ਵੱਧ ਜਾਗਰੂਕਤਾ ਕੀਤੀ ਜਾਵੇ। ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਣਦੀਪ ਸਿੰਘ ਨੇ ਦੱਸਿਆ ਕਿ ਟੀਕਾਕਰਨ ਬੱਚਿਆਂ 'ਚ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਵਧਾਉਂਦਾ ਹੈ। ਉਨ੍ਹਾ ਨੇ ਦੱਸਿਆ ਕਿ ਕਾਲੀ ਖਾਂਸੀ, ਗਲਘੋਟੂ, ਚਾਨਣੀ, ਮੀਸਲਜ਼, ਰੂਬੈਲਾ ਆਦਿ ਅਜਿਹੀਆਂ ਬਿਮਾਰੀਆਂ ਹਨ ਜੋ ਬੱਚਿਆਂ ਦੀ ਮੌਤ ਦਾ ਸਭ ਤੋਂ ਵੱਡਾ ਕਾਰਨ ਬਣਦੀਆਂ ਹਨ। ਇਸ ਕਰਕੇ ਵੈਕਸੀਨੇਸ਼ਨ ਪ੍ਰਕਿਰਿਆ (ਟੀਕਾਕਰਨ ਪ੍ਰੋਗਰਾਮ) 'ਚ ਉਕਤ ਰੋਗਾਂ ਤੋਂ ਬਚਾਅ ਸੰਬੰਧੀ ਟੀਕਿਆਂ ਨੂੰ ਪ੍ਰਮੁੱਖਤਾ ਨਾਲ ਸ਼ਾਮਲ ਕੀਤਾ ਗਿਆ ਹੈ। ਮੀਟਿੰਗ 'ਚ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਜੀਵ ਭਗਤ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਨੰਦੀਕਾ ਖੁੱਲਰ, ਡਿਪਟੀ ਮਾਸ ਮੀਡੀਆ ਅਫਸਰ, ਸੁਖਦਿਆਲ ਸਿੰਘ, ਰਜਨੀ ਬਾਲਾ ਆਈ ਏ, ਜੋਤੀ ਆਨੰਦ, ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਆਦਿ ਹਾਜ਼ਰ ਸਨ।

# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ 53ਵੀਂ ਲੜੀ ਦੀ ਸੰਪੂਰਨਤਾਈ 'ਤੇ ਮਹਾਨ ਜੱਗ ਅਤੇ ਧਾਰਮਕ ਸਮਾਗਮ



**ਐੱਸ ਏ ਐੱਸ ਨਗਰ : (ਗੁਰਜੀਤ ਬਿੱਲਾ)** - ਧੰਨ ਧੰਨ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ ਵਿਖੇ ਬ੍ਰਹਮਲੀਨ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਬਚਨਾਂ ਸਦਕਾ 29 ਨਵੰਬਰ 1993 ਤੋਂ ਨਿਰੰਤਰ ਚੱਲ ਰਹੀ ਸਦੀਵੀ ਲੜੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ 53ਵੀਂ ਲੜੀ ਦੇ 5353ਵੇਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਸੰਪੂਰਨ ਹੋਣ ਦੀ ਖੁਸ਼ੀ ਵਿੱਚ ਮਹਾਨ ਜੱਗ ਅਤੇ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦਿਨ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਭਾਈ ਪਰਵੀਨ ਸਿੰਘ ਪ੍ਰੀਤ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਧੁਰ ਕੀ ਬਾਣੀ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਜਾਣੂ ਕਰਵਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਖੰਡੇ ਬਾਟੇ ਦੀ ਅੰਮ੍ਰਿਤ ਦੀ ਮਹੱਤਤਾ ਦੱਸਦੇ ਹੋਏ ਸੰਗਤਾਂ ਨੂੰ ਅੰਮ੍ਰਿਤ ਛਕ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਭਾਈ ਕਰਨਵੀਰ ਸਿੰਘ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਇਸ ਤੋਂ ਇਲਾਵਾ ਭਾਈ ਹਰਦੀਪ ਸਿੰਘ ਦਮਦਮੀ ਟਕਸਾਲ, ਅਗਕਾਲ ਕਵੀਸ਼ਰੀ ਜੱਥਾ, ਬੀਬੀ ਦਵਿੰਦਰ ਕੌਰ, ਭਾਈ ਜਗਜੀਤ ਸਿੰਘ, ਭਾਈ ਹਰਪ੍ਰੀਤ ਸਿੰਘ, ਮਿੱਤਰ ਪਿਆਰੇ ਨੂੰ ਕੀਰਤਨੀ ਜੱਥਾ, ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਸੁਖਮਨੀ ਸੇਵਾ ਸੋਸਾਇਟੀ, ਭਾਈ ਨਿਰਮੈਲ ਸਿੰਘ , ਭਾਈ ਓਂਕਾਰ ਸਿੰਘੀ, ਭਾਈ ਗੁਰਦੀਪ ਸਿੰਘ ਭਾਈ ਸੁਖਜਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ, ਭਾਈ ਗੁਰਮੀਤ ਸਿੰਘ, ਭਾਈ ਜਸਵੰਤ ਸਿੰਘ, ਅਤੇ ਭਾਈ ਹਰਬਖਸ਼ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਲੱਡੂ, ਜਲੇਬੀਆਂ ਸਮੇਤ ਕਈ ਤਰ੍ਹਾਂ ਦੇ ਮਿਸ਼ਠਾਨਾਂ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ ।

# ਮਿੱਠਾਪੁਰ ਵਿਖੇ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਜਲੰਧਰ (ਰਾਜੇਸ਼ ਥਾਪਾ )** ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਪਿੰਡ ਮਿੱਠਾ ਪੁਰ ਵਿਖੇ ਮਨਾਇਆ ਗਿਆ । ਇਸ ਮੌਕੇ ਸੋਮ ਨਾਥ, ਨਰਿੰਦਰ ਸਿੰਘ,ਗੋਰਵ, ਲਖਬੀਰ ਸਿੰਘ,ਅਮਰਜੀਤ ਸਿੰਘ,ਤੀਰਥ ਰਾਮ,ਰੁਡਪਾਲ ਸਿੰਘ ਅਤੇ ਆਸ਼ੂ ਨੇ ਕਿਹਾ ਕਿ ਅਸੀਂ ਬਾਬਾ ਸਾਹਿਬ ਦੇ ਦੱਸੇ ਹੋਏ ਰਸਤੇ 'ਤੇ ਚੱਲ ਕੇ ਹੀ ਆਪਣੇ ਸਮਾਜ ਦਾ ਭਲਾ ਕਰ ਸਕਦੇ ਹਾਂ । ਬਾਬਾ ਸਾਹਿਬ ਨੇ ਕਿਹਾ ਸੀ "ਪੜ੍ਹੋ ਲਿਖੋ ਸੰਗਠਿਤ ਹੋਵੋ ਅਤੇ ਸੰਘਰਸ਼ ਕਰੋ"। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸਾਡਾ ਸਮਾਜ ਪੜ੍ਹਿਆ-ਲਿਖਿਆ ਹੋਵੇ ਆਪਣੇ ਹੱਕਾਂ ਦੀ ਰਾਖੀ ਕਰਨ ਜਾਣਦਾ ਹੋਵੇ।

ਅੱਜ ਦਾ ਸਮਾਂ ਬਾਬਾ ਸਾਹਿਬ ਦੇ ਬਣਾਏ ਹੋਏ ਸਵਿਧਾਨ ਨੂੰ ਬਚਾ ਕੇ ਰੱਖਣ ਦਾ ਹੈ। ਆਓ ਬਾਬਾ ਸਾਹਿਬ ਦੇ ਜਨਮ ਦਿਨ ਤੇ ਪ੍ਰਣ ਕਰੀਏ ਕਿ ਅਸੀਂ ਸਾਰੇ ਬਾਬਾ ਸਾਹਿਬ ਦੇ ਬਣਾਏ ਹੋਏ ਸਵਿਧਾਨ ਦੀ ਰੱਖਿਆ ਹਰ ਕੀਮਤ ਦੇ ਕੇ ਕਰਾਂਗੇ। ਭਾਰੀ ਗਿਣਤੀ ਵਿਚ ਪਿੰਡ ਨਿਵਾਸੀਆਂ ਨੇ ਇਸ ਸਮਾਗਮ ਵਿਚ ਹਿੱਸਾ ਲਿਆ। ਇਸ ਮੌਕੇ 'ਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ।

# ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਟ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ )**ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਫੁੱਲ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਦੇ ਸਿਧਾਂਤਾਂ ਨੇ ਸਾਡੇ ਸੰਵਿਧਾਨ ਨੂੰ ਮਜ਼ਬੂਤ ਬਣਾਇਆ, ਆਓ ਆਪਾਂ ਉਨ੍ਹਾਂ ਦੇ ਜੀਵਨ ਅਤੇ ਵਿਚਾਰਾਂ ਨੂੰ ਆਦਰਸਾਂ ਬਣਾ ਕੇ ਆਪਣੇ ਜੀਵਨ ਵਿਚ ਲਾਗੂ ਕਰਨ ਦਾ ਸੰਕਲਪ ਕਰੀਏ ਅਤੇ ਇਕ ਮਜ਼ਬੂਤ ਅਤੇ ਖੁਸ਼ਹਾਲ ਭਾਰਤ ਦੀ ਸਿਰਜਣਾ ਵਿਚ ਯੋਗਦਾਨ ਪਾਈਏ। ਇਸ ਮੌਕੇ ਬਲਵਿੰਦਰ ਕੁਮਾਰ ਭੁੰਬਲਾ ਵਾਈਸ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ, ਜੈਦੀਪ ਜਾਂਗੜਾ ਬਲਾਕ ਪ੍ਰਧਾਨ ਸ਼ਹਿਰੀ ਨਵਾਂਸ਼ਹਿਰ ਅਤੇ ਕਾਂਗਰਸੀ ਵਰਕਰ ਹਾਜ਼ਰ ਸਨ।


ਫਾਰਮ ਆਈ ਐੱਨ ਸੀ-26

(ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼, 2014 ਦੇ ਰੂਲ 30 ਦੀ ਪਾਲਣਾ 'ਚ)

ਕੰਪਨੀ ਦਾ ਰਜਿਸਟਰਡ ਦਫਤਰ

ਇੱਕ ਰਾਜ ਤੋਂ ਦੂਜੇ 'ਚ ਤਬਦੀਲ ਕਰਨ ਸੰਬੰਧੀ ਅਖਬਾਰ 'ਚ ਪ੍ਰਕਾਸ਼ਤ ਕਰਨ ਲਈ ਇਸ਼ਤਿਹਾਰ

ਸਨਮੁੱਖ ਕੇਂਦਰ ਸਰਕਾਰ ਖੇਤਰੀ ਨਿਰਦੇਸ਼ਕ ਉੱਤਰੀ ਖੇਤਰ

ਕੰਪਨੀਜ਼ ਐਕਟ 2013, ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਤੇ ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼ 2014 ਦੇ ਰੂਲ 30 ਦੇ ਸਬ ਰੂਲ (5) ਦੀ ਕਲਾਜ਼ ਏ ਦੇ ਮਾਮਲੇ 'ਚ

ਅਤੇ

ਹੈਨਸਨ ਇਨਫੋ ਸੋਲਯੂਸ਼ਨਜ਼ ਪ੍ਰਾਈਵੇਟ ਲਿਮਿਟਿਡ, ਜਿਸ ਦਾ ਰਜਿਸਟਰਡ ਦਫਤਰ ਐੱਸ ਸੀ ਓ 54-55-56 ਲੈਵਲ-3, ਸੈਕਟਰ 17 ਏ, ਚੰਡੀਗੜ੍ਹ, ਮੋਹਾਲੀ, ਪੰਜਾਬ 160017 ਇੰਡਿਆ, ਪਟੀਸ਼ਨਰ ਦੇ ਮਾਮਲੇ 'ਚ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਵੱਲੋਂ ਰਜਿਸਟਰਡ ਦਫਤਰ ਪੰਜਾਬ ਰਾਜ ਤੋਂ ਹਰਿਆਣਾ ਰਾਜ 'ਚ ਤਬਦੀਲ ਕਰਨ ਸੰਬੰਧੀ 13 ਮਾਰਚ 2023 ਨੂੰ ਕੀਤੀ ਗਈ ਅਸਧਾਰਨ ਜਨਰਲ ਮੀਟਿੰਗ ਦੌਰਾਨ ਪਾਸ ਕੀਤੇ ਗਏ ਵਿਸ਼ੇਸ਼ ਮਤੇ ਦੇ ਮੱਦੇਨਜ਼ਰ ਕੰਪਨੀ ਦੇ ਮੈਮੋਰੰਡਮ ਆਫ ਐਸੋਸੀਏਸ਼ਨ 'ਚ ਤਬਦੀਲੀ ਦੀ ਪੁਸ਼ਟੀ ਲਈ ਅਰਜ਼ੀ ਦੇਣ ਦੀ ਤਜਵੀਜ਼ ਰੱਖਦੀ ਹੈ।

ਕੰਪਨੀ ਦੇ ਰਜਿਸਟਰਡ ਦਫਤਰ ਦੀ ਤਜਵੀਜ਼ਤ ਤਬਦੀਲੀ ਕਾਰਨ ਜੇਕਰ ਕਿਸੇ ਵਿਅਕਤੀ ਦੇ ਹਿੱਤ ਪ੍ਰਭਾਵਤ ਹੋ ਸਕਦੇ ਹਨ ਤਾਂ ਉਹ ਐੱਮ ਸੀ ਏ-21 ਪੋਰਟਲ (www.mca.gov.in) 'ਤੇ ਇਨਵੈਸਟਰ ਸ਼ਿਕਾਇਤ ਫਾਰਮ ਭਰ ਕੇ ਜਾਂ ਰਜਿਸਟਰਡ ਡਾਕ ਰਾਹੀਂ ਆਪਣੇ ਇਤਰਾਜ਼ ਦੀ ਸੂਰਤ ਅਤੇ ਵਿਰੋਧ ਦਾ ਆਧਾਰ, ਹਲਫੀਆ ਬਿਆਨ ਸਮੇਤ ਖੇਤਰੀ ਨਿਰਦੇਸ਼ਕ ਦੇ ਪਤੇ ਬੀ-2 ਵਿੰਗ, ਦੂਜੀ ਮੰਜ਼ਲ, ਪੰਡਿਤ ਦੀਨ ਦਿਆਲ ਅੰਨਤੋਦਿਆ ਭਵਨ, ਦੂਜੀ ਮੰਜ਼ਲ, ਸੀ ਜੀ ਓ ਕੰਪਲੈਕਸ, ਨਵੀਂ ਦਿੱਲੀ-110003 ਨੂੰ, ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 14 ਦਿਨਾਂ ਦੇ ਅੰਦਰ, ਬਿਨੈਕਰਤਾ ਕੰਪਨੀ ਦੇ ਹੇਠਾਂ ਦਰਸਾਏ ਰਜਿਸਟਰਡ ਦਫਤਰ ਦੇ ਪਤੇ 'ਤੇ ਇੱਕ ਨਕਲ ਦੇ ਨਾਲ ਭੇਜ ਸਕਦਾ ਹੈ :

*"ਐੱਸ ਸੀ ਓ 54-55-56 ਲੈਵਲ-3, ਸੈਕਟਰ 17 ਏ, ਚੰਡੀਗੜ੍ਹ ਮੋਹਾਲੀ ਪੰਜਾਬ 160017 ਆਈ ਐੱਨ"*

ਵਾਸਤੇ ਅਤੇ ਤਰਫੋਂ ਬਿਨੈਕਾਰ ਹੈਨਸਨ ਇਨਫੋ ਸੋਲਯੂਸ਼ਨਜ਼ ਪ੍ਰਾਈਵੇਟ ਲਿਮਿਟਿਡ

ਮਿਤੀ : 19 ਅਪ੍ਰੈਲ 2023 | ਸਹੀ/-ਗਰੇਮੋਰੀ ਸਕਾਟ ਹੈਨਸਨ

ਸਥਾਨ : ਪੰਜਾਬ | ਨਿਰਦੇਸ਼ਕ

19-APRIL-PAGE-10.qxd 4/18/2023 10:19 PM Page 1



# ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ

**ਜ਼ੀਰਾ (ਪਰਮਜੀਤ ਸਿੰਘ ਧੰਜੂ)**



ਪੰਜਾਬ ਪ੍ਰਦੇਸ ਪੱਲੇਦਾਰ ਮਜ਼ਦੂਰ ਯੂਨੀਅਨ ਬ੍ਰਾਂਚ ਜ਼ੀਰਾ ਵੱਲੋਂ ਦਾਣਾ ਮੰਡੀ ਜ਼ੀਰਾ ਤੋਂ ਚੱਲ ਕੇ ਜ਼ੀਰਾ ਦੇ ਮੇਨ ਚੌਕ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਉਪਰੰਤ ਐੱਸ ਡੀ ਐੱਮ ਜ਼ੀਰਾ ਗਗਨਦੀਪ ਸਿੰਘ ਨੂੰ ਯੂਨੀਅਨ ਵੱਲੋਂ ਮੰਗ-ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪੰਜਾਬ ਪ੍ਰਦੇਸ ਪੱਲੇਦਾਰ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਧਾਲੀਵਾਲ, ਜਰਨਲ ਸਕੱਤਰ ਗੁਰਸੇਵਕ ਸਿੰਘ ਸੰਧੂ, ਚਮਕੌਰ ਸਿੰਘ, ਹਰਨੇਕ ਸਿੰਘ, ਪ੍ਰਕਾਸ ਸਿੰਘ, ਮਲਕੀਤ ਸਿੰਘ ਨੇ ਦੱਸਿਆ ਕਿ ਸਾਲ 2023-24 ਦੇ ਕਣਕ ਦੇ ਸੀਜ਼ਨ ਦੌਰਾਨ ਪੰਜਾਬ ਦੇ ਸਮੂਹ ਖਰੀਦ ਕੇਂਦਰਾਂ ਤੋਂ ਕਣਕ ਰੇਲ ਹੈੱਡ ਰਾਹੀਂ ਸਿੱਧੀਆਂ ਸਪੈਸ਼ਲਾਂ ਭਰੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਤੁਰੰਤ ਬੰਦ ਕੀਤਾ ਜਾਵੇ, ਕਿਉਂਕਿ ਸਾਰੇ ਪੰਜਾਬ ਵਿੱਚ ਪੰਜਾਬ ਦੀਆਂ ਫੂਡ ਏਜੰਸੀਆਂ ਵਿੱਚ ਕੰਮ ਕਰਦੇ ਲੱਖਾਂ ਹੀ ਮਜ਼ਦੂਰ ਪੱਲੇਦਾਰ ਕੰਮ ਤੋਂ ਵਿਹਲੇ ਹੋ ਰਹੇ ਹਨ। ਇਨ੍ਹਾਂ ਦੇ ਪਰਿਵਾਰ ਭੁੱਖਮਰੀ ਦਾ ਸ਼ਿਕਾਰ ਹੋ ਜਾਣਗੇ। ਪੰਜਾਬ ਸਰਕਾਰ ਇਸ ਫੈਸਲੇ ਨੂੰ ਤੁਰੰਤ ਵਾਪਸ ਲੈ ਕੇ ਪੰਜਾਬ ਵਿੱਚ ਬਣੇ ਓਪਨ ਪਲੰਥਾਂ ਤੇ ਕਵਰਡ ਗੋਦਾਮਾਂ ਵਿੱਚ, ਜੋ ਮੰਡੀਆਂ ਵਿੱਚੋਂ ਕਣਕ ਆ ਰਹੀ ਹੈ, ਇਸ ਕਣਕ ਦੇ ਗੱਟਿਆਂ ਨੂੰ ਸਟੈਕ ਕੀਤਾ ਜਾਵੇ ਤੇ ਸੀਜ਼ਨ ਤੋਂ ਬਾਅਦ ਸਪੈਸ਼ਲਾਂ ਭਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨਦੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਗੁਰਮੀਤ ਸਿੰਘ, ਬਗੀਚਾ ਸਿੰਘ, ਜਸਪਾਲ ਸਿੰਘ, ਜਗਤਾਰ ਸਿੰਘ, ਤਜਿੰਦਰ ਸਿੰਘ, ਮੰਗਲ ਕੁਮਾਰ, ਅਰਸ਼ਦੀਪ, ਕਰਨੈਲ, ਲਵਿਸ਼ ਸੰਧੂ, ਰਾਮ ਸਿੰਘ, ਵੀਰਪਾਲ ਸਿੰਘ, ਹੀਰਾ, ਨਿਰਮਲ ਸਿੰਘ, ਜਸ਼ਨ, ਗੁਰਨਾਮ ਸਿੰਘ, ਜਗਸੀਰ ਸਿੰਘ, ਗੁਰਜੀਤ ਸਿੰਘ, ਗੁਰਜੰਟ ਸਿੰਘ ਆਦਿ ਹਾਜ਼ਰ ਸਨ।

## ਭੋਲੂਵਾਲਾ 'ਚ 10 ਏਕੜ ਦੇ ਕਰੀਬ ਕਣਕ ਸੜੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨਜ਼ਦੀਕੀ ਪਿੰਡ ਭੋਲੂਵਾਲਾ ਵਿਖੇ ਖੇਤਾਂ 'ਚ ਅੱਗ ਲੱਗਣ ਕਾਰਨ 10 ਏਕੜ ਦੇ ਕਰੀਬ ਕਣਕ ਦੀ ਫ਼ਸਲ ਸੜ ਕੇ ਸੁਆਹ ਹੋ ਜਾਣ ਦੀ ਖਬਰ ਹੈ, ਜਦਕਿ ਇਸ ਦੌਰਾਨ ਕਰੀਬ 11 ਏਕੜ ਕਣਕ ਦਾ ਨਾੜ ਵੀ ਸੜ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਬਾਅਦ ਦੁਪਹਿਰ ਪਿੰਡ ਭੋਲੂਵਾਲਾ ਦੇ ਪਿੰਡ ਤੂੰਬੜਭੰਨ ਦੀ ਦਾਣਾ ਮੰਡੀ ਨਾਲ ਲੱਗਦੇ ਇੱਕ ਕਣਕ ਦੇ ਖੇਤ 'ਚ ਅਚਾਨਕ ਅੱਗ ਲੱਗ ਗਈ ਤੇ ਪਲਾਂ ਵਿੱਚ ਹੀ ਉਕਤ ਅੱਗ ਦੇ ਭਾਂਬੜ ਨਾਲ ਲੱਗਦੇ ਖੇਤਾਂ 'ਚ ਫੈਲ ਗਏ। ਇਸ ਦੌਰਾਨ ਇਕੱਤਰ ਹੋਏ ਵੱਡੀ ਗਿਣਤੀ ਵਿੱਚ ਲੋਕਾਂ ਬੜੀ ਮੁਸ਼ਕਲ ਨਾਲ ਅੱਗ 'ਤੇ ਕਾਬੂ ਪਾਇਆ, ਪਰ ਉਦੋਂ ਤੱਕ ਕਰੀਬ 10 ਏਕੜ ਕਣਕ ਦੀ ਫ਼ਸਲ ਤੇ 11 ਏਕੜ ਕਣਕ ਦੀ ਕਟਾਈ ਪਿੱਛੋਂ ਬਚਿਆ ਕਣਕ ਦਾ ਨਾੜ ਸੜ ਕੇ ਸੁਆਹ ਹੋ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਦੌਰਾਨ ਕਿਸਾਨ ਕੁਲਵੰਤ ਸਿੰਘ ਉਰਫ਼ ਪੱਪੀ ਦੀ ਢਾਈ ਏਕੜ, ਪੁਸ਼ਪਿੰਦਰ ਸਿੰਘ ਪੁੱਤਰ ਨਾਜਰ ਸਿੰਘ ਦੀ 2 ਏਕੜ, ਜਸਵੀਰ ਸਿੰਘ ਦੀ ਡੇਢ ਏਕੜ ਤੇ ਜੱਸਾ ਸਿੰਘ ਪਿੰਡ ਪਤਲੀ ਦੀ 3 ਏਕੜ ਕਣਕ ਦੀ ਫ਼ਸਲ ਸੜਨ ਕਰਕੇ ਨਸ਼ਟ ਹੋ ਗਈ, ਜਦਕਿ ਗੁਰਜੰਟ ਸਿੰਘ ਪੁੱਤਰ ਮਲਕੀਤ ਸਿੰਘ ਦਾ 6 ਏਕੜ ਤੇ ਕਰਮਜੀਤ ਸਿੰਘ ਦਾ 5 ਏਕੜ ਕਣਕ ਦਾ ਨਾੜ ਸੜ ਗਿਆ।ਕਿਸਾਨਾਂ ਨੇ ਦੱਸਿਆ ਕਿ ਖੇਤਾਂ 'ਚੋਂ ਲੰਘਦੀ ਬਿਜਲੀ ਦੀ ਹਾਈ ਵੋਲਟੇਜ ਟਾਵਰ ਲਾਈਨ ਦੇ ਹੇਠਲੇ ਖੇਤ 'ਚੋਂ ਅੱਗ ਲੱਗਣ ਦੀ ਸ਼ੁਰੂਆਤ ਹੋਈ, ਜਿਸ ਕਾਰਨ ਸ਼ੱਕ ਕੀਤਾ ਜਾ ਰਿਹਾ ਹੈ ਕਿ ਹਾਈ ਵੋਲਟੇਜ ਤਾਰਾਂ ਤੋਂ ਡਿੱਗੇ ਚੰਗਿਆੜਿਆਂ ਕਾਰਨ ਇਹ ਘਟਨਾ ਵਾਪਰੀ ਹੈ। ਇਸ ਮੌਕੇ ਥਾਣਾ ਤਲਵੰਡੀ ਭਾਈ ਦੀ ਮੁਖੀ ਸ਼ਿਮਲਾ ਰਾਣੀ ਨੇ ਪੁਲਸ ਕਰਮਚਾਰੀਆਂ ਸਮੇਤ ਪੁੱਜ ਕੇ ਅੱਗ ਲੱਗਣ ਦੀ ਘਟਨਾ ਸਬੰਧੀ ਛਾਣ-ਬੀਣ ਕੀਤੀ।

## ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਕਾਲਰਸ਼ਿਪ ਫ਼ੀਸ ਨਾ ਆਉਣ ਸੰਬੰਧੀ ਮੀਟਿੰਗ

**ਨਾਭਾ (ਵਰਿੰਦਰ ਵਰਮਾ)**



ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਰਕਾਰੀ ਰਿਪੁਦਮਨ ਕਾਲਜ ਵਿੱਚ ਵਿਦਿਆਰਥੀਆਂ ਦੇ ਖਾਤਿਆਂ 'ਚ ਸਕਾਲਰਸ਼ਿਪ ਫ਼ੀਸ ਨਾ ਆਉਣ ਸੰਬੰਧੀ ਮੀਟਿੰਗ ਕੀਤੀ ਗਈ। ਪੰਜਾਬ ਸਟੂਡੈਂਟਸ ਯੂਨੀਅਨ ਦੇ ਇਕਾਈ ਮੈਂਬਰ ਹਰਮਨ ਸਿੰਘ ਵੱਲੋਂ ਕਿਹਾ ਗਿਆ ਕਿ ਪਿਛਲੇ ਦਿਨਾਂ ਵਿੱਚ ਵਿਦਿਆਰਥੀਆਂ ਦੇ ਖਾਤਿਆਂ 'ਚ ਸਰਕਾਰ ਵੱਲੋਂ ਸਕਾਲਰਸ਼ਿਪ ਪਾਈ ਗਈ ਸੀ, ਪਰ ਬਹੁਤ ਵਿਦਿਆਰਥੀਆ ਦੇ ਖਾਤਿਆਂ ਵਿਚ ਸਕਾਲਰਸ਼ਿਪ ਨਹੀਂ ਆਈ ਤੇ ਕਾਲਜ ਵੱਲੋਂ ਸਕਾਲਰਸ਼ਿਪ ਭਰਾਉਣ ਸੰਬੰਧੀ 2 ਵਾਰ ਨੋਟਿਸ ਕੱਢਿਆ ਗਿਆ ਹੈ। ਪੰਜਾਬ ਸਟੂਡੈਂਟਸ ਯੂਨੀਅਨ ਦੀ ਟੀਮ ਵੱਲੋਂ ਇਨ੍ਹਾਂ ਨੋਟਿਸਾਂ ਤੇ ਕਾਲਜ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਗਈ ਤੇ ਕਾਲਜ ਨੇ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਫੀਸ ਨਾ ਆਉਣ ਸੰਬੰਧੀ ਕੋਈ ਜ਼ਿੰਮੇਵਾਰੀ ਨਹੀਂ ਲਈ ਤੇ ਵਿਦਿਆਰਥੀ ਨੂੰ ਫ਼ੀਸ ਜਮ੍ਹਾਂ ਕਰਾਉਣ ਲਈ ਕਿਹਾ ਗਿਆ। ਇਸ ਸਾਲ ਵੀ ਸਰਕਾਰੀ ਰਿਪੁਦਮਨ ਕਾਲਜ ਨਾਭਾ ਦੇ ਵਿਦਿਆਰਥੀਆਂ ਦੇ ਖਾਤਿਆਂ ਵਿਚ ਫ਼ੀਸ ਨਹੀਂ ਆਈ ਤੇ ਵਿਦਿਆਰਥੀ ਵੱਲੋਂ ਆਪਣੇ ਬੈਂਕ ਖਾਤਿਆਂ ਦੀ ਸਟੇਟਮੈਂਟਾਂ ਵੀ ਕਾਲਜ ਨੂੰ ਸੌਂਪੀਆਂ ਜਾ ਰਹੀਆਂ ਹਨ, ਪਰ ਫਿਰ ਵੀ ਯੂਨੀਵਰਸਿਟੀ ਕਾਲਜ ਪ੍ਰਸ਼ਾਸਨ ਰਾਹੀਂ ਵਿਦਿਆਰਥੀਆਂ ਤੋਂ ਧੱਕੇ ਨਾਲ ਫ਼ੀਸਾਂ ਵਸੂਲ ਰਹੀ ਹੈ। ਇਸ ਸਕਾਲਰਸ਼ਿਪ ਮਸਲੇ ਰਾਹੀਂ ਸਰਕਾਰ ਘੱਟ ਗਿਣਤੀਆਂ ਵਿਦਿਆਰਥੀਆਂ ਤੋਂ ਪੜ੍ਹਾਈ ਖੋਹ ਰਹੀ ਹੈ। ਪਿਛਲੇ 2-3 ਸਾਲਾਂ ਤੋਂ ਇਸ ਮਸਲੇ ਕਰਕੇ ਬਹੁਤੇ ਵਿਦਿਆਰਥੀ ਪੜ੍ਹਾਈ ਛੱਡ ਗਏ ਹਨ ਤੇ ਹੁਣ ਵੀ ਖਾਤਿਆਂ ਵਿੱਚ ਸਕਾਲਰਸ਼ਿਪ ਨਾ ਆਉਣ ਤੇ ਕਾਲਜ ਛੱਡਣ ਲਈ ਮਜਬੂਰ ਹਨ। ਇਕਾਈ ਖ਼ਜ਼ਾਨਚੀ ਸਤਵੀਰ ਕੌਰ ਨੇ ਕਿਹਾ ਵਿਦਿਆਰਥੀਆਂ ਦੇ ਦਬਾਅ ਪਾਉਣ ਤੇ ਕਾਲਜ ਉਨ੍ਹਾਂ ਨੂੰ ਰੋਲ ਨੰਬਰ ਜਾਰੀ ਕਰਕੇ ਪੇਪਰ ਵਿੱਚ ਬੈਠਣ ਦੀ ਅਨੁਮਤੀ ਦੇ ਦਿੰਦਾ ਹੈ, ਪਰ ਬਾਅਦ ਵਿੱਚ ਵਿਦਿਆਰਥੀਆਂ ਦੇ ਸਕਾਲਰਸ਼ਿਪ ਫ਼ੀਸ ਨਾ ਭਰਨ ਤੇ ਉਨ੍ਹਾਂ ਦੇ ਡੀ ਐਮ ਸੀ ਰੋਕ ਲਏ ਜਾਂਦੇ ਹਨ ਤੇ ਰਿਜਲਟ ਵਿਚ ਆਰ ਐਲ ਐਫ ਤੇ ਆਰ ਐਲ ਐਲ ਪਾ ਦਿੱਤੀ ਜਾਂਦੀ ਹੈ ਅਤੇ ਇਸ ਆਰ ਐਲ ਐਫ ਤੇ ਆਰ ਐਲ ਐਲ ਨੂੰ ਕਲੀਅਰ ਕਰਨ ਲਈ ਵਿਦਿਆਰਥੀਆਂ ਤੋ ਜੁਰਮਾਨੇ ਤਹਿਤ ਸਕਾਲਰਸ਼ਿਪ ਫ਼ੀਸ ਮੰਗੀ ਜਾਂਦੀ ਹੈ, ਜੋ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀ ਆਰਥਿਕ ਲੁੱਟ ਕੀਤੀ ਜਾਂਦੀ ਹੈ। ਜੇਕਰ ਸਰਕਾਰ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਸਕਾਲਰਸ਼ਿਪ ਫ਼ੀਸ ਨਹੀਂ ਆਉਂਦੀ ਤਾਂ ਵਿਦਿਆਰਥੀਆਂ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

## ਕਾਤਰਾਂ

### ਅਕਾਲੀ ਆਗੂ ਹਰਪਾਲ ਸਿੰਘ ਦਾ ਦੇਹਾਂਤ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਰਪਾਲ ਸਿੰਘ ਸਾਬਕਾ ਸਰਪੰਚ ਪਿੰਡ ਸੰਗਤ ਖੁਰਦ ਦੇ ਬੀਤੀ ਦੇਰ ਰਾਤ ਅਚਾਨਕ ਅਕਾਲ ਚਲਾਣਾ ਕਰ ਜਾਣ 'ਤੇ ਨਾ ਕੇਵਲ ਅਕਾਲੀ ਸਫਾਂ ਸਗੋਂ ਉਕਤ ਇਲਾਕੇ ਵਿੱਚ ਵੀ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਸੰਗਤ ਖੁਰਦ ਦੇ ਸਮਸ਼ਾਨਘਾਟ ਵਿਖੇ ਕੀਤਾ ਗਿਆ, ਜਿੱਥੇ ਰਾਜਸੀ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਉਹ ਪਿਛਲੇ ਕਰੀਬ ਦੋ ਸਾਲਾਂ ਤੋਂ ਹੀ ਬਿਮਾਰ ਚੱਲੇ ਆ ਰਹੇ ਸਨ। ਇਸ ਮੌਕੇ ਪਿੰਡ ਵਾਸੀਆਂ ਤੇ ਇਲਾਕੇ ਦੀਆਂ ਕਈ ਪੰਚਾਇਤੀ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਆਬਜ਼ਰਵਰ ਅਵਤਾਰ ਸਿੰਘ ਮੈਨੂੰਆਣਾ, ਅਕਾਲੀ ਦਲ ਜ਼ੋਨ ਇੰਚਾਰਜ ਭਾਗ ਸਿੰਘ ਕਾਕਾ, ਸੀਨੀਅਰ ਅਕਾਲੀ ਆਗੂ ਹਰਪਾਲ ਗਾਟਵਾਲੀ, ਮਨਕੂ ਸਰਪੰਚ ਗਾਟਵਾਲੀ, ਸੇਵਕ ਬੰਗੀ, ਗੁਰਦੀਪ ਸਿੰਘ ਸਿੱਧੂ ਐੱਸ.ਡੀ.ਏ. ਐੱਸ.ਡੀ.ਐੱਮ ਦਫਤਰ ਤਲਵੰਡੀ ਸਾਬੋ ਆਦਿ ਮੌਜੂਦ ਸਨ।

### ਡੀ ਪੀ ਐੱਸ ਸਕੂਲ ਨੇ ਸਥਾਪਨਾ ਦਿਵਸ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਡੀ. ਪੀ. ਐੱਸ. ਸਕੂਲ ਰਾਜਪੁਰਾ ਨੇ ਆਪਣੀ ਸਫਲਤਾ ਦਾ ਜਸ਼ਨ ਉਤਸ਼ਾਹ ਤੇ ਧੂਮਧਾਮ ਨਾਲ ਮਨਾਉਣ ਲਈ ਆਪਣਾ ਤੀਜਾ ਸਥਾਪਨਾ ਦਿਵਸ ਮਨਾਇਆ। ਸਕੂਲ ਦੀ ਬਿਹਤਰੀ ਤੇ ਚੜ੍ਹਦੀ ਕਲਾ ਲਈ ਪ੍ਰਮਾਤਮਾ ਦਾ ਆਸ਼ੀਰਵਾਦ ਲੈਣ ਲਈ ਪਵਿੱਤਰ ਮਨੋਰਥ ਨਾਲ ਸਕੂਲ ਦੇ ਵਿਹੜੇ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਇਆ ਗਿਆ। ਅਰਦਾਸ ਉਪਰੰਤ ਸਮੂਹ ਵਿਦਿਆਰਥੀਆਂ, ਸਟਾਫ ਮੈਂਬਰਾਂ ਤੇ ਸਹਿਯੋਗੀ ਸਟਾਫ ਨੂੰ ਕੜਾਹ ਪ੍ਰਸ਼ਾਦ ਵੰਡਿਆ ਗਿਆ। ਸਕੂਲ ਦੇ ਵਿਹੜੇ 'ਚ ਸਟਾਫ ਤੇ ਡਿਪਸਾਈਟਸ ਦੁਆਰਾ ਕਮਿਊਨਿਟੀ ਦੁਪਹਿਰ ਦਾ ਖਾਣਾ ਤਿਆਰ ਕੀਤਾ ਗਿਆ ਸੀ। ਸਕੂਲ ਦਾ ਮੀਨੂ ਬੱਚਿਆਂ ਦੀਆਂ ਪੌਸ਼ਟਿਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਸੀ। ਸਕੂਲ ਦੇ ਸੀਨੀਅਰ ਵਿਦਿਆਰਥੀਆਂ ਨੇ ਭੋਜਨ ਪਰੋਸਣ ਵਿੱਚ ਮਦਦ ਕੀਤੀ। ਸਕੂਲ ਦੇ ਸ਼ੁਰੂਆਤੀ ਸਾਲਾਂ ਨੂੰ ਯਾਦ ਕਰਦਿਆਂ ਸਾਰਿਆਂ ਦਾ ਦਿਲ ਧੰਨਵਾਦ ਨਾਲ ਭਰ ਗਿਆ। ਇਹ ਸਾਰੇ ਵਿਦਿਆਰਥੀਆਂ ਦੇ ਨਾਲ-ਨਾਲ ਸਟਾਫ ਮੈਂਬਰਾਂ ਲਈ ਵੀ ਮਾਣ ਵਾਲਾ ਦਿਨ ਸੀ।

### ਜੋਬਨਪ੍ਰੀਤ ਕੌਰ ਦੀ ਵਿੱਦਿਅਕ ਮੁਕਾਬਲੇ ਲਈ ਚੋਣ



**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਜਵਾਹਰ ਨਵੋਦਿਆ ਵਿਦਿਆਲਿਆ ਮਹੀਆਂ ਵਾਲਾ ਕਲਾਂ ਦੀ ਵਿਦਿਆਰਥਣ ਜੋਬਨਪ੍ਰੀਤ ਕੌਰ ਪੁੱਤਰੀ ਸਰਪੰਚ ਦਰਸ਼ਨ ਸਿੰਘ ਬਾਠ ਪਿੰਡ ਨਾਰੰਗ ਸਿੰਘ ਵਾਲਾ ਦੀ ਹੋਣਹਾਰ ਲੜਕੀ ਨੇ ਭਾਈ ਜੈਤਾ ਜੀ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਵਿੱਦਿਅਕ ਖੇਤਰ ਮੁਕਾਬਲੇ ਵਿੱਚ ਆਪਣਾ ਸਥਾਨ ਪੱਕਾ ਕੀਤਾ ਹੈ। ਇਸ ਮੌਕੇ ਜਵਾਹਰ ਨਵੋਦਿਆ ਵਿਦਿਆਲਿਆ ਮਹੀਆਂ ਵਾਲਾ ਕਲਾਂ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਵੱਲੋਂ ਵਿਦਿਆਰਥਣ ਜੋਬਨਪ੍ਰੀਤ ਕੌਰ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਵਾਈਸ ਪ੍ਰਿੰਸੀਪਲ ਕਾਂਤੀ ਲਾਲ, ਸੀਨੀਅਰ ਅਧਿਆਪਕ ਜਸਵਿੰਦਰ ਪਾਲ, ਵੀ ਐੱਸ ਮੀਨਾ ਤੇ ਚਰਨਬੀਰ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਸਨ।

### ਫੀਲਡ ਅਸਿਸਟੈਂਟ ਟਰੇਨੀ ਲਈ ਇੰਟਰਵਿਊ ਅੱਜ

**ਬਰਨਾਲਾ (ਰਾਜਿੰਦਰ ਬਰਾੜ, ਰਾਕੇਸ਼ ਨੀਟਾ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਭਾਰਤ ਫਾਈਨਾਂਸ਼ੀਅਲ ਲਿਮਟਿਡ ਬਰਨਾਲਾ ਨਾਲ ਤਾਲਮੇਲ ਕਰਕੇ 19 ਅਪ੍ਰੈਲ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਫੀਲਡ ਅਸਿਸਟੈਂਟ ਟ੍ਰੇਨੀ ਦੀ ਅਸਾਮੀ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਬਰਨਾਲਾ ਵਿਖੇ ਇੰਟਰਵਿਊ ਲਈ ਜਾਵੇਗੀ। ਉਕਤ ਅਸਾਮੀ ਲਈ ਯੋਗਤਾ ਘੱਟੋ ਘੱਟ ਦਸਵੀਂ ਪਾਸ, ਉਮਰ ਘੱਟੋ ਘੱਟ 18 ਤੋਂ 28 ਸਾਲ ਹੋਣੀ ਚਾਹੀਦੀ ਹੈ। ਇਸ ਇੰਟਰਵਿਊ 'ਚ ਪ੍ਰਾਰਥੀ ਆਪਣੇ ਪੜ੍ਹਾਈ ਦੇ ਸਾਰੇ ਸਰਟੀਫਿਕੇਟ, ਅਧਾਰ ਕਾਰਡ, ਪੈਨ ਕਾਰਡ ਨਾਲ ਲੈ ਕੇ ਆਵੇ।

# ਅੱਗ ਦੀ ਭੇਟ ਚੜ੍ਹੀ ਕਣਕ ਦੀ ਫਸਲ ਦਾ ਵਿਧਾਇਕ ਨੇ ਲਿਆ ਜਾਇਜ਼ਾ

**ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਕਿਸਾਨਾਂ ਨੂੰ ਦਿੱਤਾ ਮੁਆਵਜ਼ੇ ਦਾ ਭਰੋਸਾ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਬੀਤੇ ਦਿਨੀਂ ਸਥਾਨਕ ਭਾਗਸਰ ਰੋਡ 'ਤੇ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਕਣਕ ਦੀ ਖੜ੍ਹੀ ਫਸਲ ਨੂੰ ਅੱਗ ਲੱਗ ਗਈ ਸੀ, ਜਿਸ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ। ਕਿਸਾਨਾਂ ਨਾਲ ਹਮਦਰਦੀ ਪ੍ਰਗਟਾਉਣ ਲਈ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਅੱਜ ਉਨ੍ਹਾਂ ਦੇ ਖੇਤਾਂ 'ਚ ਪਹੁੰਚੇ। ਇਸ ਦੌਰਾਨ ਮੌਕੇ 'ਤੇ ਅਧਿਕਾਰੀਆਂ ਨੂੰ ਫੋਨ ਲਗਾਕੇ ਤੁਰੰਤ ਰਿਪੋਰਟ ਤਿਆਰ ਕਰਨ ਨੂੰ ਆਖਿਆ ਗਿਆ। ਇਸ ਮੌਕੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨਾਲ ਗੱਲਬਾਤ ਕਰਦਿਆਂ ਕਿਸਾਨ ਜਤਿੰਦਰ ਮਹੰਤ ਨੇ ਦੱਸਿਆ ਕਿ ਇਸ ਘਟਨਾ 'ਚ ਗੁਰਚਰਨ ਸਿੰਘ ਦੀ ਸਾਢੇ 4 ਕਿੱਲੇ, ਰਮਨਦੀਪ ਸਿੰਘ ਦੀ ਸਾਢੇ 5 ਕਿੱਲੇ, ਭਿੰਦਰ ਸਿੰਘ ਦੀ 5 ਕਿਲੇ, ਭੋਲਾ ਸਿੰਘ ਦੀ 4 ਕਿਲੇ ਅਤੇ ਗੁਰਮੇਲ ਸਿੰਘ ਦੀ 5 ਕਿਲੇ ਕਣਕ ਦੀ ਖੜ੍ਹੀ ਫਸਲ ਅੱਗ ਦੀ ਭੇਟ ਚੜ੍ਹ ਗਈ, ਜਿਸ ਨਾਲ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ। ਵਿਧਾਇਕ 'ਕਾਕਾ ਬਰਾੜ' ਨੇ ਮੌਕੇ 'ਤੇ ਪਹੁੰਚ ਕੇ ਕਿਸਾਨਾਂ ਭਰਾਵਾਂ ਨਾਲ ਗੱਲਬਾਤ ਕੀਤੀ ਤੇ ਮੌਕੇ 'ਤੇ ਅਧਿਕਾਰੀਆਂ ਨੂੰ ਰਿਪੋਰਟ ਜਲਦ ਤਿਆਰ ਕਰਨ ਨੂੰ ਆਖਿਆ ਗਿਆ। ਉਨ੍ਹਾਂ ਭਰੋਸਾ ਦੁਆਇਆ ਕਿ ਜਲਦ ਮੁਆਵਜ਼ਾ ਕਿਸਾਨਾਂ ਦੀ ਖਾਤਿਆਂ 'ਚ ਹੋਵੇਗਾ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬਬਲੂ ਬਰਾੜ, ਪਰਮਜੀਤ ਸਿੰਘ ਪੰਮਾ ਨੰਬਰਦਾਰ ਆਦਿ ਹਾਜ਼ਰ ਸਨ।

## ਨਗਰ ਕੌਂਸਲ ਵੱਲੋਂ ਕੂੜੇ ਤੋਂ ਤਿਆਰ ਕੀਤੀ ਖਾਦ ਦੀ ਵਿਕਰੀ ਸ਼ੁਰੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਗਰ ਕੌਂਸਲ ਮਾਛੀਵਾੜਾ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਯੂ. ਡੀ.) ਅਨੀਤਾ ਦਰਸ਼ੀ ਦੀਆਂ ਹਦਾਇਤਾਂ ਤੇ ਕਾਰਜ ਸਾਧਕ ਅਫਸਰ ਹਰਨਰਿੰਦਰ ਸਿੰਘ ਦੀ ਅਗਵਾਈ ਹੇਠ ਦਫ਼ਤਰ ਵਿੱਚ ਕੂੜਾ ਕਰਕਟ ਤੋਂ ਤਿਆਰ ਕੀਤੀ ਜੈਵਿਕ ਖਾਦ ਦੀ ਸਟਾਲ ਲਗਾ ਇਸ ਦੀ ਵਿਕਰੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਜੋ ਘਰਾਂ 'ਚੋਂ ਗਿੱਲਾ ਤੇ ਸੁੱਕਾ ਕੂੜਾ ਅਲੱਗ-ਅਲੱਗ ਇਕੱਠਾ ਕੀਤਾ ਜਾਂਦਾ ਹੈ, ਉਸ ਤੋਂ ਜੈਵਿਕ ਖਾਦ ਤਿਆਰ ਕੀਤੀ ਹੈ। ਉਨ੍ਹਾ ਦੱਸਿਆ ਕਿ ਇਹ ਜੈਵਿਕ ਖਾਦ ਕੋਈ ਵੀ ਵਿਅਕਤੀ ਦਫ਼ਤਰੀ ਸਮੇਂ 'ਚ ਆ ਕੇ ਖਰੀਦ ਸਕਦਾ ਹੈ, ਜੋ ਕਿ 5 ਕਿੱਲੋ 100 ਰੁਪਏ 'ਚ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਲੋਕ ਇਹ ਖਾਦ ਆਪਣੇ ਘਰਾਂ ਦੀਆਂ ਪਾਰਕਾਂ ਤੇ ਫਲਾਂ ਤੇ ਸਬਜ਼ੀਆਂ ਉਗਾਉਣ ਵਿੱਚ ਵਰਤ ਸਕਦੇ ਹਨ। ਇਸ ਮੌਕੇ ਲੇਖਾਕਾਰ ਅਫਸਰ ਸੰਜੀਵ ਕੁਮਾਰ, ਗੁਰਜਿੰਦਰ ਸਿੰਘ, ਭਵਨਪ੍ਰੀਤ ਸਿੰਘ, ਮੇਜਰ ਸਿੰਘ, ਸੁਮਨ, ਸ਼ਸ਼ੀ ਬਾਲਾ, ਗਗਨਦੀਪ ਕੌਰ, ਗਰਿਮਾ ਸਮੇਤ ਸਟਾਫ਼ ਮੈਂਬਰ ਮੌਜੂਦ ਸਨ।

## ਟੈੱਟ ਦਾ ਪੇਪਰ ਵਿਦਿਆਰਥੀਆਂ ਦੇ ਰਿਹਾਇਸ਼ੀ ਜ਼ਿਲ੍ਹੇ 'ਚ ਹੀ ਲਿਆ ਜਾਵੇ : ਜੀ ਟੀ ਯੂ



**ਜ਼ੀਰਾ (ਨਰਿੰਦਰ ਅਨੇਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਕਾਰਜਕਾਰੀ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈੱਸ ਸਕੱਤਰ ਸੁਰਜੀਤ ਮੁਹਾਲੀ, ਸਹਾਇਕ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਆਦਿ ਆਗੂਆਂ ਨੇ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਟੈੱਟ ਦੋ ਦਾ ਮੁਲਤਵੀ ਕੀਤਾ ਗਿਆ ਪੇਪਰ ਬੇਰੁਜ਼ਗਾਰ ਵਿਦਿਆਰਥੀਆਂ ਦੇ ਰਿਹਾਇਸ਼ੀ ਜ਼ਿਲ੍ਹੇ ਵਿੱਚ ਕੇਂਦਰ ਬਣਾ ਕੇ ਲਿਆ ਜਾਵੇ ਤੇ ਪੇਪਰ ਕਰਾਉਣ ਵਿੱਚ ਪੂਰੀ ਪਾਰਦਰਸ਼ਤਾ ਰੱਖੀ ਜਾਵੇ ਤਾਂ ਜੋ ਕਿਸੇ ਦਿੱਕਤ ਤੋਂ ਬਚਿਆ ਜਾ ਸਕੇ। ਇਸ ਸਮੇਂ ਸੂਬਾਈ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਪਹਿਲਾਂ ਪੇਪਰ ਸਮੇਂ ਵਿਦਿਆਰਥੀਆਂ ਦੇ ਸੈਂਟਰ ਦੂਰ ਦੁਰਾਡੇ ਬਣਾਏ ਗਏ ਸਨ, ਜਿਸ ਕਾਰਨ ਉਨ੍ਹਾਂ ਨੂੰ ਸੈਂਟਰ ਤੱਕ ਪਹੁੰਚਣ ਲਈ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਸੀ ਤੇ ਆਵਾਜਾਈ ਦੇ ਸਾਧਨਾਂ 'ਚ ਦਿੱਕਤ ਕਰਕੇ ਬਹੁਤ ਸਾਰੇ ਵਿਦਿਆਰਥੀ ਪੇਪਰ ਦੇਣ ਤੋਂ ਵਾਂਝੇ ਰਹਿ ਗਏ ਸਨ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਗੁਰਬਿੰਦਰ ਸਸਕੌਰ, ਕੁਲਦੀਪ ਪੂਰੋਵਾਲ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਗੁਰਪ੍ਰੀਤ ਅੰਮੀਵਾਲ, ਦੇਵੀ ਦਿਆਲ, ਬਲਵਿੰਦਰ ਭੁੱਟੋ, ਰਜੇਸ਼ ਕੁਮਾਰ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਜਗਜੀਤ ਸਿੰਘ ਮਾਨ, ਪ੍ਰਭਜੀਤ ਸਿੰਘ ਰਸੂਲਪੁਰ, ਪੁਸ਼ਪਿੰਦਰ ਪਟਿਆਲਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਨੀਰਜ ਯਾਦਵ, ਪਰਮਜੀਤ ਸ਼ੇਰੋਵਾਲ, ਮਨਜੀਤ ਬਰਾੜ, ਕੁਲਦੀਪ ਸਿੰਘ, ਦਿਲਦਾਰ ਭੰਡਾਲ, ਸਰਬਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ, ਸੁੱਚਾ ਸਿੰਘ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਸਤਵੰਤ ਸਿੰਘ ਤੇ ਦਿਲਬਾਗ ਸਿੰਘ ਆਦਿ ਆਗੂ ਹਾਜ਼ਰ ਸਨ।

# ਟਰੱਕ ਅਪ੍ਰੇਟਰਾਂ ਤੇ ਆੜ੍ਹਤੀਆਂ ਨੇ ਦਿੱਤਾ ਏ ਡੀ ਸੀ ਨੂੰ ਮੰਗ ਪੱਤਰ

**ਜ਼ੀਰਾ (ਪਰਮਜੀਤ ਸਿੰਘ ਧੰਜੂ)**



ਮੱਲਾਂ ਵਾਲਾ ਤੇ ਆਸ-ਪਾਸ ਦੀਆਂ ਮੰਡੀਆਂ ਵਿੱਚ ਸਰਕਾਰ ਵੱਲੋਂ ਕੀਤੀ ਗਈ ਕਣਕ ਦੀ ਖਰੀਦ ਦੀ ਚੁਕਾਈ ਨਾ ਹੋਣ ਕਰਕੇ ਅੱਜ ਮੱਲਾਂਵਾਲਾ ਆੜ੍ਹਤੀਆ ਐਸੋਸੀਏਸ਼ਨ ਤੇ ਟਰੱਕ ਆਪ੍ਰੇਟਰਾਂ ਨੇ ਏਡੀਸੀ ਨੂੰ ਮੰਗ ਪੱਤਰ ਦਿੱਤਾ। ਟਰੱਕ ਆਪ੍ਰੇਟਰਾਂ ਮੰਗ ਪੱਤਰ ਵਿੱਚ ਦੱਸਿਆ ਕਿ ਇਸ ਵਾਰ ਜੋ ਕਣਕ ਦੀ ਢੁਆਈ ਦਾ ਟੈਂਡਰ ਹੋਇਆ ਹੈ, ਉਸ ਦਾ ਰੇਟ ਬਹੁਤ ਹੀ ਘੱਟ ਹੈ, ਇਸ ਰੇਟ ਨਾਲ ਸਾਡੀਆਂ ਗੱਡੀਆਂ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਇਸ ਲਈ ਅਸੀਂ ਸਰਕਾਰ ਪਾਸੋਂ ਮੰਗ ਕਰਦੇ ਹਾਂ ਤੇ ਇਸ ਪੁਰਾਣੇ ਟੈਂਡਰ ਨੂੰ ਰੱਦ ਕਰਕੇ ਨਵੇਂ ਰੇਟ ਵਾਲਾ ਦੁਬਾਰਾ ਨਵਾਂ ਟੈਂਡਰ ਜਾਰੀ ਕੀਤਾ ਜਾਵੇ। ਦੂਸਰੇ ਪਾਸੇ ਆੜ੍ਹਤੀਆਂ ਮਜ਼ਦੂਰਾਂ-ਕਿਸਾਨਾਂ ਆਦਿ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਮੱਲਾਂਵਾਲਾ ਟਰੱਕ ਜੂਨੀਅਨ ਦਾ ਰੇੜਕਾ ਖਤਮ ਕਰਕੇ ਸਰਕਾਰ ਵੱਲੋਂ ਖਰੀਦ ਕੀਤੀ ਗਈ ਕਣਕ ਦੀ ਜਲਦੀ ਤੋਂ ਜਲਦੀ ਲਿਫਟਿੰਗ ਕਰਵਾਈ ਜਾਵੇ। ਖਰੀਦ ਕੀਤੀ ਗਈ ਕਣਕ ਦੀ ਲਿਫਟਿੰਗ ਨਾ ਹੋਣ ਕਰਕੇ ਆੜ੍ਹਤੀਆਂ ਨੂੰ ਖਰੀਦ ਕੀਤੀ ਗਈ ਕਣਕ ਦੀ ਘਾਟ ਪੈਣ ਦਾ ਡਰ ਹੈ ਤੇ ਕਿਸਾਨਾਂ ਨੂੰ ਆਪਣੀ ਕਣਕ ਦੀ ਫਸਲ ਮੰਡੀ ਵਿੱਚ ਉਤਾਰਨ ਵਿੱਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆੜ੍ਹਤੀਆਂ ਮਜ਼ਦੂਰਾਂ ਨੇ ਕਿਹਾ ਕਿ ਜੇਕਰ ਮੌਸਮ ਦੀ ਖਰਾਬੀ ਕਾਰਨ ਜਾਂ ਖਰੀਦ ਕੀਤੀ ਕਣਕ ਦੀ ਜੋ ਘਾਟ ਪਵੇਗੀ, ਉਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਸਬੰਧਤ ਮਹਿਕਮੇ ਦੀ ਹੋਵੇਗੀ।

ਇਸ ਮੌਕੇ ਚਾਨਣ ਸਿੰਘ ਫੌਜੀ ਪ੍ਰਧਾਨ ਟਰੱਕ ਯੂਨੀਅਨ ਮੱਲਾਂਵਾਲਾ, ਕਲਭੂਸ਼ਣ ਧਵਨ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਮੱਲਾਂਵਾਲਾ, ਬਲਦੇਵ ਸਿੰਘ ਟੁਰਨਾ, ਤਰਸੇਮ ਸਿੰਘ ਜੋਸਨ, ਪ੍ਰਗਟ ਸਿੰਘ ਭੁੱਲਰ, ਰਕੇਸ਼ ਕੁਮਾਰ, ਹੀਰਾ ਸਿੰਘ, ਨਛੱਤਰ ਸਿੰਘ, ਸੁਰਿੰਦਰ ਕੁਮਾਰ ਮੋਗਾ, ਦਰਸ਼ਨ ਦਾਤੀ, ਸੰਤੋਖ ਸਿੰਘ, ਸਵਰਨ ਸਿੰਘ, ਸਰਵਜੀਤ ਸਿੰਘ, ਜੋਗਿੰਦਰ ਸਿੰਘ, ਇੰਦਰਜੀਤ ਸਿੰਘ, ਸੁਰਿੰਦਰ ਕੁਮਾਰ, ਬਲਜਿੰਦਰ ਸਿੰਘ, ਕਾਨ੍ਹ ਚੰਦ, ਨਿਰਮਲ ਸਿੰਘ, ਦਰਬਾਰਾ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਜੀ ਪੀ ਐੱਸ ਤੋਂ ਬਿਨਾਂ ਕਣਕ ਦੀ ਢੋਆ-ਢੁਆਈ ਲਈ ਟਰੱਕ ਪੁਕਾਰਿਆ ਨਹੀਂ ਜਾਵੇਗਾ : ਢਿੱਲਵਾਂ, ਪੰਧੇਰ

**ਤਪਾ ਮੰਡੀ (ਅਰੁਣ ਗੋਇਲ)**



ਸੂਬਾ ਸਰਕਾਰ ਵੱਲੋਂ ਕਣਕ ਦੇ ਸੀਜ਼ਨ ਮੌਕੇ ਆੜ੍ਹਤੀਆਂ ਵੱਲੋਂ ਆਨਲਾਈਨ ਗੇਟ ਪਾਸ ਕੱਟਣ ਦੇ ਨਾਲ-ਨਾਲ ਟਰੱਕਾਂ 'ਤੇ ਜੀਪੀਐੱਸ ਲਾਉਣ ਦੀਆਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਟਰੱਕ ਯੂਨੀਅਨ ਤਪਾ ਪ੍ਰਬੰਧਕਾਂ ਨੇ ਟਰੱਕਾਂ 'ਤੇ ਯੂਪੀਐੱਸ ਲਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਸੰਬੰਧੀ ਟਰੱਕ ਯੂਨੀਅਨ ਦੇ ਪ੍ਰਬੰਧਕਾਂ ਤੇਜਿੰਦਰ ਸਿੰਘ ਢਿੱਲਵਾਂ ਤੇ ਨਰਾਇਣ ਸਿੰਘ ਪੰਧੇਰ ਨੇ ਵਿਧਾਇਕ ਲਾਭ ਸਿੰਘ ਉਗੋਕੇ ਦੇ ਨਿਰਦੇਸ਼ਾਂ ਤੇ ਸਮੂਹ ਟਰੱਕ ਆਪ੍ਰੇਟਰਾਂ ਨਾਲ ਮੀਟਿੰਗ ਕਰਕੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਆਨਲਾਈਨ ਗੇਟ ਪਾਸ ਕੱਟਣ ਦੀ ਪ੍ਰਕਿਰਿਆ ਦੇ ਨਾਲ-ਨਾਲ ਯੂਪੀਐੱਸ ਲਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜੇਕਰ ਕੋਈ ਵੀ ਟਰੱਕ ਆਪ੍ਰੇਟਰ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰੇਗਾ, ਉਸ ਦਾ ਟਰੱਕ ਕਣਕ ਦੀ ਢੋਆ-ਢੁਆਈ ਲਈ ਪੁਕਾਰਿਆ ਨਹੀਂ ਜਾਵੇਗਾ, ਅੱਜ ਦਿੱਲੀ ਦੀ ਕੰਪਨੀ ਵੱਲੋਂ ਟਰੱਕ ਯੂਨੀਅਨ ਤਪਾ 'ਚ ਇੱਕ ਨੁਮਾਇੰਦਾ ਭੇਜ ਕੇ ਲਗਭਗ 2 ਹਜ਼ਾਰ ਰੁਪੈ ਲੈ ਕੇ ਯੂਪੀਐੱਸ ਲਗਾਉਣੇ ਸ਼ੁਰੂ ਕਰ ਦਿੱਤੇ ਹਨ।

ਇਸ ਮੌਕੇ ਹਾਜ਼ਰ ਮੁਨਸ਼ੀ ਕੁਲਦੀਪ ਸਿੰਘ ਤੇ ਲਾਲ ਚੰਦ ਸ਼ਰਮਾ ਨੇ ਦੱਸਿਆ ਕਿ ਯੂਪੀਐੱਸ ਲਗਾਉਣ ਨਾਲ ਆਨਲਾਈਨ ਗੇਟ ਪਾਸ ਕੱਟਿਆ ਜਾਵੇਗਾ। ਇਸ ਸੰਬੰਧੀ ਖਰੀਦ ਏਜੰਸੀ, ਮਾਰਕੀਟ ਕਰਮਚਾਰੀ, ਠੇਕੇਦਾਰ ਤੇ ਆੜ੍ਹਤੀਆਂ ਨੂੰ ਪਤਾ ਲੱਗਦਾ ਰਹੇਗਾ ਕਿ ਟਰੱਕ ਕਿਹੜੀ ਦਿਸ਼ਾ 'ਚ ਹੈ ਤੇ ਕਿੱਥੇ ਜਾ ਰਿਹਾ ਹੈ ਅਤੇ ਚੋਰੀ ਦਾ ਟਰੱਕ ਨਹੀਂ ਭਰ ਸਕੇਗਾ।

ਇਸ ਯੂਨੀਅਨ 'ਚ ਲਗਭਗ 250 ਤੋਂ ਵੱਧ ਟਰੱਕ ਆਪ੍ਰੇਟਰ ਹਨ। ਇਸ ਮੌਕੇ ਸੂਰਜ ਆਲੀਕੇ, ਜੱਗਾ ਸਿੰਘ, ਚਾਨਣ ਸਿੰਘ, ਭੋਲਾ ਸਿੰਘ, ਬਾਰਾ ਸਿੰਘ, ਕ੍ਰਿਸ਼ਨ ਸਿੰਘ, ਜਗਦੇਵ ਸਿੰਘ, ਜਗਜੀਤ ਸਿੰਘ, ਕੁਲਵੰਤ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਜੀ ਐੱਨ ਆਈ ਜੀ ਐੱਸ ਕੈਨੇਡਾ ਦੇ ਵਫਦ ਵੱਲੋਂ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਦਾ ਦੌਰਾ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ (ਜੀ ਐੱਨ ਆਈ ਜੀ ਐੱਸ) ਕੈਨੇਡਾ ਦੇ ਇੱਕ ਵਫਦ ਨੇ ਬੀਤੀ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦਾ ਦੌਰਾ ਕੀਤਾ। ਵਫਦ ਦੀ ਅਗਵਾਈ ਜੀ ਐੱਨ ਆਈ ਜੀ ਐੱਸ ਦੇ ਪ੍ਰਧਾਨ ਤੇ ਸੀ ਈ ਓ ਸ੍ਰ. ਗਿਆਨ ਸਿੰਘ ਸੰਧੂ ਨੇ ਕੀਤੀ ਅਤੇ ਇਸ ਵਿੱਚ ਵੱਖ-ਵੱਖ ਸੀਨੀਅਰ ਮੈਨੇਜਮੈਂਟ ਮੈਂਬਰ ਡਾ. ਕਮਲਜੀਤ ਕੌਰ, ਸ਼੍ਰੀਮਤੀ ਗੁਰਜੀਤ ਕੌਰ ਤੇ ਸ. ਹਰਜਿੰਦਰ ਸਿੰਘ ਸੰਧੂ ਸ਼ਾਮਲ ਸਨ। ਵਫਦ ਨੇ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਪ੍ਰੋ. (ਡਾ.) ਅਜਾਇਬ ਸਿੰਘ ਬਰਾੜ, ਵਾਈਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਐੱਸ. ਐੱਸ. ਬਿਲਿੰਗ, ਕੰਪਿਊਟਰ ਸਾਇੰਸ ਤੇ ਇੰਜਨੀਅਰਿੰਗ ਵਿਭਾਗ ਦੇ ਮੁਖੀ ਪ੍ਰੋ: (ਡਾ.) ਨਵਦੀਪ ਕੌਰ, ਕਾਮਰਸ ਤੇ ਮੈਨੇਜਮੈਂਟ ਦੇ ਮੁਖੀ ਡਾ. ਨਵਲੀਨ ਕੌਰ ਤੇ ਯੂਨੀਵਰਸਿਟੀ ਦੇ ਫੈਕਲਟੀ ਮੈਂਬਰ ਨਾਲ ਮੁਲਾਕਾਤ ਕੀਤੀ। ਗੱਲਬਾਤ ਦੌਰਾਨ ਜੀ ਐੱਨ ਆਈ ਜੀ ਐੱਸ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਤੇ ਸੀ ਈ ਓ ਗਿਆਨ ਸਿੰਘ ਸੰਧੂ ਨੇ ਇਸ ਸੰਸਥਾ ਦੇ ਗਠਨ ਦੇ ਅਸਲ ਉਦੇਸ਼ ਤੇ ਵਪਾਰ ਅਤੇ ਤਕਨਾਲੋਜੀ ਦੀ ਦੁਨੀਆ ਵਿੱਚ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਪ੍ਰਫੁਲਤ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਧੇਰੇ ਰੁਜ਼ਗਾਰ ਯੋਗ ਬਣਾਉਣ ਲਈ ਸੰਸਥਾ ਨੇ ਕਿਵੇਂ ਸਹਾਇਤਾ ਕੀਤੀ, ਬਾਰੇ ਦੱਸਿਆ।

ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ: ਅਜਾਇਬ ਸਿੰਘ ਬਰਾੜ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿੱਥੇ ਦੋਵਾਂ ਧਿਰਾਂ ਨੇ ਸੰਸਥਾ ਦੇ ਵੱਖ-ਵੱਖ ਕੋਰਸਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਮਾਈਕਰੋਸਾਫਟ ਦੇ ਵਾਈਸ ਪ੍ਰੈਜ਼ੀਡੈਂਟ ਹਰਜਿੰਦਰ ਸਿੰਘ ਸੰਧੂ ਨੇ ਵਰਤਮਾਨ ਤੇ ਭਵਿੱਖ ਦੇ ਹਾਲਾਤ 'ਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਤੇ ਪ੍ਰਭਾਵ ਬਾਰੇ ਆਪਣਾ ਗਿਆਨ ਸਾਂਝਾ ਕੀਤਾ। ਸ੍ਰੀਮਤੀ ਕਮਲਜੀਤ ਕੌਰ ਸਿੱਧੂ ਤੇ ਸ੍ਰੀਮਤੀ ਗੁਰਜੀਤ ਕੌਰ ਬੈਂਸ ਡਾਇਰੈਕਟਰ ਨੇ ਵੀ ਵਿਚਾਰ ਸਾਂਝੇ ਕੀਤੇ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪ੍ਰੀਤ ਪਾਲ ਸਿੰਘ ਨੇ ਵਰਲਡ ਯੂਨੀਵਰਸਿਟੀ ਦੇ ਸਹਿਯੋਗ ਨਾਲ ਅਜਿਹਾ ਮੌਕਾ ਪ੍ਰਦਾਨ ਕਰਨ ਲਈ ਸੰਸਥਾ ਦੇ ਸਮੁੱਚੇ ਬੋਰਡ ਮੈਂਬਰਾਂ ਦਾ ਧੰਨਵਾਦ ਕੀਤਾ।

## ਜਗਮੇਲ ਸਿੱਧੂ ਦੁਬਾਰਾ ਅਨੁਵਾਦਤ ਕਿਤਾਬ 'ਰੇਤ ਅਤੇ ਝੱਗ' ਲੋਕ ਅਰਪਣ



**ਸੰਗਰੂਰ (ਪ੍ਰਵੀਨ ਸਿੰਘ)**-ਸਾਹਿਤਕ ਕਲਾ ਮੰਚ ਵੱਲੋਂ ਬਾਈ ਧਾਲੀਵਾਲ ਕੈਨੇਡਾ ਦੀ ਸਰਪ੍ਰਸਤੀ ਹੇਠ ਸਾਹਿਤਕ ਸਮਾਗਮ ਈਟਿੰਗ ਮਾਲ ਸੰਗਰੂਰ ਵਿਖੇ ਕਰਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਗ਼ਜ਼ਲਗੋ ਬੂਟਾ ਸਿੰਘ ਚੌਹਾਨ ਵੱਲੋਂ ਕੀਤੀ ਗਈ। ਡਾ. ਨਰਵਿੰਦਰ ਕੌਸ਼ਲ ਸਮਾਗਮ ਵਿੱਚ ਮੁੱਖ ਮਹਿਮਾਨ ਵੱਲੋਂ ਸ਼ਰੀਕ ਹੋਏ। ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਚਰਨਜੀਤ ਉਡਾਰੀ, ਸੁਖਵਿੰਦਰ ਪੱਪੀ, ਗਾਇਕ ਗੁਰਦਿਆਲ ਨਿਰਮਾਣ ਸ਼ਾਮਲ ਹੋਏ। ਇਸ ਸਮੇਂ ਪ੍ਰਧਾਨ ਧਰਮੀ ਤੁੰਗਾਂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ। ਸਮਾਗਮ ਵਿੱਚ ਜਗਮੇਲ ਸਿੱਧੂ ਦੁਆਰਾ ਅਨੁਵਾਦ ਕੀਤੀ। ਖ਼ਲੀਲ ਜਿਬਰਾਨ ਦੀ ਕਿਤਾਬ 'ਰੇਤ ਅਤੇ ਝੱਗ' ਲੋਕ ਅਰਪਣ ਕੀਤੀ ਗਈ ਤੇ ਮੰਚ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਕੁਲਵੰਤ ਕਸਕ ਨੇ ਜਗਮੇਲ ਸਿੱਧੂ ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਦਾ ਮੈਂਬਰ ਸਲਾਹਕਾਰ ਬੋਰਡ ਚੁਣੇ ਜਾਣ 'ਤੇ ਮੰਚ ਵੱਲੋਂ ਵਧਾਈ ਦਿੱਤੀ। ਇਸ ਸਮੇਂ ਹਾਜ਼ਰ ਵਿਦਵਾਨਾਂ ਨੇ ਅਨੁਵਾਦਤ ਸਾਹਿਤ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਮੰਚ ਵੱਲੋਂ ਬੂਟਾ ਸਿੰਘ ਚੌਹਾਨ ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੀ ਗਵਰਨਿੰਗ ਕਮੇਟੀ ਦਾ ਮੈਂਬਰ ਚੁਣੇ ਜਾਣ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਏ ਕਵੀ ਦਰਬਾਰ ਦੀ ਪ੍ਰਧਾਨਗੀ ਸ਼ਾਇਰ ਅਮਰਿੰਦਰ ਸੋਹਲ ਵੱਲੋਂ ਕੀਤੀ ਗਈ। ਕਵੀ ਦਰਬਾਰ ਵਿੱਚ ਪਰਮ ਪਰਮਿੰਦਰ, ਜਗਜੀਤ ਗੁਰਮ,ਡਾ ਸੁਰਿੰਦਰ ਭੱਠਲ, ਰਾਮ ਸਰੂਪ ਸ਼ਰਮਾ, ਸਿੰਘ ਵਰਿੰਦਰ, ਗਿੱਲ ਰੋਟੇ, ਰਜਿੰਦਰ ਰਾਜਨ, ਗੁਰਮੀਤ ਗੀਤੀ, ਪ੍ਰੀਤ ਉੱਪਲੀ, ਮੁਖਤਿਆਰ ਸਿੰਘ, ਹਾਕਮ ਸਿੰਘ, ਗਗਨਦੀਪ ਸਿੰਘ ਦੀਪ, ਰਣਧੀਰ ਅਤੇ ਪਾਰਸੀ ਤੁੰਗਾਂ ਨੇ ਹਾਜ਼ਰੀ ਲਵਾਈ। ਮੰਚ ਵੱਲੋਂ ਕਰਨੈਲ ਕਲਿਆਨ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਮੰਚ ਦੇ ਜਰਨਲ ਸਕੱਤਰ ਜੀਤ ਹਰਜੀਤ ਵੱਲੋਂ ਬਾਖ਼ੂਬੀ ਨਿਭਾਈ ਗਈ।

# ਪ੍ਰਦੂਸ਼ਣ ਦੀ ਰੋਕਥਾਮ ਲਈ ਵਿਸ਼ੇਸ਼ ਯਤਨ ਸਮੇਂ ਦੀ ਲੋੜ : ਮਾਂਗਟ

**ਕਮਿਸ਼ਨਰ ਮੰਡਲ ਵੱਲੋਂ ਜ਼ਿਲ੍ਹਾ ਵਾਤਾਵਰਨ ਯੋਜਨਾ ਦੀ ਨਿਗਰਾਨੀ ਲਈ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ**

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**



ਪ੍ਰਦੂਸ਼ਣ ਦੀ ਰੋਕਥਾਮ ਦੇ ਲਈ ਵਿਸ਼ੇਸ਼ ਯਤਨ ਸਮੇਂ ਦੀ ਲੋੜ ਹੈ ਤੇ ਵਾਤਾਵਰਨ ਸੰਭਾਲ ਸਬੰਧੀ ਸਾਨੂੰ ਹਰ ਤਰ੍ਹਾਂ ਦੇ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਅਸੀਂ ਆਪਣੀ ਭਵਿੱਖੀ ਪੀੜ੍ਹੀ ਲਈ ਨਰੋਆ ਤੇ ਸਿਹਤਮੰਦ ਵਾਤਾਵਰਨ ਛੱਡ ਕੇ ਜਾਈਏ।ਇਹ ਪ੍ਰਗਟਾਵਾ ਕਮਿਸ਼ਨਰ ਮੰਡਲ ਫਿਰੋਜ਼ਪੁਰ ਦਲਜੀਤ ਸਿੰਘ ਮਾਂਗਟ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਫ਼ਿਰੋਜ਼ਪੁਰ ਡਵੀਜ਼ਨ ਨਾਲ ਸਬੰਧਤ ਜ਼ਿਲ੍ਹਿਆਂ ਦੀ ਜ਼ਿਲ੍ਹਾ ਵਾਤਾਵਰਨ ਯੋਜਨਾ ਦੀ ਨਿਗਰਾਨੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ, ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ, ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿਨੀਤ ਕੁਮਾਰ ਤੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਸੇਨੂ ਦੁੱਗਲ ਹਾਜ਼ਰ ਸਨ।ਇਸ ਦੌਰਾਨ ਕਮਿਸ਼ਨਰ ਮੰਡਲ ਫਿਰੋਜ਼ਪੁਰ ਦਲਜੀਤ ਸਿੰਘ ਮਾਂਗਟ ਨੇ ਸਮੂਹ ਡਿਪਟੀ ਕਮਿਸ਼ਨਰਾਂ ਤੇ ਅਧਿਕਾਰੀਆਂ ਨਾਲ ਜ਼ਿਲ੍ਹਾ ਵਾਤਾਵਰਨ ਪਲਾਨ ਵਿੱਚ ਦਰਸਾਏ ਕੰਮਾਂ ਦੀ ਵਿਸਥਾਰ ਦੇ ਨਾਲ ਗੱਲਬਾਤ ਕੀਤੀ।

ਉਨ੍ਹਾਂ ਨੇ ਫਿਰੋਜ਼ਪੁਰ, ਮੋਗਾ, ਮੁਕਤਸਰ ਤੇ ਫ਼ਾਜ਼ਿਲਕਾ ਵਿਖੇ ਚੱਲ ਰਹੇ ਸੀਵਰੇਜ ਟ੍ਰੀਟਮੈਂਟ ਪਲਾਂਟ ਤੇ ਸੋਲਿਡ ਵੇਸਟ ਮੈਨੇਜਮੈਂਟ ਸਬੰਧੀ ਜਾਣਕਾਰੀ ਲੈਂਦੇ ਹੋਏ ਕਿਹਾ ਕਿ ਗੰਦੇ ਪਾਣੀ ਤੇ ਸੋਲਿਡ ਵੇਸਟ ਮੈਨੇਜਮੈਂਟ ਲਈ ਸੁਚੱਜੇ ਪ੍ਰਬੰਧ ਕੀਤੇ ਜਾਣ।ਉਨ੍ਹਾਂ ਗਿੱਲੇ ਤੇ ਸੁੱਕੇ ਕੂੜੇ ਦੀ ਸਾਂਭ ਸੰਭਾਲ ਲਈ ਯੋਜਨਾਬੱਧ ਤਰੀਕੇ ਦੇ ਨਾਲ ਪ੍ਰਬੰਧ ਕਰਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।ਉਨ੍ਹਾਂ ਇਕਹਿਰੇ ਵਰਤੋਂ ਵਾਲੇ ਪਲਾਸਟਿਕ ਦੀ ਰੋਕਥਾਮ ਤੇ ਇਸ ਦੇ ਮੁੜ ਪ੍ਰਯੋਗ ਲਿਆਉਣ ਜਾਂ ਨਵਿਆਉਣਯੋਗ ਪਦਾਰਥਾਂ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ।ਇਸ ਦੌਰਾਨ ਉਨ੍ਹਾਂ ਪ੍ਰਦੂਸ਼ਣ ਫੈਲਾਉਣ ਵਾਲੇ ਵਾਹਨਾਂ, ਉਪਕਰਨਾਂ ਤੇ ਸਾਧਨਾਂ ਦੇ ਬਦਲਵੇਂ ਪ੍ਰਬੰਧਾਂ ਦੀ ਵਰਤੋਂ ਦੀ ਲੋੜ 'ਤੇ ਜ਼ੋਰ ਦਿੱਤਾ।ਮੀਟਿੰਗ ਦੌਰਾਨ ਸਮੂਹ ਡਿਪਟੀ ਕਮਿਸ਼ਨਰਾਂ ਨੇ ਕਮਿਸ਼ਨਰ ਫ਼ਿਰੋਜ਼ਪੁਰ ਮੰਡਲ ਨੂੰ ਆਪਣੇ ਆਪਣੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਵਾਤਾਵਰਨ ਯੋਜਨਾ ਅਨੁਸਾਰ ਪ੍ਰਦੂਸ਼ਣ ਦੀ ਰੋਕਥਾਮ, ਐੱਸ ਟੀ ਪੀ ਸੋਲਿਡ ਵੇਸਟ ਮੈਨੇਜਮੈਂਟ, ਫੰਡਾਂ ਤੇ ਯੋਜਨਾਵਾਂ ਬਾਰੇ ਜਾਣੂ ਕਰਵਾਇਆ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਫਾਜ਼ਿਲਕਾ ਮਨਦੀਪ ਕੌਰ, ਜਾਇੰਟ ਕਮਿਸ਼ਨਰ ਨਗਰ ਨਿਗਮ ਮੋਗਾ ਗੁਰਪ੍ਰੀਤ ਸਿੰਘ, ਐਕਸੀਅਨ ਪੀਪੀਸੀਬੀ ਫ਼ਰੀਦਕੋਟ ਗੁਨੀਤ ਸੇਠੀ ਤੋਂ ਇਲਾਵਾ ਫ਼ਿਰੋਜ਼ਪੁਰ ਮੰਡਲ ਦੇ ਹੋਰ ਸਬੰਧਤ ਅਧਿਕਾਰੀ ਹਾਜ਼ਰ ਸਨ।

## ਡੀ ਜੀ ਪੀ ਨੇ ਜਗਜੀਵਨ ਰਾਮ ਨੂੰ ਇੰਸਪੈਕਟਰ ਰੈਂਕ 'ਤੇ ਕੀਤਾ ਪਦਉੱਨਤ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਪੁਲਸ ਜ਼ਿਲ੍ਹਾ ਖੰਨਾ ਦੇ ਐਂਟੀ ਨਾਰਕੋਟਿਕ ਸੈੱਲ ਦੇ ਇੰਚਾਰਜ ਜਗਜੀਵਨ ਰਾਮ ਦੇ ਆਪਣੀ ਡਿਊਟੀ ਪ੍ਰਤੀ ਅਸਾਧਾਰਨ ਸਮਰਪਣ ਨੂੰ ਮਾਨਤਾ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸਬ-ਇੰਸਪੈਕਟਰ ਜਗਜੀਵਨ ਰਾਮ ਨੂੰ ਇੰਸਪੈਕਟਰ ਦੇ ਸਥਾਨਕ ਰੈਂਕ 'ਤੇ ਪਦਉੱਨਤ ਕੀਤਾ। ਡੀਜੀਪੀ ਨਾਲ ਵਿਸ਼ੇਸ਼ ਡੀਜੀਪੀ ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਅਤੇ ਸੀਨੀਅਰ ਪੁਲਸ ਕਪਤਾਨ (ਐਸਐਸਪੀ) ਖੰਨਾ ਅਮਨੀਤ ਕੋਂਡਲ ਵੀ ਮੌਜੂਦ ਸਨ। ਡੀਜੀਪੀ ਗੌਰਵ ਯਾਦਵ ਨੇ ਜਗਜੀਵਨ ਰਾਮ ਦੇ ਮੋਢਿਆਂ 'ਤੇ ਸਟਾਰ ਲਗਾ ਕੇ ਉਨ੍ਹਾਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ। ਇੰਸਪੈਕਟਰ ਜਗਜੀਵਨ ਰਾਮ ਨੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਲਈ ਡੀਜੀਪੀ ਪੰਜਾਬ ਤੇ ਵਿਸ਼ੇਸ਼ ਡੀਜੀਪੀ ਕਾਨੂੰਨ ਤੇ ਵਿਵਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਦੇਸ਼ ਦੀ ਸੇਵਾ ਲਈ ਖ਼ੁਦ ਨੂੰ ਪੂਰੀ ਤਰ੍ਹਾਂ ਸਮਰਪਤ ਕੀਤਾ ਹੋਇਆ ਹੈ।

## ਮਹਾਤਮਾ ਗਾਂਧੀ ਸੀਨੀ. ਸੈਕੰ. ਸਕੂਲ ਵਿਖੇ ਕੀਤੀ ਇਫਤਾਰ ਪਾਰਟੀ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**



ਸਥਾਨਕ ਸਮੂਹ ਸਮਾਜ ਸੇਵੀ ਸੰਸਥਾਵਾਂ ਵੱਲੋਂ ਬਾਬਾ ਸ਼ੇਖ ਫਰੀਦ ਜੀ ਦੀ ਪਾਵਨ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ 'ਤੇ ਆਪਸੀ ਭਾਈਚਾਰਕ ਸਾਂਝ ਤੇ ਮੁੱਹਬਤ ਦੀਆਂ ਤੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਚਲਦੀ ਆ ਰਹੀ ਰਵਾਇਤ ਨੂੰ ਪਿਛਲੇ 18 ਸਾਲਾਂ ਤੋਂ ਜਾਰੀ ਰਖਦੇ ਹੋਏ ਮੁਸਲਮਾਨ ਭਾਈਚਾਰੇ ਵੱਲੋਂ ਰਮਜ਼ਾਨ ਦੇ ਪਵਿੱਤਰ ਮਹੀਨੇ ਦੀ ਪਕੀਜ਼ਗੀ ਨੂੰ ਬਰਕਰਾਰ ਰੱਖਦੇ ਹੋਏ ਇੱਕ ਮਹੀਨਾ ਲਗਾਤਾਰ ਰੋਜ਼ੇ ਰੱਖੇ ਜਾਂਦੇ ਹਨ ਤੇ ਰੋਜ਼ਾਨਾ ਸ਼ਾਮ ਨੂੰ ਨਿਧਾਰਤ ਸਮੇਂ 'ਤੇ ਰੋਜ਼ਾ ਖੋਲ੍ਹਿਆ ਜਾਂਦਾ ਹੈ। ਇਸੇ ਰੋਜ਼ੇ ਨੂੰ ਖੁੱਲ੍ਹਵਾਉਣ ਨੂੰ ਇਫਤਾਰ ਪਾਰਟੀ ਕਿਹਾ ਜਾਂਦਾ ਹੈ। ਬੀਤੇ ਸ਼ਨੀਵਾਰ ਸ਼ਾਮ 6.45 ਵਜੇ ਮਹਾਤਮਾ ਗਾਂਧੀ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ 'ਇਫਤਾਰ ਪਾਰਟੀ' ਦਿੱਤੀ ਗਈ। ਇਸ ਮੌਕੇ ਮਾਨਯੋਗ ਐੱਮ ਐੱਫ ਫ਼ਾਰੂਕੀ ਆਈ ਪੀ ਐੱਸ, ਏਡੀਜੀਪੀ ਪੀਏਪੀ ਜਲੰਧਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾ ਨਾਲ ਐੱਸ ਐੱਸ ਪੀ ਫਰੀਦਕੋਟ ਹਰਜੀਤ ਸਿੰਘ ਨੇ ਸ਼ਿਰਕਤ ਕਰਕੇ ਸਹਿਯੋਗ ਦਿੱਤਾ।

ਇਸ ਮੌਕੇ ਐੱਮ ਐੱਫ ਫ਼ਾਰੂਕੀ ਨੇ ਕਿਹਾ ਕਿ ਰਮਜ਼ਾਨ ਦੇ ਮਹੀਨੇ ਮੁਸਲਮਾਨਾਂ ਵੱਲੋਂ ਖੁਦਾ ਦੀ ਬਣਾਈ ਕਾਇਨਾਤ ਤੇ ਖੁਦਾ ਦੇ ਬਣਾਏ ਬੰਦਿਆਂ ਦੀ ਤੰਦਰੁਸਤੀ ਤੇ ਸਲਾਮਤੀ ਦੀ ਰੋਜ਼ਾ ਰੱਖ ਦੁਆ ਮੰਗੀ ਜਾਂਦੀ ਹੈ ਉਨ੍ਹਾ ਸਮੂਹ ਸਮਾਜਸੇਵੀ ਸੰਸਥਾਵਾਂ ਵੱਲੋਂ ਦਿੱਤੀ ਗਈ ਇਫਤਾਰ ਪਾਰਟੀ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਇਸੇ ਤਰ੍ਹਾਂ ਆਪਸੀ ਭਾਈਚਾਰਕ ਸਾਂਝ ਬਣਾਏ ਰੱਖੋ।

ਇਸ ਮੌਕੇ ਮੁਸਲਿਮ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਹਾਜ਼ੀ ਦਿਲਾਵਰ ਹੁਸੈਨ ਤੇ ਪ੍ਰਵੀਨ ਕੁਮਾਰ ਕਾਲਾ ਅੰਡੇਵਾਲਾ ਨੇ ਦੱਸਿਆ ਕਿ ਇਸ ਇਫਤਾਰ ਪਾਰਟੀ ਦੁਆਰਾ ਸਮੂਹ ਧਰਮਾਂ ਤੇ ਸਮਾਜ ਦੇ ਲੋਕਾਂ 'ਚ ਆਪਸੀ ਭਾਈਚਾਰਕ ਸਾਂਝ ਵਿੱਚ ਵਾਧਾ ਹੁੰਦਾ ਹੈ। ਇਸ ਵਿੱਚ ਹਰ ਇਕ ਧਰਮ ਦੇ ਆਗੂਆਂ ਤੇ ਲੋਕਾਂ ਦੁਆਰਾ ਸ਼ਿਰਕਤ ਕੀਤੀ ਜਾਂਦੀ ਹੈ। ਮੰਚ ਸੰਚਾਲਨ ਦੀ ਜ਼ੁੰਮੇਵਾਰੀ ਪ੍ਰੋ: ਦਲਬੀਰ ਸਿੰਘ ਨੇ ਬਾਖ਼ੂਬੀ ਨਿਭਾਈ।

19-April-PAGE-11-Majha-2023.qxd 4/18/2023 10:32 PM Page 1



# ਸਰਕਾਰ ਖਰਾਬੇ ਦਾ ਤੁਰੰਤ ਮੁਆਵਜ਼ਾ ਦੇਵੇ ਨਹੀਂ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ : ਕਿਸਾਨ ਆਗੂ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਕਿਸਾਨ ਮਜ਼ਦੂਰ ਸੰਘਰਸ ਕਮੇਟੀ ਪੰਜਾਬ ਦੇ ਜ਼ੋਨ ਸ੍ਰੀ ਖਡੂਰ ਦੀ ਅਹਿਮ ਮੀਟਿੰਗ ਪਿੰਡ ਅੱਲੋਵਾਲ ਵਿਖੇ ਜ਼ੋਨ ਸਕੱਤਰ ਭਗਵਾਨ ਸਿੰਘ ਸੰਘਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਜ ਸਾਹਿਬ ਵਿਖੇ ਕੀਤੀ ਗਈ ਜਿਸ ਵਿੱਚ ਜ਼ੋਨ ਆਗੂ ਸੁਖਚੈਨ ਸਿੰਘ ਅੱਲੋਵਾਲ, ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ, ਤਰਸੇਮ ਸਿੰਘ ਏਕਲ ਗੱਡਾ, ਗੁਰਵਿੰਦਰ ਸਿੰਘ ਕੋਟਲੀ, ਸੂਬੇਦਾਰ ਗੁਰਜਿੰਦਰ ਸਿੰਘ, ਬੀਬੀ ਸਰਬਜੀਤ ਕੌਰ ਵਿਸੇਸ ਤੌਰ ਤੇ ਪਹੁੰਚੇ। ਮੀਟਿੰਗ ਵਿੱਚ ਹੋਈ ਬੇਮੌਸਮੀ ਬਰਸਾਤ ਨਾਲ ਹੋਏ ਨੁਕਸਾਨ ਬਾਰੇ ਬੋਲਦਿਆਂ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੋ ਕਿਸਾਨਾਂ ਦਾ ਫਸਲੀ ਨੁਕਸਾਨ ਹੋਇਆ ਹੈ ਸਰਕਾਰ ਉਸ ਦਾ ਤੁਰੰਤ ਮੁਆਵਜ਼ਾ ਦੇਵੇ ਨਹੀਂ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਮੀਟਿੰਗ ਵਿੱਚ ਆਗੂਆਂ ਨੇ ਪੰਜਾਬ ਵਿੱਚ ਵੱਧ ਰਹੇ ਨਸ਼ੇ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੀ ਨਸ਼ੇ ਦੇ ਸੌਦਾਗਰਾਂ ਨਾਲ ਮਿਲ ਚੁੱਕੀ ਹੈ। ਸੋ ਸਾਨੂੰ ਸਰਕਾਰ ਤੋਂ ਆਸ ਨਹੀਂ ਰੱਖਣੀ ਚਾਹੀਦੀ ਇਸ ਲਈ ਪਿੰਡਾਂ ਵਿੱਚ ਨੌਜਵਾਨਾਂ ਦੀਆਂ ਕਮੇਟੀਆਂ ਬਣਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਠੱਲ੍ਹ ਪਾਈ ਜਾਵੇਗੀ। ਆਗੂਆਂ ਨੇ ਮੀਟਿੰਗ ਵਿੱਚ ਸਰਕਾਰ ਨੂੰ ਕਿਹਾ ਕਿ ਪੰਜਾਬ ਵਿੱਚ ਦਹਿਸਤ ਦਾ ਮਾਹੌਲ ਜੋ ਸਰਕਾਰ ਸਿਰਜ ਰਹੀ ਹੈ ਉਹ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ ਵਿੱਚ ਮੌਕੇ ਪਹੁੰਚੇ ਮਾਲ ਮਹਿਕਮੇ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਉਹ ਆਪੋ ਆਪਣੇ ਪਿੰਡਾਂ ਵਿੱਚ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਅਤੇ ਜਿੱਥੇ ਨਹਿਰੀ ਖਾਲ ਨਹੀਂ ਹਨ ਉਹ ਜ਼ਰੂਰ ਪਾਏ ਜਾਣ। ਆਗੂਆਂ ਨੇ ਕਿਹਾ ਕਿ ਪਿੰਡਾਂ ਵਿੱਚ ਜੋ ਚਿੱਪਾਂ ਵਾਲੇ ਮੀਟਰ ਕਿਸੇ ਵੀ ਕੀਮਤ 'ਤੇ ਨਹੀਂ ਲੱਗਣ ਦਿੱਤੇ ਜਾਣਗੇ, ਜੇਕਰ ਫਿਰ ਵੀ ਸਰਕਾਰ ਨੇ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਤੁਰੰਤ ਮੀਟਰ ਪੁੱਟ ਕੇ ਬਿਜਲੀ ਘਰ ਵਿੱਚ ਜਮ੍ਹਾਂ ਕਰਵਾਏ ਜਾਣਗੇ।

ਇਸ ਮੌਕੇ ਇਕਾਈ ਪ੍ਰਧਾਨ ਅਜੀਤ ਸਿੰਘ ਮੱਲ੍ਹਮੋਹਰੀ, ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਸਰਬਜੀਤ ਕੌਰ, ਗੁਰਜੰਟ ਸਿੰਘ ਵਪਾਰੀ, ਕੁਲਦੀਪ ਸਿੰਘ, ਦਿਲਬਾਗ ਸਿੰਘ, ਪਿੰਡ ਦਾ ਸਰਪੰਚ ਰਛਪਾਲ ਸਿੰਘ ਮਿੰਟੂ ਅਤੇ ਸਮੁੱਚੀ ਗ੍ਰਾਮ ਪੰਚਾਇਤ, ਵੱਡੀ ਗਿਣਤੀ ਵਿਚ ਪਿੰਡ ਵਾਸੀ ਤੇ ਕਿਸਾਨ ਮਜ਼ਦੂਰ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਿਤ ਦਿੱਲੀ ਵਿਖੇ ਗੁਰਮਤਿ ਸਮਾਗਮ

## ਸਿੱਖ ਵਿਰੋਧੀ ਤਾਕਤਾਂ ਸਿੱਖ ਸੰਸਥਾਵਾਂ ਨੂੰ ਤੋੜਨ ਦੀਆਂ ਘੜ ਰਹੀਆਂ ਹਨ ਸ਼ਾਜ਼ਿਸ਼ਾਂ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਬੀਤੀ ਰਾਤ ਦਿੱਲੀ ਸਥਿਤ ਹਰੀਨਗਰ ਦੇ ਡੀਡੀਏ ਗਰਾਊਂਡ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਗੁਰਮਤਿ ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਿੰਦਰਬੀਰ ਸਿੰਘ, ਭਾਈ ਸਿਮਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ ਕਾਨਪੁਰੀ ਸਮੇਤ ਹੋਰ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਦੇ ਜਥੇ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਇਤਿਹਾਸ ਸੰਗਤ ਨਾਲ ਸਾਂਝਾ ਕੀਤਾ। ਇਸ ਮੌਕੇ ਪੰਥਕ ਸ਼ਖ਼ਸੀਅਤਾਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਦੀ ਗੱਲ ਕਰਦਿਆਂ ਸਿੱਖ ਕੌਮ ਦੇ ਮੌਜੂਦਾ ਹਾਲਾਤ ਅਤੇ ਸਰੋਕਾਰਾਂ ਬਾਰੇ ਵਿਚਾਰਾਂ ਕੀਤੀਆਂ।

ਸਮਾਗਮ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਭਗਤੀ ਦੇ ਨਾਲ-ਨਾਲ ਸ਼ਕਤੀ ਨਾਲ ਵੀ ਜੋੜਿਆ ਹੈ, ਜਿਸ 'ਤੇ ਚੱਲਦਿਆਂ ਪੁਰਾਤਨ ਸਿੱਖ ਜਰਨੈਲਾਂ ਨੇ ਜਬਰ ਜ਼ੁਲਮ ਦਾ ਕਰੜਾ ਵਿਰੋਧ ਕੀਤਾ ਅਤੇ ਚੜ੍ਹ ਕੇ ਆਏ ਹਮਲਾਵਰਾਂ ਦਾ ਮੁਕਾਬਲਾ ਕਰਦਿਆਂ ਧਾੜਵੀਆਂ ਦੇ ਰਾਹ ਹਮੇਸ਼ਾ ਲਈ ਬੰਦ ਕੀਤੇ। ਸਿੰਘ ਸਾਹਿਬ ਨੇ ਕਿਹਾ ਕਿ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਅਜਿਹੇ ਸਿੱਖ ਯੋਧਿਆਂ 'ਚੋਂ ਇਕ ਸਨ, ਜਿਨ੍ਹਾਂ ਨੇ ਦੁਨੀਆਂ ਦੇ ਧਾਰਮਿਕ ਇਤਿਹਾਸ ਦਾ ਰੁਖ ਮੋੜਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆਂ ਸੰਗਤ ਨੂੰ ਸਿੱਖ ਕੌਮ ਦੇ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਦੀ ਵਧਾਈ ਦਿੰਦਿਆਂ ਕਿਹਾ ਕਿ ਮੁਗਲ ਹਕੂਮਤ ਨਾਲ ਟੱਕਰ ਲੈਣ ਵਾਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦੇ ਮਹਾਨਾਇਕ ਹਨ, ਜਿਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਕੌਮ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਆਪਣੇ ਸਾਥੀ ਜਰਨੈਲਾਂ ਨਾਲ ਜਾਲਮ ਮੁਗਲ ਹਕੂਮਤ ਦਾ ਦਿੱਲੀ ਤਖ਼ਤ ਪੁੱਟ ਕੇ ਲਿਜਾਣਾ ਕੋਈ ਆਮ ਗੱਲ ਨਹੀਂ ਹੈ। ਮੌਜੂਦਾ ਹਾਲਾਤ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਵਿਰੋਧੀ ਤਾਕਤਾਂ ਸਿੱਖ ਸੰਸਥਾਵਾਂ ਨੂੰ ਤੋੜਨ ਦੀਆਂ ਸ਼ਾਜ਼ਿਸਾਂ ਘੜ ਰਹੀਆਂ ਹਨ, ਜਿਨ੍ਹਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਸਰਕਾਰੀ ਦਖ਼ਲ ਨਾਲ ਪਹਿਲਾਂ ਪੰਜਾਬ ਤੋਂ ਬਾਹਰਲੇ ਤਖ਼ਤਾਂ ਦੀਆਂ ਕਮੇਟੀਆਂ ਦੀ ਜਗ੍ਹਾ ਬੋਰਡ ਬਣਾਏ, ਫਿਰ ਦਿੱਲੀ ਗੁਰਦੁਆਰਾ ਕਮੇਟੀ 'ਤੇ ਅਸਿੱਧਾ ਕਬਜ਼ਾ ਕੀਤਾ ਅਤੇ ਹੁਣ ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਬਣਾ ਕੇ ਸਿੱਖ ਸ਼ਕਤੀ ਨੂੰ ਕਮਜ਼ੋਰ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਖ਼ਾਲਸਾ ਸਾਜਣਾ ਦਿਵਸ (ਵਿਸਾਖੀ) ਵਾਲੇ ਦਿਨ ਪੰਜਾਬ ਸਰਕਾਰ ਵੱਲੋਂ ਗੁਰੂ ਘਰਾਂ ਵਿੱਚ ਭਾਰੀ ਪੁਲਿਸ ਬਲ ਤਾਇਨਾਤ ਕਰਕੇ ਕੀਤੀ ਗਈ ਰਾਜਨੀਤੀ ਦੀ ਵੀ ਕਰੜੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਖ਼ਾਲਸਾ ਸਾਜਣਾ ਦਿਵਸ ਮੌਕੇ ਸੰਗਤ ਦੀ ਭਾਵਨਾ ਹੁੰਦੀ ਹੈ ਕਿ ਉਹ ਤਖ਼ਤ ਸਾਹਿਬਾਨ 'ਤੇ ਨਤਮਸਤਕ ਹੋ ਕੇ ਅੰਮ੍ਰਿਤਪਾਨ ਕਰੇ, ਪਰ ਸਰਕਾਰ ਵੱਲੋਂ ਇਸ ਦਿਨ ਪੰਜਾਬ ਵਿੱਚ ਸਿਰਜੇ ਗਏ ਦਹਿਸ਼ਤ ਦੇ ਮਾਹੌਲ ਨੇ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਸੱਟ ਮਾਰੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸ਼ਤਾਬਦੀ ਸਮਾਗਮ ਦੀ ਸਫ਼ਲਤਾ ਲਈ ਦਿੱਲੀ ਦੀ ਸੰਗਤ ਦਾ ਧੰਨਵਾਦ ਕਰਦਿਆਂ 5 ਮਈ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਣ ਵਾਲੇ ਮੁੱਖ ਸਮਾਗਮ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਸਮਾਗਮ ਦੌਰਾਨ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ, ਦਿੱਲੀ ਕਮੇਟੀ ਦੇ ਮੈਂਬਰ ਬੀਬੀ ਰਣਜੀਤ ਕੌਰ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਸੇਵਾ ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਨਿਭਾਈ। ਸਮਾਗਮ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸ ਅਤੇ ਸਿੱਖ ਵਿਰਸੇ ਨੂੰ ਦਰਸਾਉਂਦੀ ਚਿੱਤਰ ਪ੍ਰਦਰਸ਼ਨੀ ਦੇ ਨਾਲ-ਨਾਲ ਧਾਰਮਿਕ ਪੁਸਤਕਾਂ ਦੇ ਸਟਾਲ ਵੀ ਲਗਾਏ ਗਏ। ਸੰਗਤ ਲਈ ਲੰਗਰ ਦੇ ਪ੍ਰਬੰਧ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕੀਤੇ ਗਏ ਸਨ। ਸਮਾਗਮ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਤੇਜਾ ਸਿੰਘ ਨਿਰਮਲੇ ਸੰਪਰਦਾਇ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਾਇਮਪੁਰ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਗੁਰਮਿੰਦਰ ਸਿੰਘ ਮਠਾਰੂ, ਦਿੱਲੀ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਬੱਬਰ, ਕੁਲਦੀਪ ਸਿੰਘ ਭੋਗਲ, ਸੁਖਦੇਵ ਸਿੰਘ ਰਿਆਤ, ਬੀਬੀ ਮਨਦੀਪ ਕੌਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਸਿਮਰਜੀਤ ਸਿੰਘ, ਮੀਤ ਸਕੱਤਰ ਤੇਜਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਰੋਡੇ, ਮੈਨੇਜਰ ਸੁਖਰਾਜ ਸਿੰਘ, ਦਿੱਲੀ ਸਿੱਖ ਮਿਸ਼ਨ ਦੇ ਇੰਚਾਰਜ ਸੁਰਿੰਦਰਪਾਲ ਸਿੰਘ ਸਮਾਨਾ, ਜਸਵੀਰ ਸਿੰਘ ਲੌਂਗੋਵਾਲ, ਇੰਚਾਰਜ ਮੇਜਰ ਸਿੰਘ, ਮਨਜੀਤ ਸਿੰਘ, ਕਰਤਾਰ ਸਿੰਘ, ਸਾਬਕਾ ਮੀਤ ਸਕੱਤਰ ਰਾਮ ਸਿੰਘ ਭਿੰਡਰ ਸ਼ਾਮਲ ਸਨ।

# ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਦੇ ਸਟਾਫ਼ ਵੱਲੋਂ ਦਾਖ਼ਲਿਆਂ ਸੰਬੰਧੀ ਵਿਸ਼ੇਸ਼ ਮੁਹਿੰਮ ਦਾ ਆਗਾਜ਼

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿੱਚ ਵਿੱਦਿਅਕ ਸੈਸ਼ਨ 2023-24 'ਚ ਦਾਖ਼ਲਿਆਂ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਪ੍ਰਿੰ. ਡਾ. ਜਸਬੀਰ ਸਿੰਘ, ਐਸੋਸੀਏਟ ਪ੍ਰੋਫੈਸਰ ਡਾ. ਪਰਮਜੀਤ ਸਿੰਘ ਤੇ ਅਸਿਸਟੈਂਟ ਲਾਇਬ੍ਰੇਰੀਅਨ ਮਲਕੀਅਤ ਸਿੰਘ ਨੇ ਪਿੰਡ ਜੌੜਾ ਦੀ ਪੰਚਾਇਤ ਨੂੰ ਮਿਲ ਕੇ ਕਾਲਜ ਵਿੱਚ ਸਫ਼ਲਤਾਪੂਰਵਕ ਚੱਲ ਰਹੇ ਕੋਰਸ ਐਮ.ਕਾਮ, ਐਮ. ਐਸ.ਸੀ (ਆਈ.ਟੀ.), ਐਮ.ਏ.ਪੰਜਾਬੀ, ਪੀ.ਜੀ.ਡੀ.ਸੀ.ਏ, ਬੀ.ਏ, ਬੀ.ਐਸ. ਸੀ. (ਇਕਨਾਮਿਕਸ), ਬੀ.ਐਸ. ਸੀ. (ਕੰਪਿਊਟਰ ਸਾਇੰਸ), ਬੀ.ਐਸ. ਸੀ. (ਨਾਨ-ਮੈਡੀਕਲ), ਬੀ.ਸੀ.ਏ, ਬੀ.ਕਾਮ, ਡੀ.ਸੀ.ਏ ਅਤੇ ਡੀ.ਐਸ.ਟੀ, ਗਿਆਰਵੀਂ-ਬਾਰ੍ਹਵੀਂ (ਮੈਡੀਕਲ, ਨਾਨ-ਮੈਡੀਕਲ, ਕਾਮਰਸ ਅਤੇ ਆਰਟਸ) ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਇਸ ਵਰ੍ਹੇ ਇਲਾਕੇ ਦੀ ਮੰਗ 'ਤੇ ਕਾਲਜ ਵਿੱਚ ਨਵੇਂ ਕੋਰਸ ਨੈਨੀ ਕੇਅਰ, ਕੇਅਰ ਗਿਵਰ (ਓਲਡ ਏਜ ਕੇਅਰ), ਡਿਪਲੋਮਾ ਇਨ ਫੈਸ਼ਨ ਡਿਜ਼ਾਈਨਿੰਗ, ਡਿਪਲੋਮਾ ਇਨ ਆਈ. ਟੀ. ਇਨੇਬਲ ਸਰਵਿਸਿਜ਼, ਡਿਪਲੋਮਾ ਇਨ ਜੀ.ਐਸ.ਟੀ ਸ਼ੁਰੂ ਕੀਤੇ ਗਏ ਹਨ ਜਿਨ੍ਹਾਂ ਵਿੱਚ ਵਿਦਿਆਰਥੀ ਵੱਧ ਚੜ੍ਹ ਕੇ ਰੁੱਚੀ ਵਿਖਾ ਰਹੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਦਸਵੀਂ/ਬਾਰਵੀਂ 'ਚੋਂ ਚੰਗੀ ਕਾਰਗੁਜ਼ਾਰੀ ਵਾਲੇ ਬੱਚਿਆਂ ਨੂੰ 35 ਫੀਸਦੀ ਤੱਕ ਫ਼ੀਸ ਵਿੱਚ ਰਿਆਇਤ ਦੇਣ ਤੋਂ ਇਲਾਵਾ ਸਕੇ ਭੈਣ-ਭਰਾ ਨੂੰ ਵੀ ਫ਼ੀਸ ਵਿੱਚ ਵਿਸ਼ੇਸ਼ ਛੋਟ ਦਿੱਤੀ ਜਾ ਰਹੀ ਹੈ। ਸੰਤ ਬਾਬਾ



ਸੁੱਖਾ ਸਿੰਘ ਜੀ ਵਲੋਂ ਅੰਮ੍ਰਿਤਧਾਰੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਵੀ ਫ਼ੀਸਾਂ ਵਿੱਚ ਵਿਸ਼ੇਸ਼ ਛੋਟ ਦਿੱਤੀ ਜਾਂਦੀ ਹੈ। ਇਥੇ ਐਨ.ਸੀ.ਸੀ., ਐਨ.ਐਸ.ਐਸ., ਜਿੰਮ, ਬੁੱਕਸ਼ਾਪ, ਕੈਫ਼ੇਟੇਰੀਆ, ਅਤਿ-ਆਧੁਨਿਕ ਲੈਬਜ਼ ਅਤੇ ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਹੈ।

ਲੜਕੇ ਤੇ ਲੜਕੀਆਂ ਲਈ ਵੱਖੋ-ਵੱਖਰੀ ਵਿਸ਼ਾਲ ਲਾਇਬਰੇਰੀ ਦੇ ਨਾਲ-ਨਾਲ ਕਾਲਜ ਬੱਸਾਂ ਦੀ ਵਿਸ਼ੇਸ਼ ਸਹੂਲਤ ਵੀ ਮੌਜੂਦ ਹੈ। ਇਸ ਮੌਕੇ ਤੇ ਪਿੰਡ ਦੇ ਸਰਪੰਚ ਸ੍ਰ. ਅਵਤਾਰ ਸਿੰਘ, ਨੰਬਰਦਾਰ ਕੇਵਲ ਸਿੰਘ, ਸੂਬੇਦਾਰ ਸੁਖਬੀਰ ਸਿੰਘ, ਪੰਚਾਇਤ ਮੈਂਬਰ ਸਵਿੰਦਰ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ, ਸਾਹਿਬ ਸਿੰਘ, ਹਰਦੇਵ ਸਿੰਘ, ਮਨਜੀਤ ਸਿੰਘ ਤੇ ਪਿੰਡ ਦੇ ਮੋਹਤਬਰ ਅਮਰੀਕ ਸਿੰਘ, ਸੁਖਚੈਨ ਸਿੰਘ, ਗਰਬਿੰਦਰ ਸਿੰਘ, ਛਿੰਦਾ ਚੱਬੇਵਾਲ ਅਤੇ ਸੰਨਦੀਪ ਸਿੰਘ ਨੇ ਕਾਲਜ ਸਟਾਫ਼ ਨੂੰ ਪੂਰਨ ਵਿਸ਼ਵਾਸ ਦੁਆਇਆ ਕਿ ਉਹ ਘਰ-ਘਰ ਵਿਦਿਆ ਦਾ ਚਾਨਣ ਪਹੁੰਚਾਉਣ ਲਈ ਸਮੁੱਚੇ ਇਲਾਕੇ ਵਿੱਚ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨਗੇ।

# ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਖਡੂਰ ਸਾਹਿਬ ਵੱਲੋਂ ਕਾਨਫਰੰਸ ਦਾ ਆਯੋਜਨ

## ਕਿਰਤੀ ਲੋਕਾਂ ਨੂੰ ਭਾਈਚਾਰਕ ਸਾਂਝ ਬਣਾ ਕੇ ਰੱਖਣ ਦਾ ਦਿੱਤਾ ਸੁਨੇਹਾ

ਤਰਨ ਤਾਰਨ (ਨਜ਼ਸ)-ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਖਡੂਰ ਸਾਹਿਬ ਦੀ ਕਾਨਫਰੰਸ ਹੋਈ। ਸ਼ੁਰੂਆਤ ਮੌਕੇ ਕਾਮਰੇਡ ਬੂਟਾ ਸਿੰਘ ਨੇ ਸ਼ੋਕ ਮਤਾ ਪੇਸ਼ ਕੀਤਾ ਅਤੇ ਜਥੇਬੰਦੀ ਦੇ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਅਤੇ ਜ਼ਿਲਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਕਿਹਾ ਕਿ ਪੰਜਾਬ ਖੇਤ ਮਜ਼ਦੂਰ ਸਭਾ ਲਗਾਤਾਰ ਮੋਦੀ ਸਰਕਾਰ ਦੀਆ ਕਾਰਪੋਰੇਟ ਨੀਤੀਆਂ ਵਿਰੁੱਧ ਮਹਿੰਗਾਈ, ਬੇਰੁਜ਼ਗਾਰੀ, ਫਿਰਕਾਪ੍ਰਸਤੀ ਦੇ ਵਿਰੁੱਧ ਲੜਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਸਮਾਜ ਵਿਰੋਧੀ ਤਾਕਤਾਂ ਅਮਨ ਕਾਨੂੰਨ ਨੂੰ ਲਾਂਬੂ ਲਾਉਣਾ ਚਾਹੁੰਦੀਆ ਹਨ। ਉਨ੍ਹਾਂ ਕਿਰਤੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਈਚਾਰਕ ਸਾਂਝ ਬਣਾ ਕੇ ਰੱਖਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਹੈ, ਮਹਿੰਗਾਈ ਦਿਨੋ-ਦਿਨ ਵੱਧਦੀ ਜਾ ਰਹੀ ਹੈ। ਡੀਜ਼ਲ, ਪੈਟਰੋਲ, ਰਸੋਈ ਗੈਸ ਅਤੇ ਖਾਣ ਪੀਣ ਵਾਲੀਆਂ ਵਸਤੂਆਂ ਦੇ ਅਸਮਾਨੀ ਛੂਹੰਦੇ ਭਾਅ ਨੇ ਗਰੀਬ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਪਿੰਡਾਂ ਦੇ ਖੇਤ ਮਜ਼ਦੂਰ ਆਪਣੇ ਵਾਸਤੇ ਰੋਜ਼ਗਾਰ, ਮਕਾਨ, ਸਮਾਜਿਕ ਸੁਰੱਖਿਆ, ਵਿਦਿਆ, ਸਿਹਤ ਸਹੂਲਤਾਂ ਅਤੇ ਸਮਾਜਿਕ ਅੱਤਿਆਚਾਰਾਂ ਦੇ ਖਿਲਾਫ ਅਤੇ ਇਨ੍ਹਾਂ ਕਾਮਿਆਂ ਦੀ ਘੱਟੋ-ਘੱਟ ਉਜਰਤ 21000 ਰੁਪਏ ਪ੍ਰਤੀ ਮਹੀਨਾ, ਪ੍ਰਤੀ ਪਰਿਵਾਰ ਦੇ ਆਮਦਨ ਦੇ ਪੱਕੇ ਵਸੀਲੇ ਪੈਦਾ ਕਰਨ ਲਈ ਜੱਦੋਜਹਿਦ ਕਰ ਰਹੀ ਹੈ। ਕੇਂਦਰ ਵਿੱਚ ਰਾਜ ਕਰਦੀ ਮੋਦੀ ਸਰਕਾਰ ਨੇ ਇਨ੍ਹਾਂ ਕਾਮਿਆਂ ਦੀ ਆਰਥਿਕ ਹਾਲਤ ਸੁਧਾਰਨ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਸਗੋਂ ਖਰੈਤਾਂ ਨਾਲ ਡੰਗ ਸਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਮਾਜਿਕ ਸੁਰੱਖਿਆ ਅਧੀਨ ਪੈਨਸ਼ਨ ਦੇਣ ਦਾ ਵਾਅਦਾ ਇਕ ਖਾਲੀ ਐਲਾਨ ਸਾਬਤ ਹੋ ਰਿਹਾ ਹੈ। ਉਨ੍ਹਾਂ ਸੱਦਾ ਦਿੱਤਾ ਕਿ ਪਿੰਡਾਂ ਦੇ ਕਾਮੇ ਲੋਕ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਲਈ ਸਰਕਾਰ



ਦੀਆਂ ਅਜਿਹੀਆਂ ਮਾੜੀਆਂ ਨੀਤੀਆਂ ਦੇ ਖਿਲਾਫ ਆਉਣ ਵਾਲੇ ਦਿਨਾਂ ਵਿੱਚ ਵਿਸ਼ਾਲ ਲਾਬੰਦ ਕਰਕੇ ਘੋਲਾਂ ਨੂੰ ਹੋਰ ਤੇਜ਼ ਕਰਨ। ਉਨ੍ਹਾਂ ਪੰਜਾਬ ਸਰਕਾਰ ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਗਰੰਟੀਆਂ ਚੋਣਾਂ ਸਮੇਂ ਕੀਤੀਆਂ ਹਨ ਉਨ੍ਹਾਂ ਨੂੰ ਸਰਕਾਰ ਫੌਰੀ ਲਾਗੂ ਕਰੇ। ਕਾਨਫਰੰਸ ਦੇ ਦੂਜੇ ਗੇੜ ਵਿੱਚ ਕਾਮਰੇਡ ਮੇਜਰ ਸਿੰਘ ਨੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਮੌਕੇ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੇ ਪ੍ਰਧਾਨ ਕਾਮਰੇਡ ਹੀਰਾ ਸਿੰਘ ਖਡੂਰ ਸਾਹਿਬ, ਜਨਰਲ ਸਕੱਤਰ ਕਾਮਰੇਡ ਮੇਜਰ ਸਿੰਘ ਦਾਰਾਪੁਰ ਨੂੰ ਚੁਣਿਆ ਗਿਆ। ਮੀਤ ਪ੍ਰਧਾਨ ਨਰਿੰਦਰਪਾਲ ਸਿੰਘ ਖਡੂਰ ਸਾਹਿਬ, ਜਸਪਾਲ ਸਿੰਘ ਫਤਿਆਬਾਦ, ਬਲਵਿੰਦਰ ਸਿੰਘ ਭਰੋਵਾਲ, ਮੀਤ ਸਕੱਤਰ ਕਾਮਰੇਡ ਸੁਖਦੇਵ ਸਿੰਘ ਭਲਾਈਪੁਰ, ਭਗਵੰਤ ਸਿੰਘ ਵੇਈਂਪੁਈਂ, ਕਸ਼ਮੀਰ ਸਿੰਘ ਭਲਾਈਪੁਰ, ਕੈਸ਼ੀਅਰ ਬੂਟਾ ਸਿੰਘ ਦਾਰਾਪੁਰ ਆਦਿ ਚੁਣੇ ਗਏ। ਵੱਖ-ਵੱਖ ਪਿੰਡਾਂ 'ਚੋਂ ਆਏ ਡੈਲੀਗੇਟਾਂ ਦਾ ਧੰਨਵਾਦ ਕਾਮਰੇਡ ਚਰਨ ਸਿੰਘ ਜਲਾਲਾਬਾਦ ਨੇ ਕੀਤਾ।

## ਐੱਸਐੱਸਪੀ ਤਰਨ ਤਾਰਨ ਵਲੋਂ ਥਾਣਾ ਮੁਖੀ ਖੇਮਕਰਨ ਦਾ ਸਨਮਾਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਥਾਣਾ ਖੇਮਕਰਨ ਵਿਖੇ ਬਤੌਰ ਐੱਸਐੱਚਓ ਸੇਵਾਵਾਂ ਨਿਭਾ ਰਹੇ ਇੰਸਪੈਕਟਰ ਕੰਵਲਜੀਤ ਰਾਇ ਨੂੰ ਇਲਾਕੇ ਵਿੱਚ ਨਸ਼ੇ ਨੂੰ ਠੱਲ ਪਾਉਣ ਤੇ ਹੈਰੋਇਨ-ਅਫੀਮ ਆਦਿ ਸਮਾਜਿਕ ਨਸ਼ੇ ਨੂੰ ਵੱਡੇ ਪੱਧਰ 'ਤੇ ਟ੍ਰੇਸ ਕਰਕੇ ਰਿਕਵਰੀ ਕਰਨ 'ਤੇ ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਭੇਜੀ ਗਈ ਨਕਦ ਰਾਸ਼ੀ ਨਾਲ ਐੱਸਐੱਸਪੀ ਤਰਨਤਾਰਨ ਗੁਰਮੀਤ ਸਿੰਘ ਚੌਹਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਥਾਣਾ ਖੇਮਕਰਨ ਮੁਖੀ ਇੰਸਪੈਕਟਰ ਕੰਵਲਜੀਤ ਰਾਇ ਨੇ ਡੀਜੀਪੀ ਪੰਜਾਬ 'ਤੇ ਐੱਸਐੱਸਪੀ ਤਰਨਤਾਰਨ ਦਾ ਹੌਸਲਾ ਅਫਜ਼ਾਈ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਥੇ ਹੀ ਥਾਣਾ ਮੁਖੀ ਖੇਮਕਰਨ ਨੇ ਡੀਜੀਪੀ ਪੰਜਾਬ ਅਤੇ ਐੱਸਐੱਸਪੀ ਤਰਨ ਤਾਰਨ ਗੁਰਮੀਤ ਸਿੰਘ ਚੌਹਾਨ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਨਸ਼ਾ ਤਸਕਰਾਂ ਤੇ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸ ਕੇ ਇਲਾਕੇ 'ਚ ਅਮਨ-ਸ਼ਾਂਤੀ ਬਰਕਰਾਰ ਰੱਖਣਗੇ।



## ਸੋਨੇ ਦੀਆਂ ਵਧਦੀਆਂ ਕੀਮਤਾਂ ਤੋਂ ਮੇਲੋਰਾ ਨੇ ਦਿਵਾਈ ਰਾਹਤ

ਲੁਧਿਆਣਾ: ਮੇਲੋਰਾ, (ਮੇਲੋਰਾ ਡਾਟ ਕਾਮ), ਜੋ ਕਿ ਭਾਰਤ ਦਾ ਇੱਕ ਤੇਜ਼ੀ ਨਾਲ ਵੱਧ ਰਿਹਾ ਡੀ2ਸੀ ਬ੍ਰੈਂਡ ਹੈ, ਉਹ ਆਪਣੀ ਅਕਸ਼ੇ ਤ੍ਰਿਤੀਆ ਕਲੈਕਸ਼ਨ ਸ਼ੁਰੂ ਕਰਨ ਵਾਸਤੇ ਤਿਆਰ ਹੈ। ਇਸਦੇ ਵਿੱਚ 350 ਸੋਨੇ ਅਤੇ ਹੀਰੇ ਦੇ ਜ਼ੇਵਰ ਸ਼ਾਮ ਹਨ ਜਿਨ੍ਹਾਂ ਨੂੰ ਮੇਲੋਰਾ ਦੀ ਆਪਣੀ ਨਿੱਜੀ ਡਿਜ਼ਾਈਨਿੰਗ ਤਕਨੀਕ ਦਾ ਇਸਤੇਮਾਲ ਕਰਕੇ ਬਣਾਇਆ ਗਿਆ ਹੈ, ਜਿਸਦੇ ਨਾਲ ਜ਼ੇਵਰ ਵੱਡੇ ਲੱਗਦੇ ਹਨ ਅਤੇ ਉਹ ਹਲਕੇ ਅਤੇ ਕਿਫਾਇਤੀ ਹੁੰਦੇ ਹਨ। ਇਸਦੇ ਜ਼ੇਵਰ ਦੀ ਕੀਮਤ 3000 ਰੁਪਏ ਤੋਂ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਕਲੈਕਸ਼ਨ ਦਾ 70 % 50000 ਰੁਪਏ ਤੋਂ ਘੱਟ ਦੀ ਹੈ, ਮੇਲੋਰਾ ਇੱਕ ਸਭ ਤੋਂ ਕਿਫਾਇਤੀ ਜ਼ੇਵਰ ਦਾ ਬ੍ਰੈਂਡ ਬਣ ਗਿਆ ਹੈ ਜੋ ਕਿ ਬੀ ਆਈ ਐਸ-ਹਾਲ ਮਾਰਕਡ ਸੋਨੇ ਅਤੇ ਪ੍ਰਮਾਨੀ ਹੀਰਿਆਂ ਦੇ ਜ਼ੇਵਰ ਦਿੰਦਾ ਹੈ ਅਤੇ ਨਾਲ ਹੀ ਇਹ ਹਾਲੀਆ ਟਰੇਂਡ ਅਤੇ ਸਟਾਈਲ ਦੇ ਨਾਲ ਸੰਬੰਧਿਤ ਹੁੰਦੇ ਹਨ। ਸ਼ੁਰੂਆਤ ਤੇ ਬੋਲਦੇ ਹੋਏ ਸਰੋਜ ਯੇਰਾਮਿਲੀ, ਮੇਲੋਰਾ ਦੀ ਸੰਸਥਾਪਕ ਅਤੇ ਸੀ ਈ ਓ, ਨੇ ਕਿਹਾ ਕਿ ਅਕਸ਼ੇ ਤ੍ਰਿਤੀਆ ਇੱਕ ਅਜਿਹਾ ਮੌਕਾ ਹੈ ਜਦੋਂ ਲੋਕ ਧਨ ਦੀ ਦੇਵੀ ਨੂੰ ਖੁਸ਼ ਕਰਨ ਦੇ ਲਈ ਸੋਨਾ ਖਰੀਦਣਾ ਚਾਹੁੰਦੇ ਹਨ।

# ਪਿੰਡ ਠੱਠਾ ਦੇ ਦੋ ਦਰਜਨ ਪਰਿਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਹਲਕਾ ਤਰਨਤਾਰਨ ਦੇ ਪਿੰਡ ਠੱਠਾ ਵਿਖੇ ਨੌਜਵਾਨ ਆਗੂ ਗੁਰਵਿੰਦਰ ਸਿੰਘ ਵਿਸਕੀ ਢਿੱਲੋਂ ਦੀ ਅਗਵਾਈ ਹੇਠ ਨੰਬਰਦਾਰ ਜਸਪਾਲ ਸਿੰਘ, ਮੈਂਬਰ ਹਰਦਿਆਲ ਸਿੰਘ ਦਾਲਾ, ਸੁਖਚੈਨ ਸਿੰਘ ਠੱਠਾ, ਸੰਦੀਪ ਸਿੰਘ ਠੱਠਾ ਗੁਰਜੰਟ ਸਿੰਘ, ਜਗਤਾਰ ਸਿੰਘ ਜੱਗਾ, ਜੋਬਨਪ੍ਰੀਤ ਸਿੰਘ ਬਲਦੇਵ ਸਿੰਘ, ਗੁਰਬਿੰਦਰ ਸਿੰਘ ਠੱਠਾ, ਦੀਪੂ ਸਮੇਤ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨਾਲ ਸਬੰਧਤ ਦੋ ਦਰਜਨ ਦੇ ਕਰੀਬ ਪਰਿਵਾਰਾਂ ਨੇ ਕਾਂਗਰਸ ਤੇ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਮੌਕੇ ਵਿਧਾਇਕ ਸੋਹਲ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ 'ਆਪ' ਦੀਆਂ ਨੀਤੀਆਂ ਅਨੁਸਾਰ ਲੋਕ ਭਲਾਈ ਦੇ ਕੰਮ ਕਰਨ ਦਾ ਸੱਦਾ ਦਿੱਤਾ। ਡਾਕਟਰ ਸੋਹਲ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਗਰੀਬੀ ਅਤੇ ਨਸ਼ਿਆਂ ਦੇ ਖਾਤਮੇ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕਰ ਰਹੀ ਹੈ ਅਤੇ ਇਸ ਦੇ ਚੰਗੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਮਾਨਦਾਰ ਵਲੰਟੀਅਰਾਂ ਦਾ ਪੂਰਾ ਸਨਮਾਨ ਕਰਦੀ ਹੈ। ਡਾਕਟਰ ਸੋਹਲ ਨੇ ਆਪਣੇ ਹਲਕੇ ਦੇ ਵਿਕਾਸ ਲਈ ਇਲਾਕਾ ਨਿਵਾਸੀਆਂ ਤੋਂ ਸਹਿਯੋਗ ਦੀ ਮੰਗ ਕੀਤੀ।



ਇਸ ਮੌਕੇ ਗੁਰਵਿੰਦਰ ਸਿੰਘ ਵਿਸਕੀ ਢਿੱਲੋਂ, ਡਾ. ਨਿਰਵੈਰ ਸਿੰਘ, ਡਾ. ਕਾਰਜ ਸਿੰਘ ਰੰਧਾਵਾ, ਸੋਸ਼ਲ ਮੀਡੀਆ ਕੋਆਰਡੀਨੇਟਰ ਮਾਨਕ ਸਿੰਘ ਹੈਪੀ ਢਿੱਲੋਂ, ਅੰਮ੍ਰਿਤਪਾਲ ਸਿੰਘ ਠੱਠਾ, ਤਰਸੇਮ ਸਿੰਘ ਸੋਹਲ, ਮਨਜਿੰਦਰ ਸਿੰਘ ਮੰਨੀ ਭੋਜੀਆਂ, ਕੁਲਵਿੰਦਰ ਸਿੰਘ ਸੁਵਰਗਾਪੁਰੀ, ਦਰਸ਼ਨ ਸਿੰਘ ਨੰਬਰਦਾਰ, ਬਲਦੇਵ ਸਿੰਘ ਠੱਠਾ, ਪ੍ਰਗਟ ਸਿੰਘ ਸੋਹਲ ਤੇ ਹੋਰ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## 38 ਲੱਖ ਦੀ ਠੱਗੀ ਮਾਰਨ ਵਾਲੇ ਵਿਰੁੱਧ ਮਾਮਲਾ ਦਰਜ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਮਾਜ ਸੇਵੀ ਬਣ ਕੇ ਗਰੀਬ ਲੜਕੀਆਂ ਦੇ ਵਿਆਹ ਕਰਨ ਦੀ ਆੜ ਹੇਠ ਅਤੇ ਵਿਦੇਸ਼ ਭੇਜਣ ਅਤੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕਰੀਬ 38 ਲੱਖ ਦੀ ਠੱਗੀ ਮਾਰਨ ਵਾਲੇ ਵਿਰੁੱਧ ਥਾਣਾ ਧਾਰੀਵਾਲ ਵਿੱਚ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਕੁਲਦੀਪ ਸਿੰਘ ਪੁੱਤਰ ਜੋਗਾ ਸਿੰਘ ਵਾਸੀ ਡੇਰੀਵਾਲ ਦਰੋਗਾ ਨੇ ਇਨਸਾਫ ਦੀ ਮੰਗ ਕਰਦਿਆਂ ਉੱਚ ਪੁਲੀਸ ਅਧਿਕਾਰੀਆਂ ਨੂੰ ਸ਼ਿਕਾਇਤ ਪੱਤਰ ਰਾਹੀਂ ਦੱਸਿਆ ਕਿ ਮਨਜੀਤ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਪੱਖੋਵਾਲ ਰੋਡ ਹਲਵਾਰਾ, ਜ਼ਿਲ੍ਹਾ ਲੁਧਿਆਣਾ ਨੇ ਸਮਾਜ ਸੇਵੀ ਬਣ ਕੇ ਗਰੀਬ ਲੜਕੀਆਂ ਦੇ ਵਿਆਹ ਕਰਨ ਦੀ ਆੜ ਵਿੱਚ ਉਸ (ਕੁਲਦੀਪ ਸਿੰਘ), ਮੇਜਰ ਸਿੰਘ ਪੁੱਤਰ ਅਜੀਤ ਸਿੰਘ, ਮੰਗਲ ਸਿੰਘ ਪੁੱਤਰ ਸੋਹਣ ਸਿੰਘ ਵਾਸੀਆਨ ਡੇਰੀਵਾਲ ਦਰੋਗਾ ਅਤੇ ਏ.ਐਸ.ਆਈ ਅਮਰੀਕ ਸਿੰਘ ਥਾਣਾ ਸਿਟੀ ਗੁਰਦਾਸਪੁਰ ਅਤੇ ਲਖਵਿੰਦਰ ਸਿੰਘ ਪੁੱਤਰ ਸੁਲੱਖਣ ਸਿੰਘ ਦੇ ਬੱਚਿਆਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਉਨੇ ਨਾਲ ਕਰੀਬ 38 ਲੱਖ ਰੁਪਏ ਦੀ ਠੱਗੀ ਮਾਰ ਕੇ ਧੋਖਾਧੜੀ ਕੀਤੀ ਹੈ। ਇਸ ਮਾਮਲੇ ਦੀ ਜਾਂਚ ਉੱਚ ਪੁਲਸ ਅਧਿਕਾਰੀਆਂ ਦੁਆਰਾ ਕਰਨ ਦੇ ਬਾਅਦ ਪੁਲਸ ਥਾਣਾ ਧਾਰੀਵਾਲ ਵਿੱਚ ਏਐੱਸਆਈ ਗੁਰਦੀਪ ਸਿੰਘ ਨੇ ਕੁਲਦੀਪ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮਨਜੀਤ ਸਿੰਘ ਵਿਰੁੱਧ ਧਾਰਾ 420, 13 ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ (ਰੈਗੂਲੇਸ਼ਨ) ਐਕਟ 2014 ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਵੈਲਿਊ ਕੱਟ ਦੇ ਵਿਰੋਧ 'ਚ ਤਲਵੰਡੀ ਖੁੰਮਣ ਵਿਖੇ ਕੀਤਾ ਰੇਲ ਦਾ ਚੱਕਾ ਜਾਮ



ਮਜੀਠਾ (ਸੋਇਮ ਆਨੰਦ)-ਹਾਲ ਵਿੱਚ ਹੀ ਕੁਦਰਤ ਦੀ ਮਾਰ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਭਾਰਤ ਸਰਕਾਰ ਵਲੋਂ ਕਿਸਾਨਾਂ ਨਾਲ ਹਮਦਰਦੀ ਦੀ ਉਲਟਾ ਵੈਲਿਊ ਕੱਟ ਲਗਾ ਕੇ ਆਪਣੀ ਕਿਸਾਨ ਮਾਰੂ ਸੋਚ ਸਾਬਤ ਕਰ ਦਿੱਤੀ ਹੈ।

ਇਸਦੇ ਵਿਰੋਧ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਮੰਗਲ ਸਿੰਘ ਰੁਮਾਣਾ ਚੱਕ ਬਲਾਕ ਮਜੀਠਾ ਦੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਤਲਵੰਡੀ ਖੁੰਮਣ ਵਿਖੇ ਰੇਲਾਂ ਰੋਕ ਕੇ ਵਿਰੋਧ ਕੀਤਾ। ਉਨ੍ਹਾਂ ਵਲੋਂ ਕਿਹਾ ਗਿਆ ਕਿ ਜੇਕਰ ਕੇਂਦਰ ਸਰਕਾਰ ਵਲੋਂ ਤੁਰੰਤ ਇਹ ਫੈਸਲਾ ਵਾਪਸ ਨਹੀਂ ਲਿਆ ਗਿਆ ਤਾਂ ਭਵਿੱਖ ਵਿੱਚ ਜਲਦੀ ਹੀ ਲੰਬੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਬਲਾਕ ਪ੍ਰਧਾਨ ਮੰਗਲ ਸਿੰਘ ਗੋਸਲ, ਬਲਵਿੰਦਰ ਸਿੰਘ ਬੁਰਜ, ਭੁਪਿੰਦਰ ਸਿੰਘ ਰੁਮਾਣਾ, ਡਾਕਟਰ ਬਲਜੀਤ ਸਿੰਘ, ਹਰਪਾਲ ਸਿੰਘ, ਜਸਵੰਤ ਸਿੰਘ ਜਿਜੇਆਣੀ, ਮਨਜੀਤ ਸਿੰਘ ਉਮਰਪੁਰਾ, ਅਜੈਬ ਸਿੰਘ ਟਰਪਈ, ਦਲਬੀਰ ਸਿੰਘ ਮੱਝਵਿੰਡ ਗੋਪਾਲਪੁਰਾ, ਹਰਪਾਲ ਸਿੰਘ ਖਜ਼ਾਨਚੀ ਬਲਾਕ ਮਜੀਠਾ ਤਰਜਿੰਦਰ ਸਿੰਘ, ਹਰਜਿੰਦਰ ਸਿੰਘ, ਰਣਧੀਰ ਕੌਰ, ਵੀਰ ਕੌਰ, ਅਮਰੀਕ ਕੌਰ ਮਰੜ੍ਹੀ ਖੁਰਦ ਸਤਵੰਤ ਕੌਰ, ਹਰਜਿੰਦਰ ਕੌਰ ਗੋਸਲ ਆਦਿ ਤੇ ਯੂਨੀਅਨ ਦੇ ਕਿਸਾਨ ਆਗੂ ਹਾਜ਼ਰ ਸਨ।

## ਅਬਦਾਲ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ

ਮਜੀਠਾ (ਸੋਇਮ ਆਨੰਦ)-ਗੁਰਦੁਆਰਾ ਗੁਰੂ ਗੋਬਿੰਦ ਸਿੰਘ (ਸਿੰਘ ਸਭਾ) ਪਿੰਡ ਅਬਦਾਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਖਾਲਸਾ ਸਾਜਨਾ ਦਿਵਸ ਸਮੂਹ ਨਗਰ ਅਤੇ ਐੱਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਮਨਾਇਆ ਗਿਆ ਜਿਸ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ



ਜਿਸ ਵਿੱਚ ਇਲਾਕੇ ਦੇ ਨਾਮਵਰ ਰਾਗੀ, ਢਾਡੀ, ਕਵੀਸ਼ਰੀ ਜਥਿਆਂ ਅਤੇ ਚੀਫ ਖਾਲਸਾ ਦੀਵਾਨ ਦੇ ਸਕੂਲੀ ਬੱਚਿਆਂ ਵੱਲੋਂ ਸ਼ਬਦ ਕੀਰਤਨ ਦੇ ਨਾਲ ਗੱਤਕੇ ਦੇ ਵੀ ਜੌਹਰ ਦਿਖਾਏ ਗਏ ਜੋ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੇ ਰਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਬਲਕਾਰ ਸਿੰਘ, ਸੈਕਟਰੀ ਬਾਵਾ ਸਿੰਘ, ਸਾਬਕਾ ਸਰਪੰਚ ਸਤਨਾਮ ਸਿੰਘ, ਪ੍ਰਧਾਨ ਜਗਤਾਰ ਸਿੰਘ, ਸੁਬੇਗ ਸਿੰਘ ਫੌਜੀ, ਗੁਰਨਾਮ ਸਿੰਘ, ਪਲਵਿੰਦਰ ਸਿੰਘ, ਬਲਬੀਰ ਸਿੰਘ, ਜਥੇ. ਬਲਦੇਵ ਸਿੰਘ, ਹਰਜੀਤ ਸਿੰਘ, ਕੁਲਵੰਤ ਸਿੰਘ, ਅਮਰਜੀਤ ਸਿੰਘ ਫੌਜੀ, ਸ਼ਮਸ਼ੇਰ ਸਿੰਘ, ਪੰਚ ਜੋਗਿੰਦਰ ਸਿੰਘ, ਬਾਬਾ ਨਿਰਮਲ ਸਿੰਘ, ਸੂਬੇਦਾਰ ਨਾਨਕ ਸਿੰਘ, ਬਾਬਾ ਜਗਰੂਪ ਸਿੰਘ ਨਿਹੰਗ ਸਿੰਘ, ਅਮਰਜੀਤ ਸਿੰਘ ਅੰਬਾ, ਕੁਲਵਿੰਦਰ ਸਿੰਘ, ਪੰਚ ਬਲਵਿੰਦਰ ਸਿੰਘ, ਨੰਬਰਦਾਰ ਗੁਰਜੀਤ ਸਿੰਘ ਸਮੇਤ ਪਿੰਡ ਦੀਆਂ ਸੰਗਤਾਂ ਹਾਜ਼ਰ ਸਨ।

## ਈਟੀਓ ਬਲਵਿੰਦਰ ਗਿੱਲ ਦਾ ਹਾਲ-ਚਾਲ ਪੁੱਛਣ ਲਈ ਪੁੱਜੇ ਹਸਪਤਾਲ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਭਾਜਪਾ ਐਸ.ਸੀ. ਮੋਰਚੇ ਦੇ ਜਨਰਲ ਸਕੱਤਰ ਬਲਵਿੰਦਰ ਗਿੱਲ ਦੇ ਘਰ ਵਿੱਚ ਦਾਖਲ ਹੋ ਕੇ ਕੁੱਝ ਅਣਪਛਾਤੇ ਵਿਅਕਤੀਆਂ ਵਲੋਂ ਗੋਲੀ ਚਲਾਈ ਗਈ ਸੀ ਜੋ ਕਿ ਉਨਾਂ ਦੇ ਜਬੜੇ ਵਿੱਚ ਲੱਗੀ ਸੀ, ਦਾ ਹਾਲ ਚਾਲ ਜਾਨਣ ਲਈ ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ ਪੰਜਾਬ ਕੇ. ਡੀ. ਹਸਪਤਾਲ ਵਿਖੇ ਪੁੱਜੇ ਅਤੇ ਪ੍ਰਮਾਤਮਾ ਅਗੇ ਉਨਾਂ ਦੇ ਜਲਦ ਤੰਦਰੁਸਤ ਹੋਣ ਦੀ ਅਰਦਾਸ ਕੀਤੀ। ਈ.ਟੀ.ਓ. ਨੇ ਦੱਸਿਆ ਕਿ ਗੋਲੀ ਚਲਾਉਣ ਵਾਲੇ ਅਣਪਛਾਤੇ ਵਿਅਕਤੀਆਂ ਨੂੰ ਜਲਦ ਹੀ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਸਾਰੇ ਦੋਸ਼ੀ ਸਲਾਖਾਂ ਦੇ ਪਿੱਛੇ ਹੋਣਗੇ। ਸ: ਈ.ਟੀ.ਓ ਵਲੋਂ ਡਾਕਟਰਾਂ ਨਾਲ ਸ੍ਰੀ ਗਿੱਲ ਦੀ ਸਿਹਤ ਨੂੰ ਲੈ ਕੇ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਮੈਨੂੰ ਜਦੋਂ ਹੀ ਘਟਨਾ ਦਾ ਪਤਾ ਲੱਗਾ ਤਾਂ ਉਸੇ ਸਮੇਂ ਹੀ ਐਸ.ਐਸ.ਪੀ. ਦਿਹਾਤੀ ਨੂੰ ਫੋਨ 'ਤੇ ਹਦਾਇਤ ਕੀਤੀ ਕਿ ਜਲਦ ਦੋਸ਼ੀਆਂ ਨੂੰ ਫੜਿਆ ਜਾਵੇ ਜਿਸ ਤੇ ਕਾਰਵਾਈ ਕਰਦਿਆਂ ਵੱਖ-ਵੱਖ ਟੀਮਾਂ ਦੋਸੀਆਂ ਦੇ ਭਾਲ ਵਿੱਚ ਲੱਗ ਗਈਆਂ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਸਰਕਾਰ ਸੂਬੇ ਵਿੱਚ ਲਾਅ ਐਂਡ ਆਰਡਰ ਨੂੰ ਲੈ ਕੇ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕਾਨੂੰਨ ਵਿਵਸਥਾ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।



# ਗੁਰਜਿੰਦਰ ਸਿੰਘ ਬਘਿਆੜੀ ਨੂੰ ਗਹਿਰਾ ਸਦਮਾ, ਭਰਾ ਦਾ ਦਿਹਾਂਤ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਤੇ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਸਕੱਤਰ ਲੇਖਕ ਗੁਰਜਿੰਦਰ ਸਿੰਘ ਬਘਿਆੜੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਤਾਏ ਦੇ ਪੁੱਤਰ ਕੰਵਲਜੀਤ ਸਿੰਘ ਸਪੁੱਤਰ ਗਿਆਨੀ ਬਲਕਾਰ ਸਿੰਘ ਵਾਸੀ ਬਘਿਆੜੀ ਦਾ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। ਇਸ ਮੌਕੇ ਗੁਰਜਿੰਦਰ ਸਿੰਘ ਬਘਿਆੜੀ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ, ਹੈੱਡ ਗ੍ਰੰਥੀ ਭਾਈ ਨਿਸ਼ਾਨ ਸਿੰਘ, ਕੇਂਦਰੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਕੇਂਦਰੀ ਲੇਖਕ ਸਭਾ ਦੇ ਸਕੱਤਰ ਤੇ ਪ੍ਰਧਾਨ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸੇਲਿੰਦਰਜੀਤ ਸਿੰਘ ਰਾਜਨ, ਉਂਕਾਰ ਸਿੰਘ ਰਾਜਾਤਾਲ, ਸਤਨਾਮ ਸਿੰਘ ਔਲਖ, ਗੁਰਬਾਜ ਸਿੰਘ, ਮੈਡੀਕਲ ਅਫਸਰ ਗੁਰਪ੍ਰੀਤ ਸਿੰਘ ਭੁੱਲਰ, ਸਰਪ੍ਰਸਤ ਪ੍ਰਿੰ. ਰਘਬੀਰ ਸਿੰਘ ਸੋਹਲ, ਪੰਜਾਬੀ ਸਭਿਆਚਾਰ ਸੱਥ ਦੇ ਪ੍ਰਧਾਨ ਜਸਬੀਰ ਸਿੰਘ ਝਬਾਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਮਾ ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਸ਼ੁਕਰਗੁਜ਼ਾਰ ਸਿੰਘ, ਸਰਪ੍ਰਸਤ ਦਵਿੰਦਰ ਸਿੰਘ ਭੋਲਾ, ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਗਿਆਨੀ ਗੁਲਜ਼ਾਰ ਸਿੰਘ ਖੈੜਾ, ਜਰਨਲ ਸਕੱਤਰ ਮਾ ਅਵਤਾਰ ਸਿੰਘ ਗੋਇੰਦਵਾਲ ਸਾਹਿਬ, ਜਸਵਿੰਦਰ ਸਿੰਘ ਢਿੱਲੋਂ ਪ੍ਰਧਾਨ ਪੰਜਾਬੀ ਸਾਹਿਤ ਸਭਾ ਤਰਨ ਤਾਰਨ, ਪੱਤਰਕਾਰ ਹਰਜਿੰਦਰ ਸਿੰਘ ਲਾਲਾਂ, ਪੱਤਰਕਾਰ ਕਿਰਪਾਲ ਸਿੰਘ ਸੋਹਲ, ਰੌਬਿਨ ਸਿੰਘ ਸੋਨੀ ਝਬਾਲ, ਸੁਲੱਖਣ ਸਿੰਘ ਭੁਜਰਾਂ ਵਾਲਾ, ਮਖਤੂਲ ਸਿੰਘ ਲੀਡਰ, ਕੈਪਟਨ ਸਿੰਘ ਬਘਿਆੜੀ, ਸਰਪੰਚ ਹੀਰਾ ਸਿੰਘ, ਸਤਵਿੰਦਰ ਸਿੰਘ ਉੱਠੀ, ਸਵਿੰਦਰ ਸਿੰਘ ਲਾਹੌਰੀਆ, ਮਹਿਲਾ ਵਿੰਗ ਦੇ ਪ੍ਰਧਾਨ ਮੈਡਮ ਸੁਖਵੰਤ ਕੌਰ ਵੱਸੀ ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆ, ਸੁਖਵੰਤ ਚੇਤਨਪੁਰੀ, ਗੁਰਪ੍ਰੀਤ ਸਿੰਘ ਕੰਦਗਿੱਲ, ਪਰਮਿੰਦਰ ਸਿੰਘ ਜੋਸਨ, ਸਕੱਤਰ ਸਿੰਘ ਪੁਰੇਵਾਲ, ਸਰਪੰਚ ਹੀਰਾ ਸਿੰਘ ਬਘਿਆੜੀ, ਸਰਪੰਚ ਜਸਬੀਰ ਸਿੰਘ ਸਵਰਗਾਪੁਰੀ, ਡਾ ਫੁਲਵਿੰਦਰ ਸਿੰਘ ਟਿੱਪਾ, ਸਰਪੰਚ ਪ੍ਰਮਜੀਤ ਸਿੰਘ ਬਘਿਆੜੀ, ਡਾ. ਹਰਪਾਲ ਸਿੰਘ ਬਿੱਟਾ, ਕਵੀ ਅਜੈਬ ਸਿੰਘ ਬੋਦੇਵਾਲ, ਤਰਨ ਤਾਰਨ ਤੋਂ ਪੱਤਰਕਾਰ ਹਰਿੰਦਰ ਸਿੰਘ, ਪ੍ਰਮਜੀਤ ਜੋਸ਼ੀ, ਬਾਊ ਦੋਧੀ, ਸਾਬਕਾ ਐਮਐਲਏ ਹਰਮੀਤ ਸਿੰਘ ਸੰਧੂ, ਪ੍ਰਧਾਨ ਗੁਰਦਰਸ਼ਨ ਸਿੰਘ ਬਘਿਆੜੀ, ਬਲਵਿੰਦਰ ਸਿੰਘ ਗੰਨ ਹਾਊਸ ਵਾਲੇ ਤੇ ਅੰਮ੍ਰਿਤਸਰ ਦੇ ਭਾਈਚਾਰੇ ਵੱਲੋਂ ਗੁਰਜਿੰਦਰ ਸਿੰਘ ਬਘਿਆੜੀ ਸ਼ਾਮਲ ਸਨ। ਗੁਰਜਿੰਦਰ ਸਿੰਘ ਬਘਿਆੜੀ ਨੇ ਦੱਸਿਆ ਕਿ ਪ੍ਰਾਣੀ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 23 ਅਪ੍ਰੈਲ ਦਿਨ ਐਤਵਾਰ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਨਜ਼ਦੀਕ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਜਾਣਗੇ ਅਤੇ ਸ਼ਰਧਾਂਜਲੀ ਸਮਾਗਮ ਵੀ ਹੋਵੇਗਾ।

## ਦਾਜ ਦੀ ਮੰਗ ਕਰਨ ਵਾਲੇ ਪਤੀ, ਸਹੁਰਾ ਤੇ ਸੱਸ ਵਿਰੁੱਧ ਕੇਸ ਦਰਜ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਦਹੇਜ ਦੀ ਮੰਗ ਕਰਨ ਵਾਲੇ ਪਤੀ, ਸਹੁਰਾ ਅਤੇ ਸੱਸ ਵਿਰੁੱਧ ਥਾਣਾ ਧਾਰੀਵਾਲ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਪੀੜਤ ਸੋਨੀਆਂ ਬਾਲੀ ਪੁੱਤਰੀ ਲੇਟ ਇਕਬਾਲ ਮਸੀਹ ਵਾਸੀ ਜਫਰਵਾਲ ਨੇ ਲਿਖਤੀ ਬਿਨੈ ਪੱਤਰ ਰਾਹੀਂ ਇਨਸਾਫ ਦੀ ਮੰਗ ਕਰਦਿਆਂ ਉੱਚ ਪੁਲਸ ਅਧਿਕਾਰੀਆਂ ਦੱਸਿਆ ਕਿ ਉਸਦੀ ਸ਼ਾਦੀ 29.01.2021 ਨੂੰ ਸਾਈਮਨ ਮੱਲ ਪੁੱਤਰ ਐਲਫਰੈਡ ਮੱਲ ਵਾਸੀ ਗੋਵਿੰਦ ਨਗਰ, ਨਵਾਂ ਗਾਉਂ ਐਸਏਐਸ ਨਗਰ ਮੋਹਾਲੀ ਨਾਲ ਹੋਈ ਸੀ।

ਵਿਆਹ ਤੋਂ ਬਾਅਦ ਉਸਦਾ ਪਤੀ ਸਾਈਮਨ ਮੱਲ, ਸਹੁਰਾ ਐਲਫਰੈਡ ਮੱਲ ਅਤੇ ਸੱਸ ਰੀਟਾ ਉਸਨੂੰ ਦਾਜ ਦੀ ਖਾਤਰ ਤਾਹਨੇ ਮਿਹਣੇ ਮਾਰਦੇ ਅਤੇ ਦਾਜ ਦੀ ਮੰਗ ਕਰਦੇ ਸਨ। ਉਨ੍ਹਾਂ ਨੇ 31.12.2021 ਨੂੰ ਉਸ (ਸੋਨੀਆ ਬਾਲੀ) ਦੀ ਮਾਰ ਕੁਟਾਈ ਕਰਕੇ ਉਸਨੂੰ ਘਰੋਂ ਕੱਢ ਦਿੱਤਾ। ਇਸ ਮਾਮਲੇ ਦੀ ਇਨਕੁਆਰੀ ਉਪ ਕਪਤਾਨ ਪੁਲਸ ਕ੍ਰਾਈਮ ਵਿਰੁੱਧ ਔਰਤਾਂ ਅਤੇ ਬੱਚਿਆਂ ਗੁਰਦਾਸਪੁਰ ਦੁਆਰਾ ਕਰਨ ਦੇ ਬਾਅਦ ਥਾਣਾ ਧਾਰੀਵਾਲ ਵਿੱਚ ਏਐੱਸਆਈ ਜਗਦੀਸ਼ ਸਿੰਘ ਨੇ ਸੋਨੀਆ ਬਾਲੀ ਦੇ ਬਿਆਨਾਂ ਤੇ ਉਸਦੇ ਪਤੀ ਸਾਈਮਨ ਮੱਲ, ਸਹੁਰਾ ਐਲਫਰੈਡ ਮੱਲ ਅਤੇ ਸੱਸ ਰੀਟਾ ਫਲੋਰੈਂਸ ਵਿਰੁੱਧ ਧਾਰਾ 498-ਏ, 120-ਬੀ ਤਹਿਤ ਕੇਸ ਦਰਜ ਕੀਤਾ ਹੈ।

# ਸੜਕ ਹਾਦਸੇ 'ਚ 3 ਨੌਜਵਾਨਾਂ ਦੀ ਮੌਤ, ਇਲਾਕੇ 'ਚ ਸੋਗ ਦੀ ਲਹਿਰ



ਚੋਹਲਾ ਸਾਹਿਬ/ਸਰਹਾਲੀ ਕਲਾਂ (ਰਮਨ ਚੱਢਾ/ਹਰਪ੍ਰੀਤ ਸਿੰਘ ਚੱਬਾ)—ਬੀਤੀ ਰਾਤ ਤਕਰੀਬਨ ਸਾਢੇ ਦਸ ਵਜੇ ਕਸਬਾ ਸਰਹਾਲੀ ਤੋਂ ਚੋਹਲਾ ਸਾਹਿਬ ਆਉਂਦਿਆਂ ਕਾਰ ਦੇ ਅਚਾਨਕ ਬੇਕਾਬੂ ਹੋ ਜਾਣ ਕਾਰਨ ਕਸਬਾ ਚੋਹਲਾ ਸਾਹਿਬ ਦੇ ਦੋ ਨੌਜਵਾਨਾਂ ਅਤੇ ਇੱਥੋਂ ਨਜ਼ਦੀਕੀ ਪਿੰਡ ਰੱਤੋ ਕੇ ਦੇ ਇੱਕ ਨੌਜਵਾਨ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਹੈ। ਜਾਣਕਾਰੀ ਮੁਤਾਬਿਕ ਚੋਲਾ ਸਾਹਿਬ ਦੇ ਦੋ ਨੌਜਵਾਨ ਅੰਕੁਸ਼ ਨਈਅਰ ਪੁੱਤਰ ਰਮੇਸ਼ ਕੁਮਾਰ ਅਤੇ ਜਤਿਨ ਨਈਅਰ ਤੇ ਪਵਨ ਕੁਮਾਰ ਜੋ ਦੋਵੇਂ ਰਿਸ਼ਤੇ ਵਿੱਚ ਮਾਸੀ ਦੇ ਪੁੱਤ ਭਰਾ ਸਨ, ਬੀਤੀ ਰਾਤ ਉਹ ਇੱਥੋਂ ਨਜ਼ਦੀਕੀ ਕਸਬਾ ਸਰਹਾਲੀ ਦੇ ਇੱਕ ਢਾਬੇ ਤੋਂ ਰਾਤ ਦਾ ਖਾਣਾ ਖਾ ਕੇ ਵਾਪਸ ਪਰਤ ਰਹੇ ਸਨ ਕਿ ਪਿੰਡ ਬਿੱਲਿਆਂ ਵਾਲਾ ਦੇ ਨਜ਼ਦੀਕ ਉਨ੍ਹਾਂ ਦੀ ਕਾਰ ਬੇਕਾਬੂ ਹੋ ਗਈ ਤੇ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਚੋਲਾ ਸਾਹਿਬ ਦੇ ਉਕਤ ਦੋਵੇਂ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਤੀਸਰਾ ਨੌਜਵਾਨ ਨਿਸ਼ਾਨ ਸਿੰਘ ਪੁੱਤਰ ਸਵਰਨ ਸਿੰਘ, ਢਾਬੇ ਤੋਂ ਇਨ੍ਹਾਂ ਨੌਜਵਾਨਾਂ ਤੋਂ ਲਿਫਟ ਲੈ ਕੇ ਇਨ੍ਹਾਂ ਦੀ ਕਾਰ ਵਿਚ ਬੈਠ ਕੇ ਆਪਣੇ ਪਿੰਡ ਰੱਤੋ ਕੇ ਜਾ ਰਿਹਾ ਸੀ, ਵੀ ਚਲ ਵਸਿਆ।

## ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲ ਕਰਾਉਣ ਦਾ ਹੋਕਾ ਦੇਣ ਲਈ ਵਾਹਨ ਰਵਾਨਾ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਸੂਬੇ ਦੇ ਸਰਕਾਰੀ ਸਕੂਲਾਂ ਅੰਦਰ ਮੁਫਤ ਮਿਆਰੀ, ਕਿੱਤਾਮੁਖੀ ਅਤੇ ਖੇਡਾਂ ਨਾਲ ਸਬੰਧਿਤ ਦਿੱਤੀ ਜਾ ਰਹੀ ਸਿੱਖਿਆ ਦਾ ਘਰ-ਗਰ ਅਤੇ ਪਿੰਡ-ਪਿੰਡ ਪ੍ਰਚਾਰ ਕਰਨ ਲਈ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅਜਨਾਲਾ ਸ਼ਹਿਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਲੜਕੇ ਵਿਖੇ ਹੋਏ ਸੰਖੇਪ ਸਮਾਰੋਹ ਦੌਰਾਨ ਬਲਾਕ ਨੋਡਲ ਅਫਸਰ ਅਜਨਾਲਾ 2 ਕਮ-ਪ੍ਰਿੰਸੀਪਲ ਰੁਪਿੰਦਰ ਰੰਧਾਵਾ ਅਤੇ ਬਲਾਕ ਨੋਡਲ ਅਫਸਰ ਅਜਨਾਲਾ 1 ਸੁਖਦੇਵ ਸਿੰਘ ਅਠਵਾਲ ਨੇ ਸਾਂਝੇ ਤੌਰ ਤੇ ਝੰਡੀ ਦਿਖਾ ਕੇ ਈ-ਰਿਕਸ਼ਾ ਨੂੰ ਬਲਾਕ ਅਜਨਾਲਾ ਅਧੀਨ ਆਉਂਦੇ ਪਿੰਡਾਂ ਵਿੱਚ ਪ੍ਰਚਾਰ ਕਰਨ ਲਈ ਰਵਾਨਾਂ ਕੀਤਾ। ਇਸ ਮੌਕੇ ਮੈਡਮ ਰੁਪਿੰਦਰ ਰੰਧਾਵਾ ਨੇ ਕਿਹਾ ਕਿ ਹਰੇਕ ਪਰਿਵਾਰ ਨੂੰ ਆਪਣੇ ਬੱਚਿਆਂ ਦਾ ਦਾਖਲਾ ਸਰਕਾਰੀ ਸਕੂਲਾਂ ਅੰਦਰ ਹੀ ਕਰਾਉਣਾਂ ਚਾਹੀਦਾ ਹੈ ਤਾਂ ਜੋ ਮਾਪੇ ਨਿੱਜੀ ਸਕੂਲਾਂ ਅੰਦਰ ਮਹਿੰਗੇ ਖਰਚਿਆਂ ਤੋਂ ਬਚ ਸਕਣ। ਉਨ੍ਹਾਂ ਦੱਸਿਆ ਕਿ ਮਿਹਨਤੀ ਅਤੇ ਤਜਰਬੇਕਾਰ ਅਧਿਆਪਕਾਂ ਦੁਆਰਾ ਸਿੱਖਿਆ ਦੇਣ ਦੇ ਨਾਲ-ਨਾਲ ਬੱਚਿਆਂ ਨੂੰ ਖੇਡਾਂ ਅਤੇ ਕਿੱਤਾਮੁਖੀ ਪੜ੍ਹਾਈ ਵੀ ਕੀਤੀ ਜਾਂਦੀ ਹੈ।

ਇਸ ਮੌਕੇ ਉਨ੍ਹਾਂ ਅਜਨਾਲਾ ਤੋਂ ਰਮਦਾਸ, ਚੱਕ-ਸਿਕੰਦਰ, ਕਾਮਲਪੁਰਾ, ਬਾਠ, ਭਲਾਪਿੰਡ, ਰੋਖੇ ਆਦਿ ਲਈ ਪ੍ਰਚਾਰ ਕਰਨ ਵਾਸਤੇ ਈ- ਰਿਕਸ਼ਾ ਰਵਾਨਾਂ ਕੀਤੇ ਗਏ। ਇਸ ਸਮੇਂ ਪ੍ਰਿੰ. ਸੁਖਦੇਵ ਕੁਮਾਰ ਬੱਲੜਵਾਲ, ਪ੍ਰਿੰ. ਮੋਨਿਕਾ ਮਹਾਜਨ, ਕੀਮਤੀ ਲਾਲ ਗੁਰਾਲਾ, ਪ੍ਰਭਜੋਤ ਸਿੰਘ ਲੱਖੂਵਾਲ, ਬਲਜਿੰਦਰ ਸਿੰਘ ਦਹੂਰੀਆਂ, ਪੰਕਜ ਸਿੰਘ ਲੱਖੂਵਾਲ, ਪਰਮਜੀਤ ਸਿੰਘ ਸੰਧੂ ਆਦਿ ਹਾਜ਼ਰ ਸਨ।

# ਪੁਲਸ ਮੁਸਤੈਦੀ ਦੀ ਨਿਕਲੀ ਫੂਕ, ਨਾਕੇ 'ਤੇ ਤਾਇਨਾਤ 19 ਕਰਮਚਾਰੀਆਂ 'ਚੋਂ 8 ਗਾਇਬ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਰਾਜ ਭਰ ਦੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਜਿਥੇ ਸੂਬੇ ਭਰ ਵਿੱਚ ਅਲਰਟ ਜਾਰੀ ਰੱਖਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਉਥੇ ਹੀ ਸਰਹੱਦੀ ਜ਼ਿਲ੍ਹਿਆਂ ਤਰਨਤਾਰਨ, ਅੰਮ੍ਰਿਤਸਰ ਤੇ ਫਿਰੋਜ਼ਪੁਰ ਨੂੰ ਸੰਵੇਦਨਸ਼ੀਲ ਐਲਾਨਦਿਆਂ ਪੁਲਸ ਫੋਰਸ ਦੀ ਮੁ,ਤੈਦੀ ਵਧਾ ਕੇ ਰਾਹਗੀਰਾਂ ਦੇ ਵਾਹਨ ਦੀ ਬਾਰੀਕੀ ਨਾਲ ਜਾਂਚ ਬਾਦਸਤੂਰ ਰੱਖਣ ਦੀ ਗੱਲ ਵੀ ਕਹੀ ਜਾ ਰਹੀ ਹੈ ਪਰ ਅਫਸੋਸ ਆਪਣੀ ਸਿਆਸੀ ਪਹੁੰਚ ਦੇ ਚਲਦਿਆਂ ਕਈ ਕਰਮਚਾਰੀ ਅੱਜ ਵੀ ਉੱਚ ਅਧਿਕਾਰੀਆਂ ਹੁਕਮਾਂ ਦੀ ਪ੍ਰਵਾਹ ਨਹੀਂ ਕਰਦੇ। ਗੱਲ ਕਰੀਏ ਹਰੀਕੇ ਪੱਤਣ ਥਾਣੇ ਅਧੀਨ ਲੱਗਦੇ ਨਾਕਿਆਂ ਦੀ ਜਿਥੇ ਪਹਿਲਾਂ ਦੀ ਲਾਪ੍ਰਵਾਹੀ ਦੀ ਗਾਜ ਥਾਣਾ ਮੁਖੀ ਦੇ ਡਿੱਗ ਚੁੱਕੀ ਹੈ ਉਥੇ ਹੀ 19 ਕਰਮਚਾਰੀਆਂ ਵਿੱਚੋਂ 50 ਫੀਸਦੀ ਦਾ ਹਰ ਰੋਜ਼ ਨਾਕੇ ਤੋਂ ਗਾਇਬ ਅਫਸਰ ਜਮਾਤ ਦੇ ਹੁਕਮਾਂ ਦੀ ਧੱਜੀਆਂ ਉਡਾ ਰਿਹਾ ਹੈ। ਹੈਰਾਨੀ ਦਾ ਗੱਲ ਤਾਂ ਇਹ ਹੈ ਕਿ ਨਾਕਾ ਲਿਸਟ 'ਚ ਇਕ ਮਹਿਲਾ ਕਰਮਚਾਰੀ ਨੇ ਕਦੇ ਨਾਕਾ ਡਿਊਟੀ ਕੀਤੀ ਹੀ ਨਹੀਂ। ਹਰ ਰੋਜ਼ ਨਾਕਿਆਂ ਤੇ ਚੈਕਿੰਗ ਤੇ ਆਉਣ ਵਾਲੇ ਜੀਓ ਰੈਂਕ ਦੇ ਅਧਿਕਾਰੀ ਹੀ ਇਨ੍ਹਾਂ ਦੀ ਪਹੁੰਚ ਸਾਹਮਣੇ ਪੂਰਨ ਤੌਰ ਤੇ ਬੇਵੱਸ ਨਜ਼ਰ ਆ ਰਹੇ ਹਨ। ਜ਼ਿਲ੍ਹਾ ਪੁਲਿਸ ਦੇ ਹੁਕਮਾਂ ਤੇ ਬਤੌਰ ਥਾਣਾ ਮੁਖੀ ਕੰਮ ਕਰਨ ਵਾਲੀ ਬੇਬਾਕ ਮਹਿਲਾ ਸਬ ਇੰਸਪੈਕਟਰ ਜਿਥੇ ਪੱਕੇ ਤੌਰ ਤੇ ਥਾਣਾ ਮੁਖੀ ਦੀ ਕੁਰਸੀ ਦੀ ਚਾਹਵਾਨ ਦਿਖਾਈ ਦੇ ਰਹੀ ਹੈ ਉਥੇ ਹੀ ਉਸਦੇ ਖੇਤਰ ਵਿੱਚ ਕਰਮਚਾਰੀਆਂ ਵੱਲੋ ਕੀਤੀ ਜਾ ਰਹੀ ਕਥਿੱਤ ਹੁਕਮ ਅਦੂਲੀ ਕਈ ਸਵਾਲ ਖੜ੍ਹੇ ਕਰਦੀ ਹੈ। ਜ਼ਿਕਰਯੋਗ ਹੈ ਕਿ ਨਾਕਾ ਮੁਲਾਜ਼ਮਾਂ ਦੀ ਡਿਊਟੀ ਸਵੇਰੇ ਅੱਠ ਵਜੇ ਤੋਂ ਸ਼ਾਮ ਰਾਤ ਅੱਠ ਵਜੇ ਤੱਕ ਪਰ ਇੱਕ ਗੈਰਹਾਜ਼ਰ ਮਹਿਲਾ ਕਾਂਸਟੇਬਲ ਦੁਪਹਿਰੇ 3:26 ਮਿੰਟਾਂ ਤੇ ਡਿਊਟੀ ਤੇ ਹਾਜ਼ਰ ਆਈ। ਇਸ ਸਬੰਧੀ ਥਾਣਾ ਮੁਖੀ ਸਬ ਇੰਸਪੈਕਟਰ ਸੁਨੀਤਾ ਰਾਣੀ ਨਾਲ ਗੱਲ ਕੀਤੀ ਉਨਾਂ ਕਿਹਾ ਕਿ ਨਾਕਿਆਂ ਤੇ ਲੱਗੀ ਫੋਰਸ ਨੂੰ ਜਦੋਂ ਬਾਹਰੋਂ ਆਈ ਫੋਰਸ ਨਾਲ ਭੇਜਣਾ ਪੈਂਦਾ ਹੈ। ਇਸ ਲਈ ਨਾਕੇ ਖਾਲੀ ਵਰਗੇ ਦਿਖਾਈ ਦਿੰਦੇ ਹਨ। ਉਧਰ ਨਾਕਿਆਂ ਦੇ ਨਿਗਰਾਨ ਡੀਐਸਪੀ ਹਰਮਿੰਦਰ ਸਿੰਘ ਸੰਧੂ ਦਾ ਕਹਿਣਾ ਹੈ ਕਿ ਉਹ ਖੁਦ ਚੈਕਿੰਗ ਕਰਨਗੇ ਇਸ ਤੋਂ ਬਾਅਦ ਕੁਝ ਸੰਭਵ ਹੋਵੇਗਾ।

# ਅਮਿੱਟ ਯਾਦਾਂ ਛੱਡ ਗਿਆ ਪਿੰਡ ਲੇਹਲ ਦਾ ਦੋ ਰੋਜ਼ਾ ਸੱਭਿਆਚਾਰਕ ਤੇ ਖੇਡ ਮੇਲਾ

## ਪ੍ਰਸਿੱਧ ਪੰਜਾਬੀ ਗਾਇਕ ਹਰਭਜਨ ਮਾਨ ਅਤੇ ਗਾਇਕ ਜੀ ਖਾਨ ਨੇ ਦਰਸ਼ਕ ਕੀਲੇ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੱਦੀ ਲੇਹਲ ਯੂਥ ਸਪੋਰਟਸ ਕਲੱਬ ਟ੍ਰਿਬਿਊਟ ਟੂ ਸ਼ਹੀਦ ਭਗਤ ਸਿੰਘ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਵਿਸਾਖੀ ਦਿਵਸ ਨੂੰ ਸਮਰਪਿਤ ਪਿੰਡ ਲੇਹਲ 'ਚ ਧਾਰਮਿਕ ਸਥਾਨ ਗੱਦੀ ਬਾਬਾ ਕਮਲ ਦਾਸ ਜੀ ਵਿਖੇ ਸਾਲਾਨਾ 11ਵਾਂ ਦੋ ਰੋਜ਼ਾ ਸੱਭਿਆਚਾਰਕ ਅਤੇ ਖੇਡ ਮੇਲਾ ਕਰਵਾਇਆ। ਮੇਲੇ ਦਾ ਉਦਘਾਟਨ ਮਹੰਤ ਬਾਬਾ ਜਾਨਕੀ ਦਾਸ ਜੀ ਗੱਦੀ ਨਸ਼ੀਨ ਲੇਹਲ ਦੁਆਰਾ ਕੀਤਾ। ਸੱਭਿਆਚਾਰਕ ਪ੍ਰੋਗਰਾਮ ਵਿੱਚ ਪਹਿਲੇ ਦਿਨ ਪ੍ਰਸਿੱਧ ਗਾਇਕ ਜੀ ਖਾਨ ਨੇ ਸਰੋਤਿਆਂ ਦਾ ਮਨੋਰੰਜਨ ਕੀਤਾ ਅਤੇ ਦੂਸਰੇ ਦਿਨ ਪ੍ਰਸਿੱਧ ਗਾਇਕ ਹਰਭਜਨ ਮਾਨ ਨੇ ਆਪਣੇ ਚਰਚਿੱਤ ਗੀਤਾਂ ਦੁਆਰਾ ਦਰਸ਼ਕਾਂ ਨੂੰ ਲੰਮਾ ਸਮਾਂ ਕੀਲੀ ਰੱਖਿਆ। ਕਬੱਡੀ ਖੇਡ ਮੁਕਾਬਲਿਆਂ 'ਚ ਪਹਿਲੇ ਦਿਨ ਕੁੱਲ ਚਾਰ ਟੀਮਾਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਸੰਤ ਬਾਬਾ ਹਜ਼ਾਰਾ ਸਿੰਘ ਕਬੱਡੀ ਕਲੱਬ ਨੜਾਂਵਾਲੀ ਦੀ ਟੀਮ ਅਤੇ ਖਾਲਸਾ ਕਬੱਡੀ ਕਲੱਬ ਖੋਖਰ ਫੌਜੀਆਂ ਦੀ ਟੀਮ ਫਾਈਨਲ ਵਿੱਚ ਪ੍ਰਵੇਸ਼ ਕੀਤੀਆਂ। ਅਗਲੇ ਦਿਨ ਕਰਵਾਏ ਫਾਈਨਲ ਮੁਕਾਬਲੇ 'ਚ ਖੋਖਰ ਫੌਜੀਆਂ ਕਬੱਡੀ ਦੀ ਟੀਮ ਨੇ 7 ਅੰਕਾਂ ਦੇ ਫਰਕ ਨਾਲ ਸੰਤ ਬਾਬਾ ਹਜ਼ਾਰਾ ਸਿੰਘ ਕਬੱਡੀ ਕਲੱਬ ਨੜਾਂਵਾਲੀ ਦੀ ਟੀਮ ਹਰਾ ਕੇ ਜਿੱਤ ਹਾਸਲ ਕੀਤੀ। ਮੇਲੇ ਦੇ ਦੂਸਰੇ ਦਿਨ ਕਬੱਡੀ ਟੂਰਨਾਮੈਂਟ ਦੌਰਾਨ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਬਤੌਰ ਮੁੱਖ ਮਹਿਮਾਨ ਸਾਮਲ ਹੋਏ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਅਜਿਹੇ ਸੱਭਿਆਚਾਰਕ ਤੇ ਖੇਡ ਮੇਲੇ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ। ਇਸ ਉਪਰਾਲੇ ਲਈ ਕਲੱਬ ਦੇ ਪ੍ਰਧਾਨ ਗਗਨਦੀਪ ਸਿੰਘ ਸਮੁੱਚੀ ਟੀਮ ਸਮੇਤ ਵਧਾਈ ਦੇ ਪਾਤਰ ਹਨ। ਬਜ਼ੁਰਗਾਂ ਦਾ ਕਬੱਡੀ ਮੁਕਾਬਲਾ ਪਿੰਡ ਲੇਹਲ ਅਤੇ ਸਲਾਹਪੁਰ ਦੀਆਂ ਕਬੱਡੀ ਟੀਮਾਂ ਵਿਚਾਲੇ ਹੋਇਆ। ਇਸ ਫਸਵੇਂ ਮੁਕਾਬਲੇ ਵਿੱਚ ਬਜ਼ੁਰਗਾਂ ਦੀ ਲੇਹਲ ਟੀਮ 3 ਅੰਕਾਂ ਜੇਤੂ ਰਹੀ। ਲੜਕੀਆਂ ਦੇ ਕਬੱਡੀ ਸ਼ੋਅ ਮੈਚ ਵਿੱਚ ਗੁਰਦਾਸਪੁਰ ਦੀ ਟੀਮ 3 ਅੰਕਾਂ ਦੇ ਫਰਕ ਨਾਲ ਜਲੰਧਰ ਟੀਮ ਨੂੰ ਹਰਾ ਕੇ ਜਿੱਤ ਹਾਸਲ ਕੀਤੀ। ਲੜਕਿਆਂ ਦਾ ਕਬੱਡੀ ਸ਼ੋਅ ਮੈਚ ਵਿੱਚ ਖਾਲਸਾ ਮਾਝਾ ਕਲੱਬ ਜਲੰਧਰ ਅਤੇ ਐਨ ਆਰ ਆਈ ਕਬੱਡੀ ਕਲੱਬ ਨਕੋਦਰ ਦੀਆਂ ਟੀਮਾਂ ਦਰਮਿਆਨ ਹੋਇਆ।



ਇਸ ਫਸਵੇਂ ਮੁਕਾਬਲੇ ਵਿੱਚ ਬੜੀ ਜਦੋ ਜਹਿਦ ਦੇ ਬਾਅਦ ਖਾਲਸਾ ਮਾਝਾ ਕਲੱਬ ਜਲੰਧਰ ਦੀ ਟੀਮ 4 ਅੰਕਾਂ ਦੇ ਫਰਕ ਨਾਲ ਜਿੱਤ ਦੀ ਝੰਡੀ ਰਹੀ। ਇਸ ਮੌਕੇ ਹੋਰ ਵੀ ਪੇਂਡੂ ਰਵਾਇਤੀ ਖੇਡਾਂ ਕਰਵਾਈਆਂ ਗਈਆਂ। ਜੇਤੂ ਖਿਡਾਰੀਆਂ ਨੂੰ ਪ੍ਰਬੰਧਕਾਂ ਵਲੋਂ ਨਗਦ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਹੰਤ ਬਾਬਾ ਜਾਨਕੀ ਦਾਸ, ਕਲੱਬ ਪ੍ਰਧਾਨ ਗਗਨਦੀਪ ਸਿੰਘ ਲੇਹਲ ਸਮੇਤ ਸਮੂਹ ਕਲੱਬ ਮੈਂਬਰਾਂ ਤੋਂ ਇਲਾਵਾ ਕਬੱਡੀ ਕੋਚ ਮਨਜੀਤ ਸਿੰਘ ਖੋਖਰ ਫੌਜੀਆਂ, ਕੋਚ ਮੰਨਾ ਨਕੋਦਰ, ਡਾ. ਜਸਵੰਤ ਸਿੰਘ ਜਫਰਵਾਲ ਆਦਿ ਸਮੇਤ ਇਲਾਕੇ ਭਰ ਤੋਂ ਲੋਕ ਹਾਜ਼ਰ ਸਨ।

